ਮਾਸਿਕ ਪੱਤਰ
ੴ
ਵਾਹਿਗੁਰੂ ਜੀ ਕੀ ਫ਼ਤਹ॥
# ਸੂਰਾ
ਲੁਧਿਆਣਾ

MONTHLY **SURA** LUDHIANA

## ਗੁਰੂ ਹਰਗੋਬਿੰਦ ਆਂ ਸਰਾ ਪਾ ਕਰਮ॥
## ਕਿ ਮਕਬੂਲ ਸ਼ੁਦ ਜ਼ੋ ਸ਼ਕੀ ਵਦਯੱਮ॥੯੧॥

(ਭਾਈ ਨੰਦ ਲਾਲ ਜੀ)

ਗੁਰੂ ਹਰਿਗੋਬਿੰਦ ਸਿਰ ਤੋਂ ਪੈਰਾਂ ਤੱਕ ਬਖਸ਼ਿੰਦ ਹਨ। ਵੱਡੇ-ਵੱਡੇ ਪਾਪੀ ਅਤੇ ਦੁਖੀ ਉਹਨਾਂ ਦੀ ਮਿਹਰ ਨਾਲ ਵਾਹਿਗੁਰੂ ਦੇ ਦਰ ਪ੍ਰਵਾਨ ਹੋ ਗਏ।

JUNE 98

ਜੂਨ ੯੮

www.AKJ.Org

# ਗੁਰਸਿਖ ਮੀਤ ਚਲਹੁ ਗੁਰ ਚਾਲੀ

## ਤਤਕਰਾ


| | | | |
|---|---|---|---|
| ੧.ਗੁਰ ਪਰਸਾਦੀ ਹਰਿ ਰਸੁ ਪਾਇਆ | ੧ | ੯.1999 ਦੀ ਵਿਸਾਖੀ ਦੇ ਸਬੰਧ ਵਿਚ | ੨੧ |
| ੨.ਮਨ ਦੇ ਤ੍ਰੰਗ | ੨. | ੧੦.ਗੁਰਬਾਣੀ ਵਿਚ ਸਾਧ, ਸੰਤ ਤੇ ਬ੍ਰਹਮਗਿਆਨੀ | ੨੪ |
| ੩.ਅਕਾਲ ਪੁਰਖ ਦੀ ਦਰਗਾਹ | ੩. | ੧੧.ਸੁਚੇਤ ਹੋਣ ਤੇ ਵਿਚਾਰਨ ਦੀ ਲੋੜ | ੨੫ |
| ੪.ਗੁਰੂ ਹਰਿਗੋਬਿੰਦ ਸਾਹਿਬ ਦਾ ਸੰਖੇਪ ਜੀਵਨ | ੭. | ੧੨.ਸਿੰਘ ਦੀ ਦਸਤਾਰ ਨੂੰ (ਕਵਿਤਾ) | ੨੬ |
| ੫.ਗੁਰੂ ਹਰਿਗੋਬਿੰਦ ਪਾਤਸ਼ਾਹ ਦਾ ਜੰਗੀ ਜੀਵਨ | ੯. | ੧੩.ਨਿੱਕੀਆਂ ਨਿੱਕੀਆ ਗੱਲਾਂ | ੨੮. |
| ੬.ਗੁਰੂ ਹਰਿਗੋਬਿੰਦ ਸਾਹਿਬ ਨੂੰ (ਕਵਿਤਾ) | ੧੦ | ੧੪.ਅਰਦਾਸ | ੩੨ |
| ੭.ਗੁਰੂ ਹਰਿਗੋਬਿੰਦ ਪਾਤਸ਼ਾਹ ਦੀਆਂ ਬਖਸ਼ਿਸ਼ਾਂ | ੧੧. | ੧੫.ਅਪਨਾ ਬਨਾ ਲੈ ਦਾਤਿਆ (ਕਵਿਤਾ) | ੩੭ |
| ੮.ਮੀਰੀ ਪੀਰੀ ਦੀਆਂ ਤਲਵਾਰਾਂ ਦਾ ਰਾਜ਼ | ੧੩. | ੧੬.ਕਰਮ ਫਿਲਾਸਫ਼ੀ | ੩੮ |


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

ਪਾ: ੬ ਅਵਤਾਰ ਧਾਰਿਆ- ੧੧ ਜੂਨ

## ਸੂਰਾ ਦੇ ਚੰਦੇ ਤੇ ਬਕਾਏ ਜਮ੍ਹਾਂ ਕਰਵਾ ਕੇ ਰਸੀਦ ਲਵੋ ਜੀ

੧. ਲੁਧਿਆਣਾ - ਸਬ ਆਫ਼ਿਸ "ਸੂਰਾ"- ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ਲੁਧਿਆਣਾ।
੨. ਜਲੰਧਰ - ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ।
੩. ਹੁਸ਼ਿਆਰਪੁਰ - ਭਾਈ ਹਰਿਮੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਿਮੰਦਰ ਸਿੰਘ, ਬੈਂਕ ਬਾਜ਼ਾਰ।
੪. ਪਟਿਆਲਾ - ਭਾਈ ਆਸਾ ਸਿੰਘ ਐਡ ਸੰਨਜ਼, ਨੇੜੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ।
੫. ਚੰਡੀਗੜ੍ਹ ਤੇ ਮੋਹਾਲੀ - ਭਾਈ ਝੌਜਿੰਦਰ ਸਿੰਘ ਜੀ, ੫੩੩/੩ -ਏ ਫ਼ੇਜ਼ ਐਸ. ਏ. ਐਸ. ਨਗਰ, ਮੋਹਾਲੀ।
੬. ਕਪੂਰਥਲਾ - ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।
੭. ਸਾਰੇ ਸਮਾਗਮਾਂ ਸਮੇ - ਭਾਈ ਬਲਵੰਤ ਸਿੰਘ ਖ਼ਾਲਸਾ, ਗਲੀ ਨੰ: ੨, ਕਾਸ਼ੀ ਨਗਰ, ਫਿਰੋਜ਼ਪੁਰ ਸ਼ਹਿਰ।
੮. ਬਠਿੰਡਾ - ਭਾਈ ਗੋਬਿੰਦ ਸਿੰਘ ਜੀ, ਮਕਾਨ ਨੰ: ੭੮੧੯, ਨੇੜੇ ਡੰਗਰਾਂ ਦਾ ਹਸਪਤਾਲ। ਫੋਨ: ੨੧੭੭੪੩
੯. ਮੋਗਾ - ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ ਜੀ. ਟੀ. ਰੋਡ ਫੋਨ: ੨੪੩੪੯, ੨੧੬੮੧
੧੦. ਅੰਮ੍ਰਿਤਸਰ - ਸਿੰਘ ਬ੍ਰਦਰਜ਼ ਬਾਜ਼ਾਰ ਮਾਈ ਸੇਵਾ (ਘੰਟਾ ਘਰ ਦੇ ਸਾਹਮਣੇ) ਫੋਨ: ੫੪੫੭੮੭ ਘਰ: ੨੩੧੫੨੦
੧੧. ਯਮੁਨਾਨਗਰ - ਸ੍ਰ: ਪਰਮਜੀਤ ਸਿੰਘ, ਮਦਰਾਸ ਹੈਂਡਲੂਮ, ਤੱਤਖਾਲਸਾ ਭਵਨ, ਜਗਾਧਰੀ ਰੋਡ ਪਿੰਨ ਕੋਡ-੧੩੫੦੦੧ ਫੋਨ: ੨੬੨੧੭
੧੨. ਸੰਗਰੂਰ - ਭਾਈ ਤ੍ਰਿਲੋਚਨ ਸਿੰਘ ਜੀ, ਪਿੰਡ ਉਪੋਕੀ, ਡਾਕਖਾਨਾ ਮਲੇਰਕੋਟਲਾ।
੧੩. ਫਗਵਾੜਾ - ਮਾ: ਗੁਰਦਿਆਲ ਸਿੰਘ ਜੀ,ਵਿਸ਼ਵਕਰਮਾਂ ਕਲੋਨੀ (ਨੇੜੇ ਵਿਸ਼ਕਰਮਾਂ ਮੰਦਰ) ਬੰਗਾ ਰੋਡ।

ਸੂਚਨਾ - ਹਰ ਐਤਵਾਰ 'ਸੂਰਾਂ' ਦੇ ਚੰਦੇ ਸਿੱਖ ਮਿਸ਼ਨਰੀ ਕਾਲਜ ਦੇ ਸਟਾਲ, ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ।

## ਵਿਦੇਸ਼ਾਂ ਵਿੱਚ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਾਉਣ ਲਈ ਸੰਪਰਕ ਕਰੋ

੧. ਇੰਗਲੈਂਡ - ਭਾਈ ਹਰਦੀਪ ਸਿੰਘ 218 WEXHAM ROAD SLOUGH BERKS SL2 5JP TEL-01753-530624 Fax-01753-535803
੨. ਅਮਰੀਕਾ - ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ, ਫੋਨ : ੧੮੦੦੭੨੨੬੨੧੨
੩. ਕੈਨੇਡਾ - ਭਾਈ ਰਿਪੁਦਮਨ ਸਿੰਘ ਜੀ ਮਲਿਕ, ਫੋਨ : ੧੮੦੦੬੬੩੦੨੨੪.
੪. ਆਸਟਰੇਲੀਆ - ਭਾਈ ਪਰਸ਼ੋਤਮ ਸਿੰਘ ਜੀ, ਫੋਨ : ੦੦੬੧-੬੯੬੩੪੮੪੧
੫. ਨੀਊਜ਼ੀਲੈਂਡ - ਭਾਈ ਮਹਿੰਦਰ ਸਿੰਘ ਜੀ, ਫੋਨ : ੦੯੨੭੦੨੭੫੫.

## ਉਤਰ ਪ੍ਰਦੇਸ਼ ਵਿਚ ਸੂਰਾ ਦੇ ਸੇਵਾਦਾਰ

ਬਰੇਲੀ ਅਤੇ ਹੋਰ ਲਾਗੇ ਦੇ ਸ਼ਹਿਰਾਂ ਦੇ ਪਾਠਕ ਤੇ ਹੋਰ ਪ੍ਰੇਮੀ ਜਨ ਸੂਰਾ ਦੇ ਚੰਦੇ ਜਾਂ ਹੋਰ ਸਹਾਇਤਾ ਆਦਿ ਹੇਠ ਲਿਖੇ ਪਤੇ ਤੇ ਵੀ ਭੇਜ ਸਕਦੇ ਹਨ:-

ਭਾਈ ਸੁਰਿੰਦਰ ਸਿੰਘ ਜੀ, ਦਸਮੇਸ਼ ਬਿਸਕੁਟ ਬੇਕਰੀ ਕੋਹਾੜਾ ਪੀਰ ਬਰੇਲੀ ਯੂ: ਪੀ:-243003


ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।

ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ਼ ਇੰਡੀਆ, ਡੀ-੯੩, ਬਲਾਕ ੧੬ ਪਾਹਵਾ ਰੋਡ, ਲੁਧਿਆਣਾ। ਫੋਨ: 543591


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

ਜਿਲਦ ੩੨
ਜੂਨ ੧੯੯੮
ਅੰਕ ੬

# ਸੂਰਾ
SURA MONTHLY

ਅਖੰਡ ਕੀਰਤਨੀ ਜੱਥੇ ਵਲੋਂ
ਨਿਰੋਲ ਗੁਰਮਤਿ ਮਾਸਿਕ ਪੱਤਰ

ਸਾਲਾਨਾ-ਚੰਦਾ ਦੇਸ਼ : ੩੦.੦੦, ਵਿਦੇਸ਼ :ਸਮੁੰਦਰੀ ਡਾਕ......੧੦੦.੦੦, ਹਵਾਈ ਡਾਕ........੩੦੦.੦੦
ਅਮਾਨਤੀ ਲਾਈਫ ਮੈਂਬਰਸ਼ਿਪ ਦੇਸ਼ :੩੦੦.੦੦, ਵਿਦੇਸ਼ :ਸਮੁੰਦਰੀ ਡਾਕ...੧,੦੦੦.੦੦, ਹਵਾਈ ਡਾਕ.....੩,੦੦੦.੦੦
ਚੰਦਾ ਭੇਜਣ ਦਾ ਪਤਾ 'ਸੂਰਾ' ਮਾਸਿਕ ਪੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ – ੧੪੧੦੦੨ (ਇੱਕ ਕਾਪੀ .... ੩.੦੦)

## ਗੁਰ ਪਰਸਾਦੀ ਹਰਿ ਰਸੁ ਪਾਇਆ

ਜੋ ਤਿਨਿ ਕੀਆ ਸੋ ਸਚੁ ਥੀਆ॥ ਅੰਮ੍ਰਿਤ ਨਾਮੁ ਸਤਿਗੁਰਿ ਦੀਆ॥
ਹਿਰਦੈ ਨਾਮੁ ਨਾਹੀ ਮਨਿ ਭੰਗੁ॥ ਅਨਦਿਨੁ ਨਾਲਿ ਪਿਆਰੇ ਸੰਗੁ॥੧॥
ਹਰਿ ਜੀਉ ਰਾਖਹੁ ਅਪਨੀ ਸਰਣਾਈ॥ ਗੁਰ ਪਰਸਾਦੀ ਹਰਿ ਰਸੁ ਪਾਇਆ,
ਨਾਮੁ ਪਦਾਰਥੁ ਨਉ ਨਿਧਿ ਪਾਈ॥੧॥ਰਹਾਉ॥
ਕਰਮ ਧਰਮ ਸਚੁ ਸਾਚਾ ਨਾਉ॥ ਤਾ ਕੈ ਸਦ ਬਲਿਹਾਰੈ ਜਾਉ॥
ਜੋ ਹਰਿ ਰਾਤੇ ਸੇ ਜਨ ਪਰਵਾਣੁ॥ ਤਿਨ ਕੀ ਸੰਗਤਿ ਪਰਮ ਨਿਧਾਨੁ॥੨॥
ਹਰਿ ਵਰੁ ਜਿਨਿ ਪਾਇਆ ਧਨ ਨਾਰੀ॥ ਹਰਿ ਸਿਉ ਰਾਤੀ ਸਬਦੁ ਵੀਚਾਰੀ॥
ਆਪਿ ਤਰੈ ਸੰਗਤਿ ਕੁਲ ਤਾਰੈ॥ ਸਤਿਗੁਰੁ ਸੇਵਿ ਤਤੁ ਵੀਚਾਰੈ॥੩॥
ਹਮਰੀ ਜਾਤਿ ਪਤਿ ਸਚੁ ਨਾਉ॥ ਕਰਮ ਧਰਮ ਸੰਜਮੁ ਸਤ ਭਾਉ॥
ਨਾਨਕ ਬਖਸੇ ਪੂਛ ਨ ਹੋਇ॥ ਦੂਜਾ ਮੇਟੇ ਏਕੋ ਸੋਇ॥੪॥੧੪॥

(ਆਸਾ ਮ: ੧, ਪੰਨਾ ੩੫੨-੫੩)

ਵਿਆਖਿਆ- ਜਿਨ੍ਹਾਂ ਨੂੰ ਗੁਰਪ੍ਰਸਾਦੀ ਹਰਿ ਰਸੁ ਆਇਆ ਹੈ ਅਤੇ ਜਿਨ੍ਹਾਂ ਗੁਰੂ ਦੁਆਰਿਓਂ ਗੁਰਪ੍ਰਸਾਦਿ ਕਰਿ ਨਾਮੁ ਪਦਾਰਥੁ ਰੂਪੀ ਨਉ ਨਿਧਿ ਪਾਈ ਹੈ, ਓਹਨਾ ਦੀ ਹਰ ਦਮ ਹੀ ਲਾਲਸਾ ਹੈ ਕਿ ਵਾਹਿਗੁਰੂ ਸੱਚਾ ਪਾਤਸ਼ਾਹ ਆਪਣੀ ਸਰਣਾਗਤਿ ਹੀ ਰਖੇ। ਓਹ ਇਹੀ ਬੇਨਤੀ ਕਰਦੇ ਰਹਿੰਦੇ ਹਨ ਕਿ ਹੇ ਵਾਹਿਗੁਰੂ ਸਾਨੂੰ ਸਦਾ ਆਪਣੀ ਸ਼ਰਣਾਈ ਹੀ ਰਖੋ। ਜਾਂ ਤੇ ਸਦਾ ਸਨਮੁਖ ਦੀਦਾਰੇ ਤੇਰੇ ਹੁੰਦੇ ਰਹਿਣ। ਅਸਲ ਸਰਣਾਗਤਿ ਸੇਈ ਜਨ ਰਹਿੰਦੇ ਹਨ ਜੋ ਪਰਤੱਖ ਦੀਦਾਰਿਆਂ ਦਾ ਅਨੰਦ ਮਾਣਦੇ ਹਨ। ਇਹ ਅਨੰਦ ਮਾਨਣਾ ਤਿਨ੍ਹਾਂ ਨੂੰ ਹੀ ਪ੍ਰਾਪਤਿ ਹੈ ਜਿਨ੍ਹਾਂ ਨੇ ਨਾਮ ਪਦਾਰਥ ਪਾਇਆ ਅਤੁਟ ਕਮਾਈਆਂ ਨਾਮ ਅਭਿਆਸ ਦੀਆਂ ਕੀਤੀਆਂ। ਇਸ ਪਰਧਾਨ ਗੁਰਮੁਖਿ ਕਰਮ ਦੀ ਬਦੌਲਤ ਹੀ ਸਦਾ ਗੁਰੂ ਕਰਤਾਰ ਦੀ ਸਨਮੁਖਤਾ ਸਰਣਾਗਤਿ ਰਹਿਣ ਦੀ ਪਰਮ ਪਦਵੀ ਮਿਲਦੀ ਹੈ। ਇਹ ਉਪਰਲੇ ਗੁਰਵਾਕ ਦੀ ਅਸਥਾਈ ਦਾ ਤੱਤ ਭਾਵ ਹੈ। ਜਿਸ ਨੂੰ, ਜਿਸ ਵਡਿਭਾਗੇ ਗੁਰਮੁਖ ਜਨ ਨੂੰ, ਸਤਿਗੁਰੂ ਨੇ ਅੰਮ੍ਰਿਤ ਨਾਮ ਦੀ ਬਖਸ਼ਿ ਕੀਤੀ ਹੈ ਤਿਸ ਥੋਂ ਨਾਮ ਰੂਪੀ ਸਚੁ ਦੀ ਹੀ ਕਰਮ ਕਮਾਈ ਹੋਈ ਹੈ। ਨਾਮ ਰਤੜੇ ਗੁਰਮੁਖ ਜਨ ਨੇ ਜੋ ਭੀ ਕਰਮ ਕੀਤਾ ਹੈ, ਤਿਸ ਤੋਂ ਸੱਚੋ ਹੀ ਸੱਚੁ, ਕੇਵਲ ਨਾਮੁ ਹੀ ਨਾਮੁ ਦਾ ਪ੍ਰਭਾਵ ਪਰਗਟ ਥੀਆ ਹੈ। ਭਾਵ ਗੁਰਮੁਖ ਜਨਾਂ ਤੋਂ ਨਾਮ ਕਮਾਈ ਬਿਨਾਂ ਹੋਰ ਕਰਮ ਹੁੰਦਾ ਹੀ ਨਹੀਂ। ਓਹਨਾਂ ਤੋਂ ਨਾਮ ਰੂਪੀ ਸੱਚੁ ਹੀ ਕਮਾਇਆ ਜਾਂਦਾ ਹੈ। ਓਹਨਾਂ ਦੇ ਹਿਰਦੇ ਅੰਦਰਿ ਸਦਾ ਨਾਮੁ ਹੀ ਨਾਮੁ ਵਸਿਆ ਰਹਿੰਦਾ ਹੈ। ਮਨ ਬਚਨ ਕਰਮ ਕਰਕੇ ਤਿਨ੍ਹਾਂ ਤੋਂ ਨਾਮ-ਜਾਪ ਦੀ ਕਮਾਈ ਵਲੋਂ ਕਦੇ ਭੰਗਣਾ ਨਹੀਂ ਪੈਂਦੀ। ਇਸ ਅਥਾਹ ਨਾਮ ਅਭਿਆਸ ਕਮਾਈ ਦੇ ਪਰਤਾਪ ਕਰਕੇ ਤਿਨ੍ਹਾਂ ਦਾ ਦਿਨੇ ਰਾਤਿ ਪਿਆਰੇ ਪ੍ਰੀਤਮ ਪ੍ਰਭੂ ਪਰਮਾਤਮਾ ਨਾਲਿ ਇੱਕਮਿੱਕਤਾ ਵਾਲਾ ਸੰਗੁ ਬਣਿਆ ਰਹਿੰਦਾ ਹੈ। ਸਦਾ ਸਨਮੁਖ ਦਰਸ਼ਨ-ਦਿਦਾਰਿਆਂ ਦਾ ਰੰਗ


www.AKJ.Org

ਬਣਿਆ ਰਹਿੰਦਾ ਹੈ। ਓਹਨਾਂ ਦੇ ਕਰਮ ਧਰਮ ਰਸ ਇਹੀ ਹਨ ਕਿ ਅਨਦਿਨੁ ਸੱਚੇ ਨਾਮੁ ਰੂਪੀ ਸਚੁ ਦੀਆਂ ਕਮਾਈਆਂ ਹੀ ਕਰੀ ਜਾਂਦੇ ਹਨ। ਜਿਨ੍ਹਾਂ ਦਾ ਅਨਦਿਨੁ ਨਾਮ ਜਪੀ ਜਾਣ ਦਾ ਹੀ ਸੱਚਾ ਕਮਾਈ ਰੂਪ ਕਰਮ ਹੈ, ਓਹਨਾਂ ਦੇ ਇਸ ਸੱਚੇ ਕਰਮ ਵਿਚਿ ਸਾਰੇ ਕਰਮ ਧਰਮ ਆ ਗਏ। ਤਿਨ ਸੱਚੇ ਪਰਧਾਨ ਕਰੰਮੀ ਗੁਰਮੁਖ ਜਨਾਂ ਵਿਟਹੁ ਗੁਰੂ ਨਾਨਕ ਸਾਹਿਬ ਸਦਾ ਬਲਿਹਾਰੇ ਜਾਂਦੇ ਹਨ। ਐਸੇ ਵਾਹਿਗੁਰੂ ਨਾਲਿ ਰਤੱੜੇ ਗੁਰਮੁਖ ਜਨ ਹੀ ਵਾਹਿਗੁਰੂ ਦੀ ਦਰਗਾਹੇ ਪਰਵਾਣ ਪੈਦੇ ਹਨ। ਤਿਨ੍ਹਾਂ ਦੀ ਸੰਗਤਿ ਕੀਤਿਆਂ ਪਰਮ ਨਿਧਾਨ ਦੀ ਪ੍ਰਾਪਤੀ ਹੁੰਦੀ ਹੈ। ਜਿਸ ਜਗਿਆਸੂ ਰੂਪ ਗੁਰਮੁਖ ਸੋਹਾਗ ਵਾਲੀ ਸੋਹਾਗਣੀ ਇਸਤ੍ਰੀ (ਧਨ ਨਾਰੀ) ਨੇ ਵਾਹਿਗੁਰੂ ਰੂਪੀ ਵਰੁ ਨੂੰ ਪਾ ਲਿਆ, ਉਹ ਸੱਚੇ ਸੁਹਾਗ ਭਾਗ ਨੂੰ ਪ੍ਰਾਪਤਿ ਹੋਈ ਵੀ ਸੋਹਾਗਵੰਤੀ ਇਸਤ੍ਰੀ ਹਰਿ ਵਰੁ ਪਾ ਕੇ ਭੀ ਸ਼ਬਦ ਅਭਿਆਸ ਰੂਪੀ ਸਚੱੜੇ ਵੀਚਾਰ ਨੂੰ ਨਹੀਂ ਛਡਦੀ। ਹਰਿ ਸਿਉ ਰੱਤੀ ਹੋਈ ਵੀ, ਹਰਿ-ਰੰਗ ਵਿਚਿ ਰਹਿੰਦੀ ਹੋਈ ਵੀ, ਨਾਮ (ਸ਼ਬਦ) ਦੀ ਕਮਾਈ ਕਰਦੀ ਹੀ ਰਹਿੰਦੀ ਹੈ। ਰੰਗ-ਰਤੜੀ ਆਤਮ ਅਵਸਥਾ ਵਿਚਿ ਸਗੋਂ ਨਾਮ ਅਭਿਆਸ ਕਮਾਈਆਂ ਕਰਨ ਦਾ ਹੋਰ ਵਧੇਰਾ ਰਸੁ ਸੁਆਦੁ ਅਹਿਲਾਦੁ ਆਉਂਦਾ ਹੈ। ਜਿਉਂ ਜਿਉਂ ਨਾਮ ਕਮਾਈਆਂ ਵਾਲੇ ਪਰਧਾਨ ਕਰਮੀ ਗੁਰਮੁਖ ਜਨ ਨਾਮ ਕਮਾਈਆਂ ਕਰਦੇ ਹਨ ਤਿਉਂ ਤਿਉਂ ਉਹ ਹੋਰੋ ਹੋਰ ਗਹਿਰੱਚੀ ਆਤਮ-ਰੰਗਾਂ ਵਿਚਿ ਰੰਗੀ ਜਾਂਦੇ ਹਨ ਅਤੇ ਜਿਉਂ ਜਿਉਂ ਹੋਰ ਵਧੇਰੇ ਰੰਗਾਂ ਵਿਚਿ ਨਾਮ ਅਭਿਆਸ ਕਮਾਈਆਂ ਕਰਦੇ ਹਨ, ਓਹ ਆਪ ਭਵ ਸਾਗਰ ਤੋਂ ਤਰ ਜਾਂਦੇ ਹਨ। ਤਿਨਾਂ ਦੀ ਸੰਗਤਿ ਕਰਕੇ ਤਿਨ੍ਹਾਂ ਦੀਆਂ ਕੁਲਾਂ ਦਾ ਭੀ ਨਿਸਤਾਰਾ ਹੋ ਜਾਂਦਾ ਹੈ। ਨਾਮ-ਤੱਤ ਦੀਆ ਤੱਤ-ਅਭਿਆਸ ਕਮਾਈਆਂ ਕਰਨਾ ਹੀ ਸਤਿਗੁਰੂ ਦੀ ਸੱਚੀ ਸੇਵਾ ਹੈ। ਸੱਚੇ ਨਾਮ ਦੀਆਂ ਕਮਾਈਆਂ ਕਰਨਹਾਰਿਆਂ ਦੀ ਜਾਤਿ ਭੀ ਤੇ ਪਾਤਿ ਭੀ ਸੱਚਾ ਨਾਉਂ ਹੀ ਹੈ। ਅਤੇ ਨਾਮ ਨਾਲਿ ਸੱਚਾ ਭਾਉ ਪ੍ਰੇਮ ਪਿਆਰ ਹੀ ਤਿਨ੍ਹਾਂ ਦਾ ਕਰਮ ਧਰਮ ਰੂਪੀ ਸੰਜਮ ਕਰਨਾ ਹੈ। ਅਰਥਾਤ ਹੋਰ ਕਰਮਾਂ ਧਰਮਾਂ ਦੇ ਸੰਜਮ ਕਰਨ ਦੀ ਤਿਨ੍ਹਾਂ ਨੂੰ ਲੋੜ ਨਹੀਂ ਰਹੀ। ਗੁਰੂ ਨਾਨਕ ਸਾਹਿਬ ਨੇ ਜੋ ਜਨ ਬਖਸ਼ ਦਿੱਤੇ ਹਨ ਤਿਨ੍ਹਾਂ ਗੁਰੂ ਨਾਨਕ ਦੇ ਬਖਸ਼ਿਆਂ ਹੋਇਆਂ ਦੀ ਅਗੇ ਜਾ ਕੇ (ਧਰਮ ਰਾਇ ਦੇ ਦਰਬਾਰ ਵਿਚਿ) ਪੁਛ ਗਿੱਛ ਨਹੀਂ ਹੁੰਦੀ। ਕਿਉਂਕਿ ਤਿਨ੍ਹਾਂ ਨੇ ਦੂਜੇ ਭਾਵ ਦੇ ਕਰਮਾਂ ਨੂੰ ਰੱਦ ਕਰਕੇ ਕੇਵਲ ਏਕੋ ਸੱਚੜਾ ਕਰਮ ਨਾਮ ਜਪਣ ਦਾ, ਨਾਮ ਅਭਿਆਸ ਦਾ ਹੀ ਕਮਾਇਆ ਹੈ।

---

## ਮਨ ਦੇ ਤ੍ਰੰਗ

(ਭਾ: ਸਾ: ਭਾ: ਰਣਧੀਰ ਸਿੰਘ ਜੀ)

ਬਹੁ-ਰੰਗੀ ਦੁਨੀਆਂ ਦੇ ਅਨੇਕ ਪ੍ਰਕਾਰ ਦੇ ਰੰਗਾਂ ਦਾ ਪਰਤੱਵ ਅਵੱਸ਼ ਹੀ ਪ੍ਰਾਣੀ ਦੇ ਮਨ ਉਤੇ ਆ ਪੈਂਦਾ ਹੈ। ਏਹਨਾਂ ਬਹੁ-ਪ੍ਰਕਾਰੀ ਰੰਗਾਂ ਵਿਚ ਹੰਢ ਕੇ, ਮਨ ਫੇਰ ਆਪਣੇ ਹੁਦਰੋਂ ਹੀ ਆ-ਮੁਹਾਰੇ ਤਰੰਗ ਆਪ ਛਡਣ ਲਗ ਪੈਂਦਾ ਹੈ, ਜੋ ਪ੍ਰਾਣੀ ਉਤੇ ਐਥੋਂ ਤੀਕ ਪਰਬਲ ਪੈ ਜਾਂਦੇ ਹਨ ਕਿ ਪ੍ਰਾਣੀ ਨੂੰ ਮਨ ਦੇ ਉਨ੍ਹਾਂ ਤਰੰਗਾਂ ਦੇ ਅਧੀਨ ਹੀ ਹੋਣਾ ਪੈਂਦਾ ਹੈ। ਏਹਨਾਂ ਮਨ-ਮੰਨੇ ਤਰੰਗਾਂ ਨੂੰ ਰੋਕਣਾ ਕੋਈ ਸੁਖਾਲੀ ਜਿਹੀ ਗੱਲ ਨਹੀਂ :-

ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ॥੧੦॥....। (ਥਿਤੀ ਗਉੜੀ ਮ: ੫, ਸਲੋਕ, ਪੰਨਾ ੨੯੮)

ਗੁਰਵਾਕ ਦੇ ਭਾਵ ਅਨੁਸਾਰ ਕਰਤਾ ਦੀ ਪੂਰਨ ਕਿਰਪਾਲਤਾ ਦੁਆਰਾ ਹੀ ਮਨ ਵਸ ਵਿਚ ਆ ਸਕਦਾ ਹੈ।

ਮਨ ਦਾ ਵਸ ਆਵਣਾ ਮਨ ਦੇ ਅਨੇਕ ਪ੍ਰਕਾਰ ਦੇ ਫੁਰਨਿਆਂ ਸੰਕਲਪਾਂ ਵਿਕਲਪਾਂ ਦਾ ਅਭਾਵ ਹੋਣਾ ਹੈ। ਇਹ ਗੱਲ ਅਤੀ ਅਸੰਭਵ ਪ੍ਰਤੀਤ ਹੁੰਦੀ ਹੋਵੇਗੀ ਕਿ ਮਨ ਉੱਕਾ ਹੀ ਫੁਰਨਿਆਂ ਤੋਂ ਅਫੁਰ ਹੋ ਜਾਏ, ਪਰੰਤੂ ਇਹ ਗੱਲ ਗੁਰਮਤਿ ਅੰਦਰ ਕੋਈ ਅਲੌਕਿਕ ਗੱਲ ਨਹੀਂ।

ਮਨ ਦਾ ਆਪਣਾ ਨਿਜ ਸਰੂਪ (ਵਜੂਦ) ਕੋਈ ਨਹੀਂ, ਕਿੰਤੂ ਮਨ ਅਨੇਕ ਪ੍ਰਕਾਰ ਦੇ ਮਾਇਆਵੀ ਫੁਰਨਿਆਂ ਦਾ ਸੰਗਠਨ ਹੈ। ਪ੍ਰਾਣੀ ਉਤੇ ਕਰਤਾਰ ਦੀ ਪੂਰਨ ਕਿਰਪਾ ਇਹ ਹੈ ਕਿ ਪ੍ਰਾਣੀ ਗੁਰੂ ਦੇ ਭਾਣੇ ਅੰਦਰ ਆ ਜਾਏ। ਗੁਰੂ ਦੇ ਭਾਣੇ ਅੰਦਰ ਆਉਣਾ ਗੁਰੂ ਦਾ ਹਰ ਪ੍ਰਕਾਰ ਆਗਿਆਕਾਰੀ ਤੇ ਆਗਿਆ ਅਨੁਸਾਰੀ ਬਣਨਾ ਹੈ। ਇਸ ਬਿਧਿ ਗੁਰੂ ਦੇ ਭਾਣੇ ਅੰਦਰ ਆਏ ਪ੍ਰਾਣੀ ਦਾ ਮਨ, ਜੋ ਪਹਿਲਾਂ ਮਾਇਆਵੀ ਫੁਰਨਿਆਂ ਨਾਲ ਅੱਟਿਆ ਹੋਇਆ ਸੀ, ਗੁਰੂ ਦੇ ਸਰੂਪ ਵਿਚ ਲੀਨ ਹੋ ਕੇ ਜੋਤਿ ਸਰੂਪੀ ਮਨ ਹੋ ਜਾਂਦਾ ਹੈ। ਅਰਥਾਤ, ਮਨ ਦੇ ਮਾਇਆਵੀ ਛਉੜ ਕਟੇ ਜਾਣ ਪਰ ਹੇਠੋਂ ਸੁਧ ਅਤੇ ਨਿਰੋਲ ਦਿੱਬ ਆਤਮਾ ਹੀ ਆਤਮਾ ਝਲਕਾਰੇ ਮਾਰਨ ਲਗ ਪੈਂਦਾ ਹੈ, ਜਿਸ ਨੂੰ ਕੇਵਲ ਆਤਮ-ਅਨੰਦੀ-ਜਗਿਆਸੂ ਹੀ ਅਨੁਭਵ ਕਰ ਸਕਦੇ ਹਨ ਅਤੇ ਉਸ ਦੇ ਆਤਮਿਕ ਰਸ ਦੇ ਗਟਾਕ ਰਸ, ਬਸ, ਗੁੰਗੇ ਦੇ ਗੁੜ ਤੇ ਸੁਆਦ ਵਤ ਉਹ ਆਪ ਹੀ ਲੈ ਸਕਦੇ ਹਨ। ਇਉਂ ਮਨ ਦੇ ਤਰੰਗ ਆਤਮਿਕ ਤਰੰਗਾਂ ਵਿਚ ਪਲਟ ਜਾਂਦੇ ਹਨ।

(ਪੁਸਤਕ 'ਗੁਰਮਤਿ ਲੇਖ' ਵਿਚੋਂ)


www.AKJ.Org

# ਅਕਾਲ ਪੁਰਖ ਦੀ ਦਰਗਾਹ

ਗੁਰਬਾਣੀ ਅੰਦਰਿ ਦਰਸਾਈ ਖਸਮ ਰਜ਼ਾਈ ਆਗਿਆ ਦੇ ਉਲਟ ਜੋ ਅਗਿਆਨੀ ਜਨ ਗੁਰ ਪਰਮੇਸਰ ਦੀ ਪੂਜਾ ਤੋਂ ਛੁਟ ਦੂਜੇ ਭਾਵ ਦੀ ਪੂਜਾ ਵਿਚ ਪਰਵਿਰਤ ਹੁੰਦੇ ਹਨ ਅਤੇ ਵੇਕਾਰੀਂ ਵੇੜੇ ਹੋਏ ਵੇਕਾਰੀ ਕਰਮ ਕਮਾਉਂਦੇ ਹਨ, ਉਹਨਾਂ ਨੂੰ ਅਗਲੀ ਦਰਗਾਹ ਵਿਖੇ ਅਨਿਕ ਪ੍ਰਕਾਰੀ ਸਜ਼ਾਵਾਂ ਮਿਲਦੀਆ ਹਨ। ਯਥਾ ਗੁਰਵਾਕ:-

ਮਨੁ ਵੇਕਾਰੀ ਵੇੜਿਆ ਵੇਕਾਰਾ ਕਰਮ ਕਮਾਇ॥
ਦੂਜੈ ਭਾਇ ਅਗਿਆਨੀ ਪੂਜਦੇ ਦਰਗਹ ਮਿਲੈ ਸਜਾਇ॥
(ਮ:੩, ਪੰਨਾ੮੮)

ਜਿਨ੍ਹਾਂ ਨੇ ਕੇਵਲ ਸਤਿਗੁਰੂ ਦੀ ਪੂਜਾ ਕੀਤੀ ਹੈ, ਸਤਿਗੁਰੂ ਨੂੰ ਹੀ ਧਿਆਇਆ ਹੈਂ, ਤਿਨ੍ਹਾਂ ਨੂੰ ਖਾਸ ਕਿਰਪਾਲਤਾ ਸਤਿਗੁਰੂ ਦੀ ਹੋਈ ਹੈ ਸੋ ਸਤਿਗੁਰੂ ਸਰਣੀ ਆਇ ਪਏ ਹੈਂ। ਗੁਰ-ਸਰਣਾਗਤੀ ਆਇ ਗੁਰ ਪ੍ਰਸਾਦਿ ਕਰਿ ਗੁਰ ਦੀਖਿਆ ਦੇ ਪਾਤਰ ਬਣੇ ਹਨ ਤਿਨ੍ਹਾਂ ਦੇ ਐਥੇ ਓਥੇ ਵਿਖੇ ਮੁਖ ਉਜਲੇ ਭਏ ਹੈਂ। ਉਹ ਵਾਹਿਗੁਰੂ ਗੁਰੂ ਦੀ ਦਰਗਾਹ ਵਿਖੇ ਸੁਰਖ਼ਰੂਈ ਦੇ ਸਿਰੋਪਾਉ ਸੇਤੀ ਪੈਧੇ ਜਾਂਦੇ ਹਨ। ਯਥਾ ਗੁਰਵਾਕ:-

ਸਤਿਗੁਰੁ ਜਿਨੀ ਧਿਆਇਆ ਤਿਨ ਜਮ ਡਰੁ ਨਾਹੀ॥
ਜਿਨ ਕਉ ਹੋਆ ਕ੍ਰਿਪਾਲੁ ਹਰਿ ਸੇ ਸਤਿਗੁਰ ਪੈਰੀ ਪਾਹੀ॥
ਤਿਨ ਐਥੈ ਓਥੈ ਮੁਖ ਉਜਲੇ, ਹਰਿ ਦਰਗਹ ਪੈਧੇ ਜਾਹੀ॥

ਅੱਗੇ ਚਲ ਕੇ ਸੇਈ ਜਨ ਉਤਮ ਗਿਣੇ ਜਾਂਦੇ ਹਨ, ਅਗਲੀ ਦਰਗਾਹੇ ਉਤਮਤਾ ਦਾ ਟਿੱਕਾ ਸਿਰੋਪਾਓ ਤਿਨ੍ਹਾਂ ਨੂੰ ਹੀ ਮਿਲਦਾ ਹੈ ਜੋ ਇਸ ਮਨੁਖਾ ਦੇਹੀ ਵਿਖੇ ਪਾਪਾਂ ਦੀ ਕੁਮਾਰਗੀ ਪੰਧ ਪਟੜੀ ਤੇ ਨਹੀਂ ਚਲਦੇ ਅਤੇ ਸਾਰੀ ਆਯੂ ਨਿਸ਼- ਪਾਪ ਹੀ ਰਹਿੰਦੇ ਹਨ। ਯਥਾ ਗੁਰਵਾਕ:-

ਨਾਨਕ ਅਗੈ ਊਤਮ ਸੇਈ, ਜਿ ਪਾਪਾਂ ਪੰਦਿ ਨ ਦੇਹੀ॥
(ਸਲੋਕ ਮ:੧, ਪੰਨਾ੯੧)

ਜਿਨ੍ਹਾਂ ਗੁਰਮੁਖਾਂ ਨੇ ਹੁਕਮ ਪਛਾਣਿਆ, ਸਤਿ ਕਰਿ ਜਾਣਿਆ ਹੈ, ਸੋ ਹੁਕਮ ਮੰਨ ਕੇ ਹਰਿ ਗੁਣ ਵਖਾਨਣਹਾਰੇ ਹੋਏ ਹਨ। ਗੁਰਮਤਿ ਨਾਮ ਗੁਰ ਮੰਤ੍ਰ ਦੇ ਨਾਮ ਨੀਸਾਣੇ, ਭਗਤੀ ਕਮਾਣੇ ਭਗਤ ਹੋਏ ਹਨ। ਤਿਨ੍ਹਾਂ ਭਗਤਿ ਕਮਾਵਣਿਆਂ, ਨਾਮ ਸੁਹਾਵਣਿਆਂ ਦਾ ਅਗਲੀ ਦਰਗਹ ਛੁਟਕਾਰਾ ਹੀ ਛੁਟਕਾਰਾ, ਨਿਸਤਾਰਾ ਹੀ ਨਿਸਤਾਰਾ ਹੈ। ਹੋਰ ਸਭਨਾਂ ਦਾ ਧੁਰ ਦਰਗਾਹੇ ਲੇਖਾ ਹੁੰਦਾ ਹੈਂ। ਬਰ-ਜ਼ਰੂਰ ਹੁੰਦਾ ਹੈ। ਨਾਮ ਨੀਸਾਣਿਆਂ ਦਾ ਨਹੀਂ ਹੁੰਦਾ, ਗੁਰਵਾਕ-

ਹੁਕਮੁ ਪਛਾਣੈ ਸੁ ਹਰਿ ਗੁਣ ਵਖਾਣੈ॥ ਗੁਰ ਕੈ ਸਬਦਿ ਨਾਮਿ ਨੀਸਾਣੈ॥ ਸਭਨਾ ਕਾ ਦਰਿ ਲੇਖਾ ਸਚੈ ਛੂਟਸਿ ਨਾਮਿ ਸੁਹਾਵਣਿਆ॥੩॥ ਮਨਮੁਖੁ ਭੂਲਾ ਠਉਰੁ ਨ ਪਾਏ। ਜਮ ਦਰਿ ਬਧਾ ਚੋਟਾ ਖਾਏ॥ ਬਿਨੁ ਨਾਵੈ ਕੋ ਸੰਗਿ ਨ ਸਾਥੀ ਮੁਕਤੇ ਨਾਮੁ ਧਿਆਵਣਿਆ॥੪॥
(ਮਾਂਝ ਮ:੧,ਪੰਨਾ ੧੦੯)

ਪਿਛਲੀ ਦੁਤੁਕੀ ਦਸਦੀ ਹੈ ਕਿ ਗੁਰਮਤਿ-ਮਾਰਗ ਸੁਮਾਰਗ ਤੋਂ ਭੁਲੇ ਹੋਏ ਮਨਮੁਖ ਨੂੰ ਸੱਚੇ ਦੀ ਸੱਚੀ ਦਰਗਹ ਵਿਖੇ ਕਿਤੇ ਭੀ ਠਾਉਂ ਠਾਉਰ ਨਹੀਂ ਮਿਲਦਾ। ਉਹ ਜਮਦਰ ਬੱਧਾ ਚੋਟਾਂ ਖਾਂਦਾ ਹੈ। ਖ਼ਬਰ ਨਹੀਂ ਕਦ ਤਾਈਂ ਖਾਂਦਾ ਰਹਿੰਦਾ ਹੈ। ਨਾਮ ਤੋਂ ਬਿਨਾਂ ਅਗਲੀ ਦਰਗਾਹੇ ਕਿਸੇ ਦਾ ਨਾ ਕੋਈ ਸੰਗੀ ਹੈ ਨਾ ਸਾਥੀ। ਨਾਮ ਧਿਆਵਨ-ਹਾਰਿਆਂ ਨੂੰ ਅਗੇ ਮੁਕਤਿ-ਪਦਾਰਥ ਪਰਾਪਤ ਹੈ। ਜਮ ਜਾਗਾਤੀ ਤਿਨ੍ਹਾਂ ਦੇ ਨੇੜੇ ਨਹੀਂ ਆਉਂਦਾ। ਚਉਰਾਸੀ ਲੱਖ ਉਪਾਈ ਜੀਆ ਜੰਤ ਜੋਨੀ ਵਿਚੋਂ ਮਾਨੁਖਾ ਜਨਮ ਪਾਇ ਕੇ ਭੀ, ਸੋ ਸਚਿਆਰ ਭਾਗ-ਨਿਸਤਾਰਾ ਜਨ ਹੈ ਜਿਸ ਉਤੇ ਨਦਰੀ ਸਤਿਗੁਰੂ ਦੀ ਖ਼ਾਸ ਨਦਰ ਮਿਹਰ ਹੁੰਦੀ ਹੈ। ਜਿਸ ਤੇ ਨਦਰਿ ਹੁੰਦੀ ਹੈ ਜੋ ਗੁਰੂ ਨਾਨਕ ਦੇ ਘਰ ਵਿਖੇ ਆਇ ਪਰਵੇਸ਼ ਹੁੰਦਾ ਹੈ ਅਤੇ ਨਿਗੁਰਿਓਂ ਸਗੁਰਾ ਹੋ ਜਾਂਦਾ ਹੈ। ਸੱਚੇ ਸਤਿਗੁਰੂ ਦਾ ਚਰਨ-ਮਿਲਾਵਾ ਹੋਣ ਕਰਿ, ਉਨ੍ਹਾਂ ਦੇ ਸਭ ਕਿਲਵਿਖ ਕੱਟੇ ਜਾਂਦੇ ਹਨ, ਤੇ ਜਨ ਸਦਾ ਸਦ ਨਿਰਮਲ ਹੋ ਜਾਂਦੇ ਹਨ। ਨਿਰਮਲ ਨਾਮ ਦੇ ਲੜਿ ਲਗਿਆਂ ਉਹ ਏਥੇ ਹੀ ਨਾਮ-ਲੀਣੇ ਹੋ ਜਾਂਦੇ ਹਨ। ਅਗੇ ਭੀ ਨਾਮ-ਲੀਣੇ ਬਿਗਸੀਣੇ ਹੋਇ ਜਾਂਦੇ ਹਨ ਅਤੇ ਸੱਚੇ ਦੀ ਸੱਚੀ ਦਰਗਾਹੇ ਸੋਹੰਦੇ ਸੋਭਾ ਪਾਉਂਦੇ ਹਨ। ਯਥਾ ਗੁਰਵਾਕ :-

ਲਖ ਚਉਰਾਸੀਹ ਜੀਅ ਉਪਾਏ॥ ਜਿਸ ਨੋ ਨਦਰਿ ਕਰੇ ਤਿਸੁ ਗੁਰੂ ਮਿਲਾਏ॥ ਕਿਲਬਿਖ ਕਾਟਿ ਸਦਾ ਜਨ ਨਿਰਮਲ, ਦਰਿ ਸਚੈ ਨਾਮਿ ਸੁਹਾਵਣਿਆ॥੬॥
(ਮਾਝ ਮ:੩, ਪੰਨਾ ੧੧੧)

ਨਾ ਇਹ ਮਨੁਖ ਜਨਮ ਜਾਮੇ ਵਾਲੀ ਦੇਹੀ ਅਗੇ ਜਾਂਦੀ ਹੈ ਨਾ ਜਾਤਿ ਵਡਿਆਈ ਦੀ ਅਗੇ ਪੁਛ ਪਰਤੀਤ ਹੁੰਦੀ ਹੈ। ਜਿਥੇ ਜਾ ਕੇ ਲੇਖਾ ਮੰਗੀਦਾ ਹੈ, ਅਗਲੀ ਦਰਗਾਹੇ, ਤਿਥੇ ਛੁਟਕਾਰਾ ਤਿਨ੍ਹਾਂ ਦਾ ਹੀ ਹੁੰਦਾ ਹੈ ਜਿਨ੍ਹਾਂ ਨੇ ਏਸ ਲੋਕ ਵਿਖੇ ਮਨੁੱਖਾ ਦੇਹੀ ਪਾਇ, ਜ਼ਾਤ ਗਰਬ ਗਵਾਇ, ਸਚੁ ਨਾਮੁ ਨੂੰ ਕਮਾਇਆ ਹੈ। ਸਤਿਗੁਰੂ ਸੇਵਨ-ਹਾਰੇ ਇਸ ਗੁਰੂ-ਘਰ ਦੇ ਗੁਰਮੁਖ ਪਿਆਰੇ ਇਸ ਸੱਚੜੇ ਨਾਮ-ਧਨ ਨਾਲਿ ਮਾਲਾ ਮਾਲ ਹੋ ਗਏ ਹਨ। ਉਹ ਐਥੇ ਭੀ (ਇਸ ਲੋਕ ਵਿਖੇ) ਅਤੇ ਉਥੇ ਭੀ (ਅਗਲੀ ਦਰਗਾਹ ਵਿਚ) ਨਾਮ-ਨਿਧਾਨ ਵਿਖੇ ਹੀ ਲਿਵਲੀਣ ਰਹਿੰਦੇ ਹਨ। ਯਥਾ ਗੁਰਵਾਕ :-

ਦੇਹੀ ਜਾਤਿ ਨ ਆਗੈ ਜਾਏ॥



www.AKJ.Org

ਜਿਥੈ ਲੇਖਾ ਮੰਗੀਐ ਤਿਥੈ ਛੁਟੈ ਸਚੁ ਕਮਾਇ॥
ਸਤਿਗੁਰੁ ਸੇਵਨਿ ਸੇ ਧਨਵੰਤੇ
ਐਥੈ ਓਥੈ ਨਾਮਿ ਸਮਾਵਣਿਆ॥੩॥

(ਮਾਝ ਮ: ੩. ਪੰਨਾ ੧੧੨)

ਜਿਨ੍ਹਾਂ ਨੇ ਸ਼ਬਦੁ ਵਿਸਾਰਿਆ ਹੈ, ਗੁਰਮਤਿ-ਨਾਮ ਨਹੀਂ ਅਰਾਧਿਆ, ਤਿਨ੍ਹਾਂ ਨੂੰ ਠਉਰ ਠਾਉ ਕਿਤੇ ਭੀ ਨਹੀਂ ਮਿਲਦੀ। ਸੇ ਸਭ ਸੁੰਞੇ ਘਰਿ ਕਾਉਂ ਦੀ ਨਿਆਇ ਭ੍ਰਮਿ ਭੁਲੇ ਹੀ ਫਿਰਦੇ ਰਹਿਣਗੇ। ਤਿਨ੍ਹਾਂ ਦੇ ਲੋਕ ਪਰਲੋਕ (ਹਲਤ-ਪਲਤ) ਦੋਵੇਂ ਅਜਾਈਂ ਗੰਵਾਏ ਜਾਣਗੇ। ਉਹਨਾਂ ਦੀ ਸਦਾ ਦੁਖਾਂ ਹੀ ਦੁਖਾਂ ਵਿਚ ਵਿਹਾਵੇਗੀ। ਯਥਾ ਗੁਰਵਾਕ :-

ਸਬਦੁ ਵਿਸਾਰਨਿ ਤਿਨਾ ਠਉਰੁ ਨ ਠਾਉ॥ ਭ੍ਰਮਿ ਭੂਲੇ ਜਿਉ ਸੁੰਞੈ ਘਰਿ ਕਾਉ॥ ਹਲਤੁ ਪਲਤੁ ਤਿਨੀ ਦੋਵੈ ਗਵਾਏ ਦੁਖੇ ਦੁਖਿ ਵਿਹਾਵਣਿਆ॥

(ਮਾਝ ਮ: ੩. ਪੰਨਾ ੧੨੩)

ਨਾਵਹੁ ਭੁਲਾ ਮਨੁਮਖ ਅੰਧਲਾ ਅਗਿਆਨੀ ਸਾਕਤ ਪੁਰਸ਼ ਅੰਧਲੇ ਕਰਮ ਹੀ ਕਮਾਉਂਦਾ ਫਿਰਦਾ ਰਹਿੰਦਾ ਹੈ। ਤਿਸੇ ਦੇ ਆਨਮਤਿ ਸੰਜਮੀ-ਕਰਮ ਸੀਗਾਰ ਕਿਤੇ ਕੰਮ ਨਹੀਂ ਆਉਂਦੇ, ਕਿਉਂਕਿ ਉਹ ਪਿਰੀ-ਪ੍ਰਮੇਸ਼ਰ ਨੂੰ ਨਹੀਂ ਮਿਲਾਵੰਦੇ। ਜਿਨ੍ਹਾਂ ਦਾ ਪਿਰ-ਪਰਮੇਸ਼ਰ ਪਰਦੇਸੀ ਦੂਰ ਦੁਰਾਡੜੇ ਹੈ ਤਿਨ੍ਹਾਂ ਦੇ ਸਭ ਕਰਮ ਅਕਰਮ ਸੰਜਮੀ-ਸੀਗਾਰ ਸਭ ਬਿਰਥੇ ਹਨ। ਤਿਨ੍ਹਾਂ ਨੂੰ ਹਲਤ(ਇਸ ਲੋਕ) ਵਿਖੇ ਸੋਭਾ ਨਹੀਂ ਅਤੇ ਪਲਤ ਤਿਨ੍ਹਾਂ ਨੂੰ ਢੋਈ ਨਹੀਂ ਮਿਲਣੀ। ਮਾਨੁਖਾ ਜਨਮ ਤਿਨ੍ਹਾਂ ਦਾ ਬਿਰਥੇ ਹੀ ਗੰਵਾਇਆ ਜਾਂਦਾ ਹੈ, ਕਿਸੇ ਲੇਖੇ ਨਹੀਂ ਲਗਦਾ। ਏਹਨਾਂ ਦੋ ਉਪਰਲੇ ਗੁਰਵਾਕਾਂ ਤੋਂ ਪਕ ਪਰਤੀਤ ਕਰਕੇ ਸਿਧ ਹੋਇਆ ਕਿ ਹਲਤ (ਇਸ ਲੋਕ) ਵਾਗੂੰ ਪਲਤ (ਅਗਲਾ ਲੋਕ) ਭੀ ਹੈ। ਓਸ ਅਗਲੇ ਦੀ ਹਸਤੀ ਤੋਂ ਗੁਰਸਿਖ ਕਦੇ ਭੀ ਮੁਨਕਰ ਨਹੀਂ ਹੈ। ਅਗਲੀ ਦਰਗਾਹ ਦਾ ਕੈਸਾ ਖੋਲ੍ਹ ਕੇ ਨਿਰਣਾ ਕੀਤਾ ਗਿਆ ਹੈ ਇਸ ਅਗਲੇਰੇ ਗੁਰਵਾਕ ਅੰਦਰਿ। ਅਗਲੀ ਦਰਗਾਹ ਦੀ ਹੋਂਦ ਹਸਤੀ ਮਾਨੋ ਧੁਰਵਾ ਬੰਨ੍ਹਿਆ ਹੈ। ਯਥਾ ਗੁਰਵਾਕ :-

ਮਨ ਮੇਰੇ ਮੇਰਾ ਰਾਮਨਾਮੁ ਸਖਾ ਹਰਿ ਭਾਈ॥
ਗੁਰਮਤਿ ਰਾਮਨਾਮੁ ਜਸੁ ਗਾਵਾ,
ਅੰਤਿ ਬੇਲੀ ਦਰਗਹ ਲਏ ਛਡਾਈ॥੧॥ ਰਹਾਉ॥
.........ਜੋ ਜਨ ਹਰਿ ਪ੍ਰਭ ਹਰਿ ਹਰਿ ਸਰਣਾ,
ਤਿਨ ਦਰਗਹ ਹਰਿ ਹਰਿ ਦੇ ਵਡਿਆਈ॥
ਧੰਨੁ- ਧੰਨੁ ਸਾਬਾਸਿ ਕਹੈ ਪ੍ਰਭੁ ਜਨ ਕਉ,
ਨਾਨਕ ਮੇਲਿ ਲਏ ਗਲਿ ਲਾਈ॥੪॥੪॥

(ਗੂਜਰੀ ਮ: ੪. ਪੰਨਾ ੪੯੩)

ਇਸ ਗੁਰਵਾਕ ਅੰਦਰ ਗੁਰੂ ਸਚੇ ਪਾਤਸ਼ਾਹ ਮਨ ਪ੍ਰਥਾਇ ਪ੍ਰਬੋਧਨੀ-ਸਿਖਿਆ ਦੇ ਕੇ ਗੁਰਸਿਖਾਂ ਪ੍ਰਤੀ ਪਰਪਕ ਨਿਸਚੇ ਕਰਾਉਂਦੇ ਹਨ ਕਿ ਗੁਰਮਤਿ ਨਾਮ ਐਸਾ ਸਖਾ-ਸਹਾਈ ਹੈ ਕਿ ਜੋ ਜਨ ਇਸ ਨੂੰ ਮਨ, ਬਚ, ਕਰਮ ਕਰਕੇ ਹਿਤੋਂ ਚਿਤੋਂ ਅਰਾਧਦੇ ਹਨ, ਤਿਨ੍ਹਾਂ ਜਨਾਂ ਦਾ ਅੰਤ ਕਾਲ ਵਿਖੇ ਇਹ ਨਾਮ ਸੱਚੜਾ ਬੇਲੀ ਹੁਦਾ ਹੈ ਅਤੇ ਤਿਨ੍ਹਾਂ ਨੂੰ ਅਗਲੀ ਦਰਗਹਿ ਅੰਦਰ ਛੁਡਾਵਣਹਾਰਾ ਹੁੰਦਾ ਹੈ। ਜੋ ਜਨ ਸਤਿਗੁਰੂ ਵਾਹਿਗੁਰੂ ਦੇ ਅਨਿੰਨ ਸੇਵਕ ਭਗਤ ਬਣ ਕੇ,ਉਸੇ ਦੀ ਸਰਨਿ ਸਮਾਇ ਰਹਿੰਦੇ ਹਨ ਤਿਨ੍ਹਾਂ ਨੂੰ ਵਾਹਿਗੁਰੂ ਸੱਚਾ ਪਾਤਸ਼ਾਹ ਸੱਚੜੀ ਦਰਗਾਹ ਵਿਖੇ ਸੱਚੜੀ ਵਡਿਆਈ ਦਿੰਦਾ ਹੈ। ਤਿਨ੍ਹਾਂ ਨੂੰ ਵਾਹਿਗੁਰੂ ਸੱਚੜਾ ਧੰਨ ਧੰਨ ਆਖ ਕੇ ਵਡਿਆਉਂਦਾ ਅਤੇ ਆਪਣੀ ਸੱਚੀ ਦਰਗਾਹ ਵਿਖੇ ਮੇਲ ਕੇ ਆਪਣੇ ਗਲ ਲਾਉਂਦਾ ਹੈ। ਫੇਰ ਸ੍ਰੀ ਸਤਿਗੁਰੂ ਸਾਹਿਬ ਫੁਰਮਾਉਂਦੇ ਹਨ :-

ਅਪਜਸੁ ਮਿਟੈ ਹੋਵੈ ਜਗਿ ਕੀਰਤਿ, ਦਰਗਹ ਬੈਸਣੁ ਪਾਈਐ॥ ਜਮ ਕੀ ਤ੍ਰਾਸ ਨਾਸ ਹੋਇ ਖਿਨ ਮਹਿ, ਸੁਖ ਅਨਦ ਸੇਤੀ ਘਰਿ ਜਾਈਐ॥੧॥ ਜਾ ਤੇ ਘਾਲ ਨ ਬਿਰਥੀ ਜਾਈਐ॥ ਆਠ ਪਹਰ ਸਿਮਰਹੁ ਪ੍ਰਭੁ ਅਪਨਾ, ਮਨਿ ਤਨਿ ਸਦਾ ਧਿਆਈਐ॥੧॥ ਰਹਾਉ॥

(ਗੂਜਰੀ ਮ: ੫. ਪੰਨਾ ੫੦੦)

ਅਠੋ ਪਹਿਰ ਵਾਹਿਗੁਰੂ ਸਿਮਰਨ ਕਰਨ ਕਰਿ ਅਤੇ ਮਨਿ ਤਨਿ ਸਦਾ ਧਿਆਵਨ ਕਰਿ ਜੋ ਸੱਚੀ ਅਭਿਆਸ ਕਮਾਈ ਦੀ ਘਾਲਿ ਘਾਲੀ ਜਾਂਦੀ ਹੈ ਸੋ ਕਦੇ ਬਿਰਥੀ ਨਹੀਂ ਜਾਂਦੀ ਅਤੇ ਆਪਣਾ ਫਲ ਅੰਕੂਰੀ ਜ਼ਹੂਰ ਜ਼ਰੂਰ ਲਿਆਉਂਦੀ ਹੈ। ਅੱਵਲ ਤਾਂ ਉਸ ਦਾ ਅਪਜਸੁ ਹੁੰਦਾ ਹੀ ਨਹੀਂ, ਜੋ ਪਹਿਲਾ ਅੰਮ੍ਰਿਤ ਨਾਮ-ਪ੍ਰਾਪਤੀ ਤੋਂ ਹੋ ਭੀ ਗਿਆ ਹੋਵੇ ਤਾਂ ਉਹ ਸਗਲਾ ਅਪਜਸ ਇਸ ਘਾਲ ਕਮਾਈ ਦੁਆਰਾ ਮਿਟ ਜਾਂਦਾ ਹੈ। ਤੇ ਸਾਰੇ ਜਗ ਅੰਦਰਿ ਉਸ ਦੀ ਕੀਰਤੀ (ਜਸ ਵਡਿਆਈ) ਹੋਣ ਲਗ ਪੈਂਦੀ ਹੈ ਅਤੇ ਅਗਲੀ ਦਰਗਾਹ ਵਿਚ(ਅਗੇ ਚਲ ਕੇ ) ਉਸ ਨੂੰ ਬੈਸਣ ਲਈ ਖ਼ਾਸ ਸਥਾਨ ਮਿਲਦਾ ਹੈ। ਤਿਸ ਦੀ ਜਮ ਕੀ ਤ੍ਰਾਸ ਖਿਨ ਮਹਿ ਨਾਸ ਹੋ ਜਾਂਦੀ ਹੈ। ਉਹ ਸੁਖ ਅਨੰਦ ਸੇਤੀ ਬਜਦੇ ਬਾਜੀਂ ਵਾਹਿਗੁਰੂ ਦੇ ਨਿਜ ਘਰ ਮਹਿਲੀਂ ਵਾਸਾ ਜਾਇ ਪਾਉਂਦਾ ਹੈ। ਇਸ ਗੁਰਵਾਕ ਤੋਂ ਸਪਸ਼ਟ ਅਗਲੀ ਦਰਗਾਹ ਭੀ ਸਿਧ ਹੋ ਗਈ ਅਤੇ ਇਸ ਦਰਗਾਹ ਵਿਖੇ ਪ੍ਰਗ ਖਲੋਤੇ ਗੁਰਮੁਖ ਜਨਾਂ ਨੂੰ ਖ਼ਾਸ ਸਥਾਨ ਮਿਲਣ ਦੀ ਭੀ ਸਚੀ ਗਵਾਹੀ ਮਿਲ ਗਈ।

ਜੋ ਜਨ ਅਹਿਨਿਸਿ ਗੁਰੂ ਕੇ ਭੈ ਭਾਉ ਵਿਚ ਵਸਦੇ ਰਸਦੇ, ਬਹਿੰਦਿਆਂ ਉਠਦਿਆ ਭੈ-ਭਾਵਨੀ ਸੇਤੀ ਗੁਰੂ ਕੀ ਕਾਰ (ਗੁਰਮਤਿ ਨਾਮ ਅਭਿਆਸ ਕਮਾਈ ਵਾਲੀ) ਕਮਾਵੰਦੇ ਹਨ


www.AKJ.Org

ਤਿਨ੍ਹਾਂ ਨੂੰ ਐਥੇ (ਇਸ ਲੋਕ ਵਿਖੇ) ਸਚੀਆਂ ਸੁਖ ਵਡਿਆਈਆਂ ਮਿਲਦੀਆਂ ਹਨ ਤੇ ਅਗਲੀ ਦਰਗਾਹੇ ਜਾ ਕੇ ਤਿਨ੍ਹਾਂ ਨੂੰ ਮੋਖ-ਦੁਆਰ ਦੀ ਪ੍ਰਾਪਤੀ ਹੁੰਦੀ ਹੈ। ਯਥਾ ਗੁਰਵਾਕ :-

**ਭੈ ਵਿਚਿ ਬੈਸੈ, ਭੈ ਰਹੈ, ਭੈ ਵਿਚਿ ਕਮਾਵੈ ਕਾਰ॥**
**ਐਥੈ ਸੁਖੁ ਵਡਿਆਈਆ, ਦਰਗਹ ਮੋਖ ਦੁਆਰ॥**

(ਸਲੋਕ ਮ: ੩, ਪੰਨਾ ੫੧੬)

ਗੁਰਮਤਿ ਨਾਮ ਦੀ ਰੰਗਣਿ ਵਿਚ ਐਸਾ ਰੰਗਿਆ ਜਾਵੇ ਕਿ ਸਤਿਗੁਰੂ ਦੇ ਸਰੂਪ ਵਿਚ ਹੀ ਸਮਾ ਜਾਵੇ। ਐਸੇ ਸਤਿਗੁਰੂ ਸੇਤੀ ਰਤਿਆਂ ਗੁਰਮੁਖਾਂ ਦੀ ਸੱਚੀ ਦਰਗਾਹੇ ਸੱਚੀ ਸਮਾਈ ਹੁੰਦੀ ਹੈ ਅਤੇ ਸੱਚੀ ਦਰਗਾਹ ਅੰਦਰਿ ਖ਼ਾਸ ਥਾਉਂ ਤਿਨ੍ਹਾਂ ਨੂੰ ਮਿਲਦਾ ਹੈ। ਯਥਾ ਗੁਰਵਾਕ :-

**ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥**

(ਸਲੋਕ ਮ:੫, ਪੰਨਾ ੫੧੭)

ਥਾਉਂ ਤਦੇ ਹੀ ਮਿਲਦਾ ਹੈ ਕਿ ਅਗਲੀ ਦਰਗਾਹ ਹੈ। ਤਾਂ ਤੇ ਉਪਰਲੇ ਗੁਰਵਾਕ ਦੁਆਰਾ ਅਗਲੀ ਦਰਗਾਹ ਦੀ ਹਸਤੀ ਭੀ ਸਿਧ ਹੋ ਗਈ ਅਤੇ ਸਿਰਪਾਉ ਮਿਲਣਾ ਭੀ ਸਾਬਤ ਹੋ ਗਿਆ। ਭਗਤਾਂ ਦਾ ਤਾਂ ਬੋਲਿਆਂ ਭੀ ਪਰਵਾਨ ਹੈ ਅਤੇ ਦਰਗਾਹੇ ਥਾਇ ਪੈਂਦਾ ਹੈ :-

**ਭਗਤਾ ਕਾ ਬੋਲਿਆ ਪਰਵਾਣੁ ਹੈ, ਦਰਗਹ ਪਵੈ ਥਾਇ॥**

(ਵਾਰ ਗੂਜਰੀ ਮ: ੫, ਪੰਨਾ ੫੨੧)

ਨਿਗੁਰੇ ਮਨੁਮਖ ਸਤਿਗੁਰ ਦੀ ਸਚ-ਗੁਰਤਤਾ ਤੋਂ ਘੁਥੇ ਹੋਏ ਮੀਣੇ ਪਾਖੰਡੀ ਆਪੇ ਹੀ ਬਣਿ ਬੈਠੇ ਨਕਲੀ ਗੁਰੂ, ਬਾਤਾਂ ਬਣਾਉਣੀਆਂ ਤਾਂ ਬਹੁਤੀਆਂ ਜਾਣਦੇ ਹਨ ਪਰ ਕਰਨੀ ਦੇ ਥੋਥੇ ਹੀ ਹੁੰਦੇ ਹਨ। ਐਸੇ ਗੁਰੂ ਸਦਾਵਣਹਾਰੇ ਨਿਗੁਰਿਆਂ ਨੂੰ ਹਰਿ-ਦਰਗਾਹ ਵਿਖੇ ਫਿਟਕਾਰ ਮੁਗਧਰਾਂ ਦੀ ਮਾਰ ਪਵੇਗੀ। ਹਰਿ-ਦਰਗਾਹੇ ਉਹ ਭ੍ਰਸ਼ਟੀ ਹੀ ਗੁਰਦਾਨੇ ਜਾਣਗੇ। ਸਚੜੀ ਦਰਗਾਹ ਅੰਦਰਿ ਸਚ ਨਿਆਉਂ ਨਿਬੇੜਾ ਤਿਨ੍ਹਾਂ ਦੇ ਮੀਣਮੁਣੇ ਦਾ ਹੋਵੇਗਾ-

**ਜਿਉ ਨਿਗੁਰਾ ਬਹੁ ਬਾਤਾ ਜਾਣੈ,**
**ਓਹੁ ਹਰਿ ਦਰਗਹ ਹੈ ਭ੍ਰਸਟੀ॥੧॥**

(ਦੇਵਗੰਧਾਰੀ ਪੰਨਾ ੫੨੮)

ਐਸੇ ਪਾਪੀ ਪੁਰਸ਼ਾਂ ਗੁਰ-ਬਿਮੁਖਾਂ ਨੂੰ ਹਰਿ-ਦਰਗਹਿ ਢੋਈ ਕਦਾਚਿਤ ਨਹੀਂ ਲਿਮਣੀ, ਜੋ ਆਪਣੀ ਮਨਮੁਖਤਾ ਦੇ ਅਧੀਨ ਹੋ ਕੇ ਅਣਹੋਏ ਗੁਰੂ ਸਦਾਵਣ ਦਾ ਪਾਖੰਡ-ਪਾਪ ਕਮਾਉਂਦੇ ਹਨ। ਇਹ ਪਾਪ, ਪ੍ਰਮਾਰਥ ਦਾ ਪਾਪ ਹੈ। ਇਸ ਪਾਪ ਤੋਂ ਸਾਰੇ ਪਾਪ ਲਜਾਵੰਦੇ ਸ਼ਰਮ ਖਾਂਵਦੇ ਹਨ। ਯਥਾ ਗੁਰਵਾਕ :-

**ਹਰਿ ਦਰਗਹ ਢੋਈ ਨਾ ਲਹਨਿ ਮੇਰੀ ਜਿੰਦੁੜੀਏ,**
**ਜੋ ਮਨਮੁਖ ਪਾਪਿ ਲੁਭਾਣੇ ਰਾਮ॥**

(ਬਿਹਾਗੜਾ ਮ: ੪, ਪੰਨਾ ੫੪੦)

ਵਾਹਿਗੁਰੂ ਦੇ ਸਚੇ ਸੇਵਕ ਗੁਰਮੁਖ ਭਗਤ ਜਨ ਜੋ ਵਾਹਿਗੁਰੂ ਭਾਣੇ ਪਰਾਇਣ ਹੋ ਚੁਕੇ ਹਨ, ਸੇਈ ਸਚੀ ਦਰਗਾਹੇ ਸਚੜੀ ਸੋਭਾ ਸੇਤੀ ਸੁਰਖ਼ਰੂ ਹੋਏ, ਉਜਲ ਮੁਖਲੇਰੇ, ਦੰਮ ਦੰਮ ਜਾਪ ਕਰਦੇ ਜਾਂਦੇ ਹਨ। ਯਥਾ ਗੁਰਵਾਕ :-

**ਸੇ ਭਗਤ ਸੇ ਸੇਵਕ ਮੇਰੀ ਜਿੰਦੁੜੀਏ,**
**ਜੋ ਪ੍ਰਭ ਮੇਰੇ ਮਨਿ ਭਾਣੇ ਰਾਮ॥**
**ਸੇ ਹਰਿ ਦਰਗਹ ਪੈਨਾਈਆ ਮੇਰੀ ਜਿੰਦੁੜੀਏ,**
**ਅਹਿਨਿਸਿ ਸਾਚਿ ਸਮਾਣੇ ਰਾਮ॥**

(ਬਿਹਾਗੜਾ ਮ: ੪ ਪੰਨਾ ੫੪੧)

ਸਚੀ ਦਰਗਾਹੇ ਪੈਧੇ ਹੋਏ ਸਚੇ ਸੇਤੀ ਹੀ ਸਦ ਸਦਾ ਸਮਾਏ ਰਹਿੰਦੇ ਹਨ। ਸਚੇ ਵਾਹਿਗੁਰੂ ਦੀ ਸਚਿ ਹਰਿ ਦਰਗਾਹ ਪਹੁੰਚ ਕੇ ਜਿਨ੍ਹਾਂ ਦੀ ਚਰਨ ਸਰਨਿ ਸਮਾਈ ਹੋ ਜਾਂਦੀ ਹੈ ਉਹਨਾਂ ਦੀ ਰੈਣ ਦਿਵਸ ਚਰਨ ਕਮਲਾਂ ਵਿਖੇ ਹੀ ਲਿਵ ਲਗੀ ਰਹਿੰਦੀ ਹੈ। ਐਸੀ ਲਿਵ ਪ੍ਰਾਪਤੀ ਤਿਨ੍ਹਾਂ ਵਡਭਾਗੇ ਗੁਰਮੁਖ ਜਨਾਂ ਨੂੰ ਹੀ ਨਸੀਬ ਹੁੰਦੀ ਹੈ ਜਿਨ੍ਹਾਂ ਨੂੰ ਬਿਧਾਤੇ ਨੇ ਧੁਰੋਂ ਲਿਖਤ ਕਾਰ ਲਿਖੀ ਹੋਈ ਹੁੰਦੀ ਹੈ। ਨਹੀਂ ਤਾਂ ਇਹ ਮਾਰਗ ਬੜਾ ਬਿਖੜਾ ਹੈ। ਗੁਰੂ ਵਰੋਸਾਇ ਸਾਧਾਂ ਗੁਰਮੁਖਾਂ ਨੂੰ ਹੀ ਇਹ ਪੰਥ ਪਰਗਟਾ ਹੈ। ਜੈਸਾ ਇਸ ਗੁਰਵਾਕ ਦਾ ਭਾਵ ਹੈ :-

**ਆਵਹੁ ਮਿਲਹੁ ਸਹੇਲੀਹੋ ਮੇਰੇ ਲਾਲ ਜੀਉ,**
**ਹਰਿ ਹਰਿ ਨਾਮੁ ਅਰਾਧੇ ਰਾਮ॥**
**ਕਰਿ ਸੇਵਹੁ ਪੂਰਾ ਸਤਿਗੁਰੂ ਮੇਰੇ ਲਾਲ ਜੀਉ,**
**ਜਮ ਕਾ ਮਾਰਗੁ ਸਾਧੇ ਰਾਮ॥**
**ਮਾਰਗੁ ਬਿਖੜਾ ਸਾਧਿ ਗੁਰਮੁਖਿ**
**ਹਰਿ ਦਰਗਹ ਸੋਭਾ ਪਾਈਐ॥**
**ਜਿਨ ਕਉ ਬਿਧਾਤੈ ਧੁਰਹੁ ਲਿਖਿਆ,**
**ਤਿਨਾ ਰੈਣਿ ਦਿਨੁ ਲਿਵ ਲਾਈਐ॥......**

(ਬਿਹਾਗੜਾ ਮ: ੫ ਛੰਤ, ਪੰਨਾ ੫੪੨)

ਇਹ ਗੁਰਵਾਕ ਸਾਫ਼ ਇਸ ਗੱਲ ਦੀ ਸ਼ਾਹਦੀ ਦਿੰਦਾ ਹੈ ਕਿ ਜਮ ਕਾ ਮਾਰਗ ਹੈ, ਪਰ ਇਹ ਸਾਧਿਆ ਤਿਨ੍ਹਾਂ ਤੋਂ ਹੀ ਜਾਂਦਾ ਹੈ ਕਿ ਜਿਨ੍ਹਾਂ ਨੇ ਪੂਰਾ ਗੁਰੂ ਸੱਚੀ ਸੇਵਾ ਭਾਵਨਾ ਕਰਕੇ ਧਾਰਨ ਕੀਤਾ ਹੈ। ਪੂਰਾ ਗੁਰੂ ਧਾਰਨ ਕਰਨ ਦੀ ਬਿਧੀ ਸ੍ਰੀ ਗੁਰੂ ਨਾਨਕ ਦਸਮੇਸ਼ ਜੀ ਨੇ ਸਦਾ ਲਈ, ਪਰੰਪਰਾ ਲਈ ਇਹ ਪਰਚਲਤ ਕੀਤੀ ਹੋਈ ਹੈ ਕਿ ਗੁਰੂ ਨਾਨਕ ਦਸਮੇਸ਼ ਦੇ ਵਰੋਸਾਏ ਹੋਇ ਪੰਚ ਪਰਵਾਨ ਪੰਚ ਪਰਧਾਨ ਗੁਰਮੁਖਾਂ ਪੰਜਾਂ ਪਿਆਰਿਆਂ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੱਚੀ ਹਜ਼ੂਰੀ ਵਿਚ ਅੰਮ੍ਰਿਤ ਛਕ ਗੁਰ-ਦੀਖਿਆ



www.AKJ.Org

ਪ੍ਰਾਪਤਿ ਕੀਤੀ ਜਾਵੇ। ਤਿਨ੍ਹਾਂ ਗੁਰ-ਦੀਖਿਆ ਪ੍ਰਾਪਤੀ ਵਾਲੇ ਗੁਰਸਿੱਖਾਂ ਪ੍ਰਥਾਇ ਹੀ ਪੂਰਾ ਗੁਰੂ ਧਾਰਨ ਕਰਨ ਵਾਲੀ ਘਟਨਾ ਘਟਦੀ ਹੈ। ਜੋ ਸਤਿਗੁਰੂ ਦੇ ਸ਼ਰੀਕ ਖ਼ੁਦ ਗੁਰੂ ਬਣਿ ਬਣਿ ਬਹਿੰਦੇ ਹਨ ਤਿਨ੍ਹਾਂ ਨਕਲੀ ਗੁਰੂਆਂ ਦੇ ਚੇਲਿਆਂ ਪ੍ਰਥਾਇ ਇਹ ਘਟਨਾ ਨਹੀਂ ਘਟਦੀ। ਨਾ ਤਿਨ੍ਹਾ ਨੂੰ ਪੂਰਾ ਗੁਰੂ ਮਿਲਿਆ ਹੈ। ਨਾ ਤਿਨ੍ਹਾਂ ਪੂਰਾ ਗੁਰੂ ਧਾਰਨ ਕੀਤਾ ਹੈ। ਉਹ ਤਾਂ ਨਿਰੇ ਨਿਗੁਰੇ ਦੇ ਨਿਗੁਰੇ ਹੀ ਰਹਿੰਦੇ ਹਨ। ਐਵੇਂ ਬਫਣ ਬਫਾਈਆਂ ਗੱਲਾਂ ਕਹਿੰਦੇ ਹਨ।

ਗੁਰਸਿਖਾਂ ਪ੍ਰਤੀ ਸਤਿਗੁਰਾਂ ਨੇ ਅੱਗੇ ਦਾ ਫ਼ਿਕਰ ਐਸਾ ਫ਼ਿਕਰਾਇਆ ਕਿ ਸ਼ਬਦ ਵਿਖੇ ਇਸ ਅੱਗੇ ਨੂੰ ਸੰਭਾਲਣ ਲਈ ਸਾਵਧਾਨਤਾ ਜਣਾਈ ਹੈ। ਨਾਮ-ਹੀਣ ਸੰਸਾਰੀਆਂ ਤੇ ਭੀ ਅਪਾਰ ਤਰਸ ਖਾਧਾ ਹੈ ਕਿ ਜਿਨ੍ਹਾਂ ਮਨੁਖਾ ਜਨਮ ਧਾਰ ਕੇ ਆਪਣਾ ਅੱਗਾ ਨਹੀਂ ਸੰਵਾਰਿਆ ਉਹਨਾਂ ਦਾ ਕੀ ਹਾਲ ਹੋਵੇਗਾ ! *ਤਿਨ੍ਹਾਂ ਨੂੰ ਗੁਰੂ-ਘਰ ਦੀ ਬਖਸ਼ਸ਼ ਉਤੇ ਸ਼ਾਕਰ ਰਹਿਣ ਦੀ ਸੁਚੇਚਤਾ ਭੀ ਸਿਖਲਾਈ ਹੈ* ਅਤੇ ਦਸਿਆ ਹੈ ਖੋਲ੍ਹ ਕੇ ਕਿ ਸਿਫ਼ਤ-ਸਲਾਹ ਦੇ ਗੁਰਮਤਿ-ਮਾਰਗੀ ਸਚੇ ਅਤੇ ਸਿਧੇ ਰਾਹ ਤੇ ਚਲੇ ਬਿਨਾਂ ਮਾਰਗ ਕਦੇ ਨਹੀਂ ਸਉਰਦਾ। ਏਸ ਸਿਫ਼ਤਿ-ਸਲਾਹ ਦਾ ਖ਼ਜ਼ਾਨਾ ਸਤਿਗੁਰੂ ਬਿਨਾਂ ਹਥਿ ਨਹੀਂ ਆਉਂਦਾ। ਸਤਿਗੁਰੂ ਦੀ ਬਖਸ਼ਸ਼ ਨਦਰ ਪ੍ਰਸਾਦੀ ਰਹਿਮਤ ਜਿਸ ਤੇ ਹੋਈ ਤਿਸੇ ਨੂੰ ਇਸ ਖ਼ਜ਼ਾਨੇ ਦੀ ਵੰਡ ਹਥਿ ਆਉਂਦੀ ਹੈ. ਗੁਰਮਤਿ ਦ੍ਰਿੜ੍ਹਾਈ ਸਚੀ ਦੀਖਿਆ ਬਿਨਾਂ ਅਨਮਤ-ਕਰਮਾਂ ਨੂੰ ਕਰਿ ਕਰਿ ਬਥੇਰੇ ਥਕਿ ਹਾਰ ਰਹੇ ਹਨ। ਕਿਸੇ ਨੂੰ ਏਹ ਨਾਮ ਦੀ ਸਚੜੀ ਦਾਤ ਹਥਿ ਨਹੀਂ ਆਈ। ਗੁਰੂ ਨਾਨਕ ਸਾਹਿਬ ਬੜੀ ਹੀ ਹਸਰਤ ਹੈਰਤ ਅਤੇ ਦਰਦ ਭਰੀ ਪੁਕਾਰਨੀ ਪੁਕਾਰਦੇ ਹਨ ਕਿ ਮਨੁਮਖ ਜਗਤ, ਨਾਮ-ਧਨ-ਹੀਣਾ ਅਗੇ ਚਲ ਕੇ ਭੁਖਾ ਕੀ ਖਾਵੇਗਾ। ਯਥਾ ਗੁਰਵਾਕ :-

ਸਿਫਤਿ ਖਜਾਨਾ ਬਖਸ ਹੈ, ਜਿਸੁ ਬਖਸੈ ਸੋ ਖਰਚੈ ਖਾਇ॥
ਸਤਿਗੁਰ ਬਿਨੁ ਹਥਿ ਨ ਆਵਈ, ਸਭ ਥਕੇ ਕਰਮ ਕਮਾਇ॥
ਨਾਨਕ ਮਨਮੁਖੁ ਜਗਤੁ ਧਨਹੀਣੁ ਹੈ, ਅਗੈ ਭੁਖਾ ਕਿ ਖਾਇ॥
(ਬਿਹਾਗੜਾ ਮ: ੫, ਪੰਨਾਂ ੫੪੮)

ਆਸਾ ਰਾਗ ਦੇ ਛੰਤਾਂ ਵਿਚਿ ਭੀ ਸ੍ਰੀ ਗੁਰੂ ਨਾਨਕ ਚੌਥੀ ਪਾਤਸ਼ਾਹੀ ਭੀ ਏਵੇਂ ਉਚਾਰਦੇ ਹਨ :-

ਹੁਣਿ ਵਤੈ ਹਰਿ ਨਾਮੁ ਨ ਬੀਜਿਓ,
ਅਗੈ ਭੁਖਾ ਕਿਆ ਖਾਏ॥
(ਆਸਾ ਮ: ੪ ਛੰਤ, ਪੰਨਾ ੪੫੦)

ਅੱਗਾ ਤਾਂ ਗੁਰੂ ਸਾਹਿਬ ਨੇ ਐਸਾ ਸਪੱਸ਼ਟਾਇਆ ਹੈ ਕਿ ਇਸ ਦੀ ਹੋਂਦ ਦਾ ਸੰਦੇਹ ਰਹਿਣ ਹੀ ਨਹੀਂ ਦਿਤਾ। ਐਥੇ ਦਾ ਬੀਜਿਆ ਅਗੇ ਜਾ ਕੇ ਖਾਣਾ ਹੈ। ਪਰ ਜਿਨ੍ਹਾਂ ਨਾਮ ਐਥੇ ਨਹੀਂ ਬੀਜਿਆਂ ਉਹਨਾਂ ਨੇ ਅਗੇ ਜਾ ਕੇ ਕੀ ਖਾਣਾ ਹੈ ? ਅੱਗਾ ਜ਼ਰੂਰ ਸਿਰ ਤੇ ਖੜਾ ਹੈ, ਜਿਥੇ ਇਹ ਸਰੀਰ ਛੱਡ ਕੇ ਅਵੱਸ਼ ਜਾਣਾ ਹੈ। ਅੱਗਾ ਸੁਖਦਾਈ ਬਣਾਉਣ ਲਈ ਇਕੋ ਨਾਮ ਦੀ ਕਮਾਈ ਹੈ। *ਜਿਤਨੀ ਏਥੇ ਕਰ ਲਈਏ ਸੋ ਕਰਿ ਲਈਏ।* ਫੇਰ ਅਵਸਰ ਹੱਥ ਨਹੀਂ ਆਉਣਾ ਤੇ ਨਾ ਹੀ ਮਨੁਖਾ ਜਨਮ ਬਾਰੰਬਾਰ ਮਿਲਣਾ ਹੈ। ਜਿਨ੍ਹਾਂ ਇਹ ਅਵਸਰ ਅੰਞਾਈਂ ਗੰਵਾ ਲਿਆ, ਤਿਨ੍ਹਾਂ ਮਾਨੋ ਆਪਣਾ ਅਗਾ ਹੀ ਅਜਾਈਂ ਖੋਹ ਲਿਆ, ਜੋ ਅੰਞਾਣ ਲੋਗ ਇਹ ਖ਼ਿਆਲ ਕਰੀ ਬੈਠੇ ਹਨ ਕਿ ਅੱਗਾ ਉੱਗਾ ਕੁਝ ਨਹੀਂ "ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ" ਜਦੋਂ ਮਰਨ ਪਿਛੋਂ ਅਗੇ ਜਾ ਕੇ ਮੂੰਹੋਂ ਮੂੰਹ ਚੋਟਾਂ ਖਾਣੀਆਂ ਪਈਆਂ। ਕਿਉਂਕਿ ਓੜਕ ਸਤਿਗੁਰੂ ਦਾ ਫ਼ੁਰਮਾਨ ਹੀ ਸੱਚ ਸਾਬਤ ਹੋਣਾ ਹੈ, ਸਤਿਗੁਰੂ ਤਾਂ ਪੁਕਾਰ ਪੁਕਾਰ ਕੇ ਅੱਗੇ ਦੀ ਸ਼ਾਹਦੀ ਭਰ ਰਹੇ ਹਨ। ਮੁਲਕਰਾਂ ਨੂੰ ਐਵੇਂ ਫੂਸ ਵਾਲਾ ਹੀ ਨਿਘਾਸ ਹੈ। ਕਬੂਤਰ ਦੇ ਅੱਖਾਂ ਮੀਚਿਆਂ ਤੇ, ਮੀਚ-ਬਿਲਈਆ ਕਾਲ ਰੂਪ ਹੋ ਕੇ ਉਹਨਾਂ ਦੇ ਸਿਰ ਤੇ ਪੈਣੋਂ ਬਾਜ਼ ਨਹੀਂ ਰਹਿ ਸਕਦੀ, ਜ਼ਰੂਰ ਪਏਗੀ। ਏਸੇ ਤਰ੍ਹਾਂ ਅੱਗਾ ਜ਼ਰੂਰ ਭੁਗਤਣਾ ਪਏਗਾ। ਕੋਈ ਚੰਗਾ ਭੁਗਤ ਲਵੇ ਕੋਈ ਮੰਦਾ। ਇਹ ਤਾਂ ਆਪੋ ਆਪਣੇ ਕਰਮਾਂ ਅਨੁਸਾਰ ਹੈ। ਅਸਾਡੇ ਸਤਿਗੁਰਾਂ ਦੀ ਜਣਾਈ ਹੋਈ ਇਹ ਗੱਲ ਤਾਂ ਪੱਥਰ ਤੇ ਲਕੀਰ ਹੈ ਕਿ ਨਾਮ-ਅਭਿਆਸ-ਕਮਾਈ ਸੁਕ੍ਰਿਤ ਕਰਨੀ ਮਾਨੁਖ ਜਨਮ ਪਾਇਕੈ ਨਹੀਂ ਕਮਾਈ ਅਤੇ ਇਸ ਕਮਾਈ ਨੂੰ ਬੀਰ ਰੂਪ ਕਰਕੇ ਏਥੇ ਨਹੀਂ ਬੀਜਿਆਂ ਤਿਨ੍ਹਾ ਨੇ ਅਗੇ ਚਲ ਕੇ ਭੁਖੇ ਹੀ ਰਹਿਣਾ ਹੈ,ਕਿਉਂਕਿ ਅਗੇ ਚਲ ਕੇ ਜੀਵ-ਆਤਮਾ ਨੂੰ ਸਿਵਾਏ ਨਾਮ-ਆਧਾਰ ਦੇ ਹੋਰ ਕੋਈ ਅਧਾਰ ਨਹੀਂ। ਇਥੇ ਬੀਜਿਆਂ ਹੋਇਆ ਅਗੇ ਫਲਣਾ ਹੈ। ਇਹ ਸਿਰਫ ਨਾਮ-ਬੀਜ ਹੀ ਅਗੇ ਫਲਦਾ ਫੂਲਦਾ ਹੈ। ਨਾਮ ਬਿਹੂਣ ਕੋਈ ਕਰਮ ਘੁਥੜਾ ਜੀਵ, ਬਸ ਅਗੇ ਜਾ ਕੇ ਭੁੱਖਾ ਹੀ ਰਹਿੰਦਾ ਹੈ, ਕਿਉਂਕਿ ਨਾਮ ਬਿਹੂਨ ਜਿਤਨੇ ਭੀ ਅਨਮਤ ਮਤ ਸਹੀ ਕਰਮ ਧਰਮ ਹੈਨ ਸੋ ਪਖੰਡ ਰੂਪ ਹੀ ਹੈਨ। ਜਮ ਜਾਗਾਤੀਆਂ ਦੀ ਲੁਟ ਖਸੁਟ ਹੀ ਹਨ।

ਕਰਮ ਧਰਮ ਪਾਖੰਡ ਜੋ ਦੀਸਹਿ,
ਤਿਨ ਜਮੁ ਜਾਗਾਤੀ ਲੂਟੈ॥
(ਸੂਹੀ ਮ: ੫, ਪੰਨਾ ੭੪੭)

ਕਰਤੇ ਪੁਰਖ ਦੇ ਨਾਮ ਨਿਧਾਨੀ ਨਿਰਬਾਣ ਕਿਰਤਨ-ਮਹੀ ਨਿਮਖ ਮਾਤਰੀ ਸਿਫਤਿ- ਸਾਲਾਹ ਨੇ ਹੀ ਨਿਸਤਾਰਾ ਤੇ ਅੱਗੇ ਜਾ ਕੇ ਛੁਟਕਾਰਾ ਕਰਨਾ ਹੈ।

ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ
ਨਿਮਖ ਸਿਮਰਤ ਜਿਤੁ ਛੂਟੈ॥੧॥
(ਸੂਹੀ ਮ: ੫,ਪੰਨਾ ੭੪੭)

(ਬਾਕੀ ਪੰਨਾ ੨੦ ਤੇ ...)


www.AKJ.Org

# ਗੁਰੂ ਹਰਿਗੋਬਿੰਦ ਸਾਹਿਬ ਦਾ ਸੰਖੇਪ ਜੀਵਨ (੧੫੯੫-੧੬੪੪)

(ਪ੍ਰਿੰ: ਸਤਿਬੀਰ ਸਿੰਘ)

**ਪ੍ਰਕਾਸ਼ :**

ਗੁਰੂ ਹਰਿਗੋਬਿੰਦ ਜੀ ਦਾ ਪ੍ਰਕਾਸ਼ ੧੯ ਜੂਨ, ੧੫੯੫ ਨੂੰ ਵਡਾਲੀ ਵਿਖੇ ਗੁਰੂ ਅਰਜਨ ਦੇਵ ਜੀ ਦੇ ਘਰ, ਮਾਤਾ ਗੰਗਾ ਜੀ ਦੇ ਕੁਖੋਂ ਹੋਇਆ ਸੀ।

**ਸਾਜ਼ਸ਼ਾਂ ਤੇ ਹਮਲੇ :**

ਬਾਲ ਹਰਿਗੋਬਿੰਦ ਜੀ 'ਤੇ ਦੋਖੀਆ ਨੇ ਮਾਰ ਮੁਕਾਉਣ ਦੇ ਕਈ ਵਾਰ ਕੀਤੇ। ਪਹਿਲਾਂ ਦਾਈ ਨੇ ਥਣਾਂ ਨੂੰ ਜ਼ਹਿਰ ਲਗਾਇਆ, ਫਿਰ ਖਿਡਾਵੇ ਨੇ ਦਹੀਂ ਵਿੱਚ ਜ਼ਹਿਰ ਪਾ, ਪਿਛੋਂ ਸਪੇਰੇ ਸੱਪ ਛੱਡ ਤੇ ਇਥੋਂ ਤਕ ਕਿ ਇਕ ਸਾਥੀ ਨੂੰ ਤਿਆਰ ਕੀਤਾ ਕਿ ਉਹ ਖੇਡਦੇ-ਖੇਡਦੇ ਜ਼ਹਿਰੀਲੀ ਮਿਠਾਈ ਬਾਲ ਹਰਿਗੋਬਿੰਦ ਨੂੰ ਦੇ ਦੇਵੇ। ਪਰ ਵਾਹਿਗੁਰੂ ਦੀ ਮਿਹਰ ਸਦਕਾ ਬਾਲਕ ਹਰਿਗੋਬਿੰਦ ਜੀ ਨੂੰ 'ਲੇਪ ਨ ਲਾਗੋ ਤਿਲ ਕਾ ਮੂਲ' ਦੇ ਵਾਕ ਅਨੁਸਾਰ ਕੋਈ ਆਂਚ ਨਹੀ ਆਈ। ਚੇਚਕ ਦਾ ਹੱਲਾ ਵੀ ਹੋਇਆ ਪਰ ਬਾਲ ਹਰਿਗੋਬਿੰਦ ਨਵੇਂ ਨਰੋਏ ਹੀ ਰਹੇ ।

**ਗੁਰ-ਗੱਦੀ ਦੀ ਜ਼ਿੰਮੇਵਾਰੀ :**

ਗੁਰੂ ਅਰਜਨ ਦੇਵ ਜੀ ਲਾਹੌਰ ਸ਼ਹੀਦੀ ਵੇਲੇ ਜਾਂਦੇ ਗੁਰੂ ਹਰਿਗੋਬਿੰਦ ਜੀ ਨੂੰ ਹੁਕਮ ਕਰ ਗਏ ਸਨ ਕਿ ਜੇ ਜਹਾਂਗੀਰ ਦਾ ਕੱਟੜ-ਸੁਭਾ ਬਦਲਾਉਣ ਵਿੱਚ ਕਾਮਯਾਬ ਨਾ ਹੋਏ ਤਾਂ ਤਲਵਾਰਾਂ ਪਹਿਨਣੀਆ ਅਤੇ ਫੌਜਾ ਰਖਣੀਆਂ। ਗੁਰੂ ਅਰਜਨ ਦੇਵ ਜੀ ਨੇ ਭਾਈ ਧੀਗ ਤੇ ਜੈਤੋ ਜੀ ਨੂੰ ਕਿਹਾ ਵੀ ਸੀ ਕਿ ਅਸਾ ਜੋ ਸ਼ਸਤ੍ਰ ਪਕੜਨੇ ਹੈਨਿ, ਹਰਿਗੋਬਿੰਦ ਦਾ ਰੂਪ ਧਾਰ ਕੇ ਪਕੜਨੇ ਹੈਨਿ। ਸਮਾਂ ਕਲਜੁਗ ਦਾ ਵਰਤਣਾ ਹੈ, ਸ਼ਸਤ੍ਰ ਦੀ ਵਿਦਿਆ ਕਰ ਮੀਰ ਦੀ ਮੀਰੀ ਖਿੱਚ ਲੈਣੀ ਹੈ ਅਤੇ ਸ਼ਬਦ ਦੀ ਪ੍ਰੀਤੀ ਕਰ ਪੀਰ ਦੀ ਪੀਰੀ।

**ਦੋ ਤਲਵਾਰਾਂ ਬੱਧੀਆਂ:**

ਤਖਤ 'ਤੇ ਬੈਠਣ ਵੇਲੇ ਗੁਰੂ ਹਰਿਗੋਬਿੰਦ ਜੀ ਨੂੰ ਬਾਬਾ ਬੁੱਢਾ ਜੀ ਨੇ ਦੋ ਤਲਵਾਰਾਂ ਪਹਿਨਾਈਆਂ ਅਤੇ ਆਪ ਜੀ ਨੇ ਵੀ ਹੁਕਮ ਕੀਤਾ ਕਿ ਅੱਜ ਤੋਂ ਮੇਰੀ ਪਿਆਰੀ ਭੇਟਾ ਚੰਗਾ ਸ਼ਸਤ੍ਰ ਤੇ ਚੰਗੀ ਜਵਾਨੀ ਹੈ। ਵਹੀਰਾਂ ਘਤ ਕੇ ਲੋਕੀਂ ਮਹਾਰਾਜ ਪਾਸ ਜ਼ਿੰਦਗੀਆਂ ਘੋਲ ਘੁਮਾਉਣ ਲਈ ਆਏ। ਕਿਸੇ ਸਿੱਖ ਦੀ ਕੋਈ ਮੰਗ ਜਾਂ ਖਾਹਿਸ਼ ਨਹੀਂ ਹੁੰਦੀ। ਸਿਰਫ ਇਤਨਾ ਕਹਿੰਦੇ ਕਿ ਦੋ ਵਕਤ ਦਾ ਪ੍ਰਸ਼ਾਦ ਤੇ ਛੇ ਮਹੀਨੇ ਬਾਅਦ ਇਕ ਕੁਰਤਾ ਬਖਸ਼ ਦੇਣਾ।

ਕਿਤਨੇ ਹੀ ਹਕੂਮਤ ਹੱਥੋਂ ਸਤਾਏ ਰਾਜਿਆਂ, ਸੂਬੇਦਾਰਾਂ ਵੀ ਗੁਰੂ ਸ਼ਰਨ ਲਈ। ਅੰਮ੍ਰਿਤਸਰ ਦੀ ਪਨਾਹ ਵੀ ਬਣਾਈ ਤੇ ਲੋਹਗੜ੍ਹ ਦਾ ਕਿਲ੍ਹਾ ਵੀ ਉਸਾਰਿਆ। ਢਾਢੀਆਂ ਨੂੰ ਗੁਰੂ ਜੀ ਨੇ ਜੋਧਿਆਂ ਦੀਆਂ ਵਾਰਾਂ ਗਾਉਣ ਦੇ ਹੁਕਮ ਦਿੱਤੇ।

**ਅਕਾਲ ਤਖ਼ਤ ਦੀ ਸਥਾਪਨਾ:**

੧੫ ਜੂਨ, ੧੬੦੬ ਨੂੰ ਸ੍ਰੀ ਅਕਾਲ ਤਖ਼ਤ ਦੀ ਨੀਂਹ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਹੱਥੀਂ ਰੱਖੀ ਤੇ ਉਸਾਰੀ ਵੇਲੇ ਇਹ ਸੰਭਾਲ ਵਰਤੀ ਕਿ ਕਿਸੇ ਮਜ਼ਦੂਰ ਮਿਸਤਰੀ ਜਾਂ ਤਰਖਾਣ ਦਾ ਹੱਥ ਨਾ ਲਗੇ। ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਅਤੇ ਆਪੂੰ ਛੇਵੇਂ ਪਿਤਾ ਨੇ ਉਸਾਰੀ ਕੀਤੀ। 'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਅਨੁਸਾਰ:

> ਕਿਸੀ ਰਾਜ ਨਹਿ ਹਾਥ ਲਗਾਯੋ।
> ਬੁਢੇ ਔ ਗੁਰਦਾਸ ਬਨਾਯੋ।

**ਗ੍ਰਿਫ਼ਤਾਰੀ:**

ਸੰਨ ੧੬੧੧ ਵਿੱਚ ਜਹਾਂਗੀਰ ਨੇ ਮੁਰਤਜ਼ਾ ਖਾਨ ਨੂੰ ਹੀ ਗੁਰੂ ਹਰਿਗੋਬਿੰਦ ਜੀ ਦੀ ਗ੍ਰਿਫ਼ਤਾਰੀ ਕਰਨ ਦਾ ਹੁਕਮ ਦਿੱਤਾ। ਦੋਸ਼ ਇਹ ਸੀ ਕਿ ਉਨ੍ਹਾਂ ਅੰਮ੍ਰਿਤਸਰ ਦੀ ਪਨਾਹ, ਕਿਲ੍ਹਾ ਤੇ ਤਖਤ ਕਿਉਂ ਬਣਾਇਆ ਹੈ ਅਤੇ ਸੱਚਾ ਪਾਤਸ਼ਾਹ ਕਿਉਂ ਕਹਿਲਾਂਦੇ ਹਨ ?ਹੁਕਮ ਤਾਂ ੧੨ ਸਾਲਾਂ ਗਵਾਲੀਅਰ ਰੱਖਣ ਦਾ ਸੀ ਪਰ ਮੀਆਂ ਮੀਰ, ਵਜ਼ੀਰ ਖ਼ਾਨ, ਮਹਾਬਤ ਖਾਨ ਦੀਆਂ ਕੋਸ਼ਿਸ਼ਾਂ ਅਤੇ ਨੂਰ ਜਹਾਨ ਦੇ ਕਹਿਣ 'ਤੇ ਆਪ ਜੀ ਨੂੰ ਡੇਢ ਸਾਲ ਬਾਅਦ ਹੀ ਰਿਹਾ ਕਰ ਦਿੱਤਾ ਗਿਆ। ਆਪ ਜੀ ਨੇ ਵੀ ਤਦ ਤਕ ਰਿਹਾ ਹੋਣ ਤੋਂ ਇਨਕਾਰ ਕਰ ਦਿੱਤਾ, ਜਦ ਤਕ ਬੇਦੋਸ਼ੇ ਪਕੜੇ ੫੨ ਰਾਜੇ ਰਿਹਾ ਨਾ ਕੀਤੇ ਗਏ। ਆਪ ਜੀ ਦੇ ਕਲੀਆਂ ਵਾਲੇ ਚੋਲੇ ਦੀਆਂ ਕਲੀਆਂ ਪਕੜ ਕੇ ਰਾਜਿਆਂ ਰਿਹਾਈ ਪਾਈ। ਮੀਰੀ-ਪੀਰੀ ਦਾ ਮਾਲਕ ਬੰਦੀ-ਛੋੜ-ਦਾਤਾ ਵੀ ਕਹਿਲਾਇਆ।

**ਪ੍ਰਚਾਰ ਫੇਰੀ :**

ਹਾਲਤ ਕੁਝ ਸੁਖਾਵੇਂ ਹੋਣ ਕਾਰਨ ਆਪ ਜੀ ਪਹਿਲਾਂ ਕਸ਼ਮੀਰ, ਮਾਈ ਭਾਗ ਭਰੀ ਦੇ ਪ੍ਰੇਮ ਦੇ ਖਿਚੇ ਹੋਏ ਗਏ ਤੇ ਫਿਰ ਨਾਨਕਮਤਾ ਜਾਣਾ ਪਿਆ ਕਿਉਂਕਿ ਇਤਿਹਾਸਕ ਪਿੱਪਲ ਨੂੰ ਕੁਝ ਦੋਖੀਆਂ ਅੱਗ ਲਗਾ ਦਿੱਤੀ ਸੀ। ਆਪ ਜੀ ਦੇ ਪੁਜਦੇ ਹੀ ਦੋਸ਼ੀ ਨੱਠ ਗਏ। ਪਿੱਪਲ ਨੂੰ ਕੇਸਰ ਦੇ ਛਿੱਟੇ ਮਾਰ ਸੁਰਜੀਤ ਕੀਤਾ ਤੇ ਹਰਾ ਭਰਾ ਹੋਇਆ। ਕਸ਼ਮੀਰ ਵਲ ਜਾਂਦੇ ਗੁਜਰਾਤ ਦੇ ਸ਼ਾਹ ਦਉਲਾ ਨੇ ਜਦ ਗ੍ਰਹਿਸਥ ਤੇ ਲਾਉਂ ਲਸ਼ਕਰ ਨਾਲ ਦੇਖ ਸ਼ੰਕਾ ਪ੍ਰਗਟ ਕੀਤਾ ਤਾਂ ਆਪ ਜੀ ਨੇ, "ਔਰਤ ਈਮਾਨ , ਦੌਲਤ ਗੁਜ਼ਰਾਨ, ਪੁੱਤਰ ਨਿਸ਼ਾਨ" ਕਹਿ ਕੇ ਉਸ ਦੀ ਤੱਸਲੀ ਕਰਾਈ।

ਇਸੇ ਤਰ੍ਹਾਂ ਜਦ ਸ੍ਰੀ ਨਗਰ ਵਿਖੇ ਮਹਾਂਰਾਸ਼ਟਰ ਦੇ ਸਮਰਥ ਰਾਮਦਾਸ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਹਥਿਆਰ ਨਾਲ ਲੈਸ ਦੇਖ ਅੱਖਾਂ ਝਪਕੀਆਂ ਤਾ ਆਪ ਜੀ ਨੇ ਕਿਹਾ :-



www.AKJ.Org

ਬਾਤਨ ਫਕੀਰੀ। ਜ਼ਾਹਰ ਅਮੀਰੀ।
ਸ਼ਸ਼ਤਰ ਗਰੀਬ ਕੀ ਰਖਿਆ
ਜਰਵਾਨੇ ਕੀ ਭਖਿਆ ਕੇ ਲੀਏ ਪਕੜੇ ਹੈਨਿ।
ਬਾਬਾ ਨਾਨਕ ਨੇ ਸੰਸਾਰ ਨਹੀਂ ਤਿਆਗਿਆ
ਮਾਇਆ ਤਿਆਗੀ ਥੀ।

ਇਸੇ ਸਮਰਥ ਰਾਮ ਦਾਸ ਨੇ ਸ਼ਿਵਾ ਜੀ ਨੂੰ ਜਾ ਕੇ ਸੁੰਤਤਰਤਾ ਵਿੱਚ ਵਿਚਰਨ ਲਈ ਪ੍ਰੇਰਿਆ ਸੀ।

**ਬਿਬੇਕਸਰ ਦੀ ਉਸਾਰੀ :**

ਸੰਨ ੧੬੨੨ ਵਿੱਚ ਸਿੱਖ ਫੌਜਾਂ ਦੀ ਛਾਵਣੀ ਹਿਤ ਬਿਬੇਕਸਰ ਦਾ ਸਰੋਵਰ ਸ੍ਰੀ ਅੰਮ੍ਰਿਤਸਰ ਵਿਖੇ ਬਣਾਇਆ। ਭਾਈ ਗੁਰਦਾਸ ਜੀ ਨੇ ਬਿਬੇਕਸਰ ਦੀ ਨੀਂਹ ਰੱਖੀ। ਸ਼ਾਮ ਨੂੰ ਆਪੂੰ ਗੁਰੂ ਜੀ ਉਥੇ ਆ ਸਿਖਾਂ ਨਾਲ ਬਿਬੇਕ ਦੀਆ ਵਿਚਾਰਾਂ ਕਰਦੇ ਤਾਂ ਕਿ ਸੁਰਤਾਂ ਉਚੀਆਂ ਰਹਿਣ।

**ਕੀਰਤਪੁਰ ਦੀ ਨੀਂਹ:**

ਗੁਰੂ ਹਰਿਗੋਬਿੰਦ ਜੀ ਦੇਖ ਰਹੇ ਸਨ ਕਿ ਤੁਅਸਬ ਦੀ ਨੀਤੀ ਫਿਰ ਸਿਰ ਉਠਾ ਰਹੀ ਹੈ, ਸੋ ਲਾਂਭੇ ਕੋਈ ਟਿਕਾਣਾ ਬਣਾਉਣ ਦੀ ਲੋੜ ਹੈ। ਪਹਾੜੀ ਰਾਜੇ ਵੀ ਬੇਨਤੀਆਂ ਕਰ ਰਹੇ ਸਨ। ਪਹਾੜੀ ਰਾਜੇ ਹੰਡੂਰ ਦੀ ਜੂਹ ਅੱਛੀ ਜਾਣ ਕੇ ਆਪ ਜੀ ਨੇ ਬਾਬਾ ਗੁਰਦਿਤਾ ਜੀ ਨੂੰ ੧੬੨੭ ਦੇ ਆਰੰਭ ਵਿੱਚ ਨੀਂਹ ਰੱਖਣ ਲਈ ਕਿਹਾ। ਕੀਰਤਪੁਰ ਦੇ ਇਕ ਪਾਸੇ ਸਰਸਾ ਸੁਕਦੀ ਹੈ, ਦੂਜੇ ਪਾਸੇ ਸਤਲੁਜ, ਤੀਜੇ ਪਾਸੇ ਪਹਾੜ ਤੇ ਚੌਥੀ ਤਰਫ ਜੰਗਲ ਹਨ।

**ਜਹਾਂਗੀਰ ਦਾ ਦੇਹਾਂਤ ਤੇ ਪਹਿਲੀ ਜੰਗ:**

ਜਹਾਂਗੀਰ ਦਾ ਦੇਹਾਂਤ ਨਵੰਬਰ,੧੬੨੭ ਨੂੰ ਹੋ ਗਿਆ। ਨੂਰ ਜਹਾਨ ਨੇ ਸ਼ਹਿਰਯਾਰ ਨੂੰ ਤਖ਼ਤ 'ਤੇ ਬਿਠਲਾਣਾ ਚਾਹਿਆ ਪਰ ਉਹ ਸਫਲ ਨਾ ਹੋ ਸਕੀ। ਖ਼ੁੱਰਮ ਫਰਵਰੀ ੮,੧੬੨੮ ਨੂੰ ਆਗਰੇ ਵਿਖੇ ਸ਼ਾਹਜਹਾਨ ਦਾ ਨਾਂ ਰੱਖ ਕੇ ਤਖ਼ਤ ਤੇ ਇਹ ਐਲਾਨ ਕੀਤਾ ਕਿ ਇਸਲਾਮ ਤੋਂ ਸਿਵਾ ਕਿਸੇ ਨੂੰ ਧਰਮ ਪ੍ਰਚਾਰ ਕਰਨ ਦਾ ਹੱਕ ਨਹੀਂ।

ਇਸੇ ਦੌਰਾਨ ਅੰਮ੍ਰਿਤਸਰ ਨੇੜੇ ਹੀ ਫੌਜਾਂ ਤੇ ਸਿਖਾਂ ਵਿੱਚ ਇਕ ਬਾਜ਼ ਕਾਰਨ ਝੜਪ ਹੋ ਗਈ ਤੇ ਮੁਖਲਿਸ ਖਾਨ ੧੬੨੯ ਵਿੱਚ ਫੌਜਾਂ ਚੜ੍ਹਾ ਲਿਆਇਆ। ਉਸ ਦੀਆਂ ਫੌਜਾਂ ਨੂੰ ਹਾਰ ਹੋਈ ਤੇ ਦੋਖੀਆਂ ਨੇ ਖੂਬ ਵਧਾ-ਚੜ੍ਹਾ, ਮੁਗ਼ਲ ਸਰਕਾਰ ਨੂੰ ਲਿਖਿਆ।

**ਦੂਜੀ ਜੰਗ:**

ਹਰਿਗੋਬਿੰਦ ਦੇ ਹੀ ਭਗਵਾਨ ਦਾਸ ਨੇ ਜਦ ਭਰੇ ਦੀਵਾਨ ਵਿਚ ਕੁਬੋਲ ਬੋਲੇ ਤੇ ਸਿੱਖਾਂ ਨਾਲ ਜਲੰਧਰ ਦੇ ਫੌਜਦਾਰ ਅਬਦੁਲ ਖਾਨ ਦੀ ਸ਼ਹਿ 'ਤੇ ਝਗੜਾ ਵੀ ਕਰਨ ਦਰਬਾਰ ਵਿਚ ਆ ਪਹੁੰਚਿਆਂ ਤਾਂ ਝੜਪ ਵਿੱਚ ਮਾਰਿਆ ਗਿਆ। ਉਸ ਦੇ ਪੁੱਤਰ ਰਤਨ ਚੰਦ ਨੇ ਰਕਮ ਦੇ ਕੇ ਫੌਜਦਾਰ ਅਬਦੁਲਾ ਨੂੰ ਚੜ੍ਹਾ ਲਿਆਂਦਾ, ਦੋਵੇ ਹੀ ਜੰਗ ਵਿੱਚ ਮਾਰੇ ਗਏ। ਸ਼ਾਹਜਹਾਨ ਪਾਸ ਸ਼ਿਕਾਇਤਾਂ ਪੁਜੀਆਂ ਤਾਂ ਉਸ ਨੇ ਅਬਦੁਲਾ ਦੀ ਸਾਰੀ ਜਾਇਦਾਦ ਜ਼ਬਤ ਕਰਨ ਦਾ ਹੁਕਮ ਭੇਜਿਆ ਕਿਉਂਕਿ ਉਸ ਨੇ ਲਾਲਚ ਵਿੱਚ ਹਮਲਾ ਕੀਤਾ ਸੀ।

**ਤੀਜੀ ਜੰਗ:**

ਕਾਬਲ ਦੀ ਸੰਗਤ ਵਲੋਂ ਦੋ ਘੋੜੇ ਮਹਾਰਾਜਾ ਲਈ ਜਦ ਸਾਧ ਜੀ ਲਿਆ ਰਹੇ ਸਨ ਤਾਂ ਲਾਹੌਰ ਦੇ ਨਵਾਬ ਅਨਾਇਤਉੱਲਾ ਦੀ ਹਦਾਇਤ 'ਤੇ ਲਲਾ ਬੇਗ ਜੋ ਨਕਸ਼ਬੰਦੀ ਸੀ, ਨੇ ਖੋਹ ਲਏ। ਬਾਬਾ ਬਿਧੀ ਚੰਦ ਪਹਿਲਾਂ ਘਾਹੀ ਤੇ ਫਿਰ ਨਜੂਮੀ ਬਣ ਕੇ ਦੋਵੇਂ ਘੋੜੇ, ਗੁਰੂ ਜੀ ਦੀ ਹਜ਼ੂਰੀ ਵਿਚ ਲੈ ਆਏ ਤਾਂ ਲਲਾ ਬੇਗ ਫੌਜ ਚੜ੍ਹਾ ਲਿਆਇਆ। ਨਥਾਣਾ ਮਹਿਰਾਜ ਲਾਗੇ ਜੰਗ ਹੋਈ ਤੇ ਲਲਾ ਬੇਗ ਤੇ ਕਮਰ ਬੇਗ ਦੋਵੇਂ ਹੀ ਜੰਗ ਵਿੱਚ ਮਾਰੇ ਗਏ।

**ਚੌਥੀ ਜੰਗ:**

ਕਰਤਾਰਪੁਰ ਦੇ ਅਸਥਾਨ 'ਤੇ ਗੁਰੂ ਜੀ ਦਾ ਪਾਲਿਆ ਪੈਂਦੇ ਖਾਨ ਸ਼ਾਹੀ ਫੌਜਾਂ ਨਾਲ ਜਾ ਰਲਿਆ ਤੇ ਮੁਖਲਿਸ ਖਾਨ ਦੇ ਭਰਾ ਕਾਲੇ ਖਾਂ ਅਤੇ ਜਲੰਧਰ ਦੇ ਫੌਜਦਾਰ ਕੁਤਬਦੀਨ ਸਮੇਤ ਹਮਲਾਵਰ ਹੋਇਆ। ਤਿੰਨਾ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਪੈਂਦੇ ਖਾਨ ਨੂੰ ਗੁਰੂ ਜੀ ਨੇ ਆਪਣੀ ਢਾਲ ਨਾਲ ਛਾਂ ਕੀਤੀ ਅਤੇ ਕਿਹਾ, 'ਤੇਰਾ ਅੰਤ ਸਮਾ ਹੈ ਕਲਮਾ ਪੜ੍ਹ। ਉਸ ਇਤਨਾ ਆਖ ਕਿ ਤੁਹਾਡੀ ਤਲਵਾਰ ਹੀ ਮੇਰਾ ਕਲਮਾ ਹੈ, ਪ੍ਰਾਨ ਤਿਆਗ ਦਿਤੇ। ਇਸ ਜੰਗ ਦੀ ਵਿਸ਼ੇਸ਼ਤਾ ਇਹ ਹੈ ਕਿ ਉਸ ਵੇਲੇ ਗੁਰੂ ਤੇਗ ਬਹਾਦਰ ਜੀ ਦੀ ਕੁਲ ਆਯੂ ੧੪ ਸਾਲ ਦੀ ਸੀ। ਉਨ੍ਹਾਂ ਤੇਗ ਦੇ ਉਹ ਕਮਾਲ ਦਿਖਲਾਏ ਕਿ ਗੁਰੂ-ਪਿਤਾ ਨੇ ਅਸੀਸਾਂ ਦਿੱਤੀਆਂ।

**ਕੀਰਤਪੁਰ ਟਿਕਾਣਾ :**

ਗੁਰੂ ਹਰਿਗੋਬਿੰਦ ਜੀ ਇਸ ਜੰਗ ਉਪਰੰਤ ਕੀਰਤਪੁਰ ਹੀ ਜਾ ਟਿਕੇ ਤੇ ਸਿੱਖੀ ਨੂੰ ਸੰਗਠਨ ਕਰਨ ਵਿੱਚ ਜੁਟੇ ਰਹੇ। ੩ ਮਾਰਚ, ੧੬੪੪ ਨੂੰ ਆਪ ਜੀ ਗੁਰਗੱਦੀ ਦੀ ਜ਼ਿੰਮੇਵਾਰੀ ਆਪਣੇ ਪੋਤਰੇ ਗੁਰੂ ਹਰਿਰਾਏ ਜੀ ਨੂੰ ਦੇ ਕੇ ਜੋਤੀ-ਜੋਤ ਸਮਾ ਗਏ। ਗੁਰੂ ਹਰਿਗੋਬਿੰਦ ਜੀ ਦੇ ਜੋਤੀ-ਜੋਤ ਸਮਾਉਣ ਨੂੰ ਇਤਿਹਾਸਕਾਰ ਲਤੀਫ ਕੌਮੀ ਕਹਿਰ (National Calamity) ਕਹਿੰਦਾ ਹੈ। ਮੁਹਸਨਫਾਨੀ ਨੇ ਲਿਖਿਆ ਹੈ ਕਿ ਗੁਰੂ ਹਰਿਗੋਬਿੰਦ ਜੀ ਨਾਲ ਸੰਗਤਾਂ ਇਤਨਾ ਪਿਆਰ ਕਰਦੀਆਂ ਸਨ ਕਿ ਲੋਕੀਂ ਜ਼ਿੰਦ ਵਾਰਨ ਤੋਂ ਵੀ ਨਹੀਂ ਸਨ ਝਿਜਕਦੇ ਅਤੇ ਗੁਰੂ ਜੀ ਸਿੱਖ ਦਾ ਮੂੰਹ ਗੁਰੂ ਦੀ ਗੋਲਕ ਕਹਿੰਦੇ ਅਤੇ 'ਸਿੱਖ ਸਮਾਨ ਔਰ ਨਹੀਂ ਨਾਤਾ' ਫੁਰਮਾਇਆ ਕਰਦੇ ਸਨ। ਨਿਮਰਤਾ ਇਤਨੀ ਕਿ ਬਾਬਾ ਅਨੰਦ ਜੀ ਜਦ ਦਰਸ਼ਨ ਨੂੰ ਆਏ ਤਾਂ ਪਾਲਕੀ ਨੂੰ ਅੱਗੇ ਹੋ ਕੇ ਮੋਢਾ ਦਿੱਤਾ। ਉਪਰਾਮ ਇਤਨੇ ਕਿ ਬਾਬਾ ਅਟੱਲ ਜੀ ਦੇ ਗੁਜ਼ਰਨ ਤੇ ਅਥਰੂ ਤਕ


www.AKJ.Org

# ਗੁਰੂ ਹਰਿਗੋਬਿੰਦ ਪਾਤਸ਼ਾਹ ਦਾ ਜੰਗੀ ਜੀਵਨ

(ਮਹਿੰਦਰ ਸਿੰਘ ਚਰਰਾੜੀ)

ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਦੀ ਸ਼ਾਂਤਮਈ ਸ਼ਹੀਦੀ ਨੇ ਸਮੁੱਚੇ ਸਿੱਖ ਜਗਤ ਨੂੰ ਝੰਜੋੜ ਕੇ ਰੱਖ ਦਿਤਾ। ਇਸ ਤੋਂ ਪ੍ਰਭਾਵਤ ਹੋ ਕੇ ਛੇਵੇਂ ਨਾਨਕ ਹਰਿਗੋਬਿੰਦ ਪਾਤਸ਼ਾਹ ਨੇ ਪੁਰਾਣੀਆਂ ਰੀਤਾਂ ਛੱਡ ਸੇਲੀ ਟੋਪੀ ਦੀ ਥਾਂ ਖੂਬਸੂਰਤ ਦਸਤਾਰ ਸਜਾਈ ਅਤੇ ਮੀਰੀ ਪੀਰੀ ਦੀਆਂ ਦੋ ਕਿਰਪਾਨਾ ਧਾਰਨ ਕੀਤੀਆਂ। ਮੀਰੀ ਪੀਰੀ ਦੀਆਂ ਕਿਰਪਾਨਾਂ ਧਾਰਨ ਕਰਨ ਨੂੰ ਗੁਰੂ ਸਾਹਿਬ ਦੇ ਢਾਡੀ ਨੱਥੂ ਅਤੇ ਅਬਦੁੱਲਾ ਨੇ ਇਨ੍ਹਾਂ ਕਾਵਿ ਸਤਰਾਂ 'ਚ ਪੇਸ਼ ਕੀਤਾ ਹੈ-

"ਦੋ ਤਲਵਾਰੀ ਬਧੀਆਂ, ਇਕ ਮੀਰ ਦੀ ਇਕ ਪੀਰ ਦੀ।
ਇਕ ਅਜ਼ਮਤ ਦੀ, ਇਕ ਰਾਜ ਦੀ,
ਇਕ ਰਾਖੀ ਕਰੇ ਵਜ਼ੀਰ ਦੀ।"

ਮੀਰੀ ਪੀਰੀ ਦੀਆ ਕਿਰਪਾਨਾ ਪਹਿਨ ਗੁਰੂ ਹਰਿਗੋਬਿੰਦ ਪਾਤਸ਼ਾਹ ਨੂੰ ਚਾਰ ਵਾਰ ਮੁਗਲ ਹਕੂਮਤ ਨਾਲ ਟੱਕਰ ਲੈਣੀ ਪਈ।

ਮੁਗ਼ਲ ਬਾਦਸ਼ਾਹ ਸ਼ਾਹਜਹਾਨ ਅੰਮ੍ਰਿਤਸਰ ਲਾਗੇ ਆਪਣੇ ਅਹਿਲਕਾਰਾਂ ਸਮੇਤ ਸ਼ਿਕਾਰ ਖੇਡਣ ਆਇਆ ਤਾਂ ਉਸਦਾ ਇਕ ਬਾਜ਼ ਸਿੱਖਾਂ ਨੇ ਫੜ ਲਿਆ। ਸ਼ਾਹਜਹਾਨ ਦੇ ਨਫਰਾਂ ਨੇ ਆਕੜ ਅਤੇ ਧੌਂਸ ਨਾਲ ਬਾਜ਼ ਖੋਹਣਾ ਚਾਹਿਆ ਤਾਂ ਸਿਖਾਂ ਨੇ ਸਾਫ ਇਨਕਾਰ ਕਰ ਦਿਤਾ। ਇੰਝ ਮੁਗਲਾ ਨਾਲ ਗੁਰੂ ਹਰਿਗੋਬਿੰਦ ਪਾਤਸ਼ਾਹ ਅਤੇ ਸਿੱਖਾਂ ਦੀ ਪਹਿਲੀ ਟੱਕਰ ਦਾ ਮੁੱਢ ਬੱਝ ਗਿਆ। ਸ਼ਾਹਜਹਾਨ ਦੇ ਨਫਰਾਂ ਨੇ ਤਾਂ ਇਥੋਂ ਤਕ ਉਸਨੂੰ ਭੜਕਾ ਦਿਤਾ ਕਿ "ਅੱਜ ਸਿੱਖਾਂ ਨੇ ਤੁਹਾਡਾ ਬਾਜ਼ ਖੋਹ ਲਿਆ ਹੈ, ਕਲ੍ਹ ਨੂੰ ਉਹ ਤੁਹਾਡੇ ਤਾਜ ਵੀ ਖੋਹ ਲੈਣਗੇ।

ਅਹਿਲਕਾਰਾਂ ਦੀ ਫੂਕ ਵਿਚ ਆਏ ਸ਼ਾਹਜਹਾਨ ਨੇ ਆਪਣੇ ਭਰੋਸੇਯੋਗ ਜਰਨੈਲ ਮੁਖਲਿਸ ਖ਼ਾਨ ਦੀ ਕਮਾਂਡ 7000ਫੌਜ, ਅੰਮ੍ਰਿਤਸਰ 'ਤੇ ਚੜ੍ਹਾਈ ਕਰਨ ਲਈ ਭੇਜ ਦਿਤੀ। ਉਧਰ ਗੁਰੂ ਸਾਹਿਬ ਦੀ ਇਕਲੌਤੀ ਪੁੱਤਰੀ ਬੀਬੀ ਵੀਰੋ ਦਾ ਅਨੰਦਕਾਰਜ ਹੋਣਾ ਸੀ। ਗੁਰੂ ਜੀ ਅਨੰਦਕਾਰਜ ਦੀਆਂ ਤਿਆਰੀਆਂ 'ਚ ਮਸਰੂਫ ਸਨ। ਖ਼ੈਰ ਅਨੰਦਕਾਰਜ ਦੀ ਰਸਮ ਤਾਂ ਅੰਮ੍ਰਿਤਸਰ ਤੋਂ ੭ ਕਿਲੋਮੀਟਰ ਦੂਰ ਪਿੰਡ ਝਬਾਲ ਵਿਖੇ ਜੰਗ ਤੋਂ ਬਾਅਦ ਹੋਈ ਪਰ ਜੰਗ 'ਚ ਮੁਗ਼ਲਾਂ ਨੂੰ ਕਰਾਰੀ ਹਾਰ ਦਾ ਮੂੰਹ ਵੇਖਣਾ ਪਿਆ। ਪਿਪਲੀ ਸਾਹਿਬ ਦੇ ਮੁਕਾਮ ਤੇ ਹੋਈ ਇਸ ਜੰਗ 'ਚ ਮੁਗ਼ਲ ਜਰਨੈਲ ਮੁਖਲਿਸ ਖਾਨ ਗੁਰੂ ਜੀ ਹੱਥੋਂ ਮਾਰਿਆ ਗਿਆ ਅਤੇ ਫੌਜ ਭੱਜ ਗਈ। ਅਤੇ ਗੁਰੂ ਜੀ ਦੀ ਫਤਹਿ ਹੋਈ। ਇਹ ਜੰਗ 1628 ਈ: ਵਿਚ ਲੜੀ ਗਈ।

ਇਸ ਜੰਗ ਤੋਂ ਬਾਅਦ ਗੁਰੂ ਹਰਿਗੋਬਿੰਦ ਪਾਤਸ਼ਾਹ ਸ੍ਰੀ ਹਰਿਗੋਬਿੰਦਪੁਰ ਨਗਰ ਵਸਾ ਸਿੱਖੀ ਪ੍ਰਚਾਰ ਕਰਦੇ ਕਰਤਾਰਪੁਰ (ਜਲੰਧਰ) ਹੁੰਦੇ ਹੋਏ ਮੁੜ ਸ੍ਰੀ ਹਰਿਗੋਬਿੰਦਪੁਰ ਪੁੱਜੇ। ਸ੍ਰੀ ਹਰਿਗੋਬਿੰਦਪੁਰ ਨਗਰ ਦਾ ਟੈਕਸ ਵਸੂਲਣ ਲਈ ਚੌਧਰੀ ਭਗਵਾਨ ਦਾਸ ਘੇਰੜ ਦਾ ਕਿਰਦਾਰ ਸਿੱਖਾਂ ਪ੍ਰਤੀ ਅੱਕਰਾ ਸੀ। ਖਾਹਮਖਾਹ ਸਿੱਖਾਂ ਨਾਲ ਪੰਗਾ ਲੈਂਦਾ ਰਹਿੰਦਾ ਸੀ। ਇਕ ਦਿਨ ਬੀਰ ਰਸ 'ਚ ਆਏ ਸਿੱਖਾਂ ਨੇ ਉਸ ਨੂੰ ਕਤਲ ਕਰਕੇ ਦਰਿਆ 'ਚ ਰੋੜ੍ਹ ਦਿਤਾ। ਆਪਣੇ ਪਿਤਾ ਦੀ ਮੌਤ ਤੋਂ ਤੈਸ਼ ਵਿਚ ਆਇਆ ਤਰਨਚੰਦ, ਜਲੰਧਰ ਦੇ ਜਰਨੈਲ ਅਬਦੁੱਲਾ ਖਾਨ ਨੂੰ ਗੁਰੂ ਜੀ ਤੇ ਚਾੜ੍ਹਨ ਲਈ ਲੈ ਆਇਆ।

ਅਚਾਨਕ ਥੋਪੀ ਗਈ ਲੜਾਈ 'ਚ ਵੀ ਗੁਰੂ ਜੀ ਅਤੇ ਸਿੱਖ ਜਾਨਾਂ ਹੂਲ ਕੇ ਲੜੇ। ਜਾਂਬਾਜ਼ ਸਿੱਖਾਂ ਨੇ ਮੁਗ਼ਲਾਂ ਦੇ ਚੀਥੜੇ ਉਡਾ ਦਿਤੇ। ਸਿੱਖਾਂ ਦੀ ਸੂਰਮਗਤੀ ਨਾਲ ਮੁਗ਼ਲ ਫੌਜ ਦੇ ਪੈਰ ਉਖੜ ਗਏ ਤੇ ਉਹ ਲਾਹੌਰ ਵੱਲ ਨੱਸ ਗਈ ਅਤੇ ਗੁਰੂ ਜੀ ਨੇ ਭੱਜੀ ਜਾਂਦੀ ਫੌਜ ਦਾ ਪਿਛਾ ਨਾ ਕੀਤਾ। ਕਿਉਂਕਿ ਉਹ ਬੁਜਦਿਲ ਤੇ ਵਾਰ ਕਰਨ ਦੇ ਹਾਮੀ ਨਹੀਂ ਸਨ। ਇਸ ਜੰਗ ਵਿਚ ਅਬਦੁੱਲਾ ਖਾਨ ਨੂੰ ਗੁਰੂ ਜੀ ਨੇ ਝਟਕਾ ਦਿਤਾ। ਇਹ ਜੰਗ 'ਦਮਦਮਾ ਸਾਹਿਬ' ਨਾਮੀ ਸਥਾਨ ਤੇ ਸੰਨ 1630 ਈ: ਵਿਚ ਲੜੀ ਗਈ।

ਕਾਬਲ ਤੋਂ ਗੁਰਸਿੱਖ ਸੰਗਤਾਂ ਵਲੋ ਲਿਆਂਦੇ ਜਾ ਰਹੇ ਚੰਗੀ ਨਸਲ ਦੇ ਘੋੜੇ ਲਾਹੌਰ ਦੇ ਸੂਬੇਦਾਰ ਨੇ ਖੋਹ ਕੇ ਕਿਲ੍ਹੇ 'ਚ ਬੰਨ੍ਹ ਲਏ। ਉਸ ਸਮੇਂ ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਸੁਧਾਰ (ਲੁਧਿ:) ਠਹਿਰੇ ਹੋਏ ਸਨ। ਕਾਬਲ ਦੀਆਂ ਸੰਗਤਾਂ ਵਲੋਂ ਗੁਰੂ ਸਾਹਿਬ ਦੇ ਦਰਸ਼ਨ ਦੀਦਾਰੇ ਕਰਨ ਲਈ ਕੀਮਤੀ ਵਸਤਾਂ ਲਿਆਂਦੀਆਂ ਗਈਆਂ। ਉਸ ਵਕਤ ਸੁਧਾਰ (ਲੁਧਿ:) ਜੰਗਲੀ ਇਲਾਕਾ ਸੀ। ਗੁਰੂ ਜੀ ਨੇ ਕਾਬਲ ਦੀਆਂ ਸੰਗਤਾਂ ਦੀ ਚੰਗੀ ਆਓ-ਭਗਤ ਕੀਤੀ। ਘੋੜਿਆਂ ਦੇ ਖੋਹਣ ਸਬੰਧੀ ਖ਼ਬਰ ਸੁਣ ਬਿਧੀਚੰਦ ਨੂੰ ਘੋੜੇ ਲਿਆਉਣ ਲਈ ਭੇਜਿਆ ਗਿਆ।

ਬਿਧੀਚੰਦ ਅਰਦਾਸਾ ਸੋਧ ਕੇ ਲਾਹੌਰ ਪੁਜ ਕੇ ਸ਼ਾਹੀ ਤਬੇਲੇ ਦਾ ਨੌਕਰ ਬਣ ਰਹਿਣ ਲੱਗਾ ਅਤੇ ਇਕ ਦਿਨ ਮੌਕਾ ਪਾ ਕੇ ਕਿਲ੍ਹੇ ਦੀ ਕੰਧ ਤੋਂ ਘੋੜਾ ਟਪਾ ਕੇ, ਨਾਲ ਵਗਦੀ ਰਾਵੀ ਵਿਚ ਦੀ ਘੋੜਾ ਲੰਘਾ ਕੇ ਗੁਰੂ ਜੀ ਕੋਲ ਪੁੱਜ ਗਿਆ। ਇੰਝ ਹੀ ਦੂਜਾ ਘੋੜਾ ਵੀ ਆਜ਼ਾਦ ਕਰਵਾ ਲਿਆਇਆ। ਇਸ ਘਟਨਾ ਤੋਂ ਖਿੱਝੇ ਹੋਏ ਲਾਹੌਰ ਦੇ ਸੂਬੇਦਾਰ ਨੇ ਲੱਲਾ

(ਬਾਕੀ ਪੰਨਾ ੨੭ ਤੇ ...)



www.AKJ.Org

# ਗੁਰੂ ਹਰਿਗੋਬਿੰਦ ਸਾਹਿਬ ਨੂੰ

(ਪਾਂਧੀ ਨਨਕਾਣਵੀ)

ਮੇਰੇ ਸ਼ਹਿਨਸ਼ਾਹ, ਤੇਰੀ ਦਹਿਲੀਜ਼ ਉਤੇ,
ਝੁਕੀ ਸ਼ਹਿਨਸ਼ਾਹੀ, ਸਾਰੇ ਜੱਗ ਦੀ ਸੀ।
ਤੇਰੇ ਚਰਨਾਂ ਨੂੰ ਜਿਨ੍ਹਾਂ ਨੇ ਘੁੱਟ ਫੜਿਆ,
ਤੱਤੀ ਵਾ ਕਦ ਉਹਨਾਂ ਨੂੰ ਲੱਗਦੀ ਸੀ।
ਬਾਂਹ ਫੜੀ ਤੂੰ ਜਿੰਦਾਂ ਨਿਮਾਣੀਆਂ ਦੀ,
ਸ਼ਮ੍ਹਾਂ ਪਿਆਰ ਦੀ, ਜਿਥੇ ਵੀ ਜਗਦੀ ਸੀ।
ਪੱਤ ਜਿਨ੍ਹਾਂ ਦੀ ਸੀ ਸ਼ਰ੍ਹੇ-ਆਮ ਰੁੱਲਦੀ,
ਰੱਖੀ ਲਾਜ ਤੂੰ ਉਹਨਾਂ ਦੀ ਪੱਗ ਦੀ ਸੀ।
ਕਿਰਨ ਆਸ਼ਾ ਦੀ ਕਿਤੇ ਨਾ ਦਿਸਦੀ ਸੀ,
ਰੰਗ ਬਦਲੇ ਹੋਏ, ਐਸੇ ਗੁਲਜ਼ਾਰ ਦੇ ਸੀ।
ਜੀਵਨ ਬਖਸ਼ਿਆ ਤੂੰ ਉਹਨਾਂ ਰਜਵਾੜਿਆਂ ਨੂੰ,
ਬੰਦੀ ਬਣੇ ਜੋ ਮੁਗ਼ਲ ਸਰਕਾਰ ਦੇ ਸੀ।

'ਗਵਾਲੀਅਰ' ਦੇ ਕਿਲ੍ਹੇ ਦੀ ਤੰਗ ਦੁਨੀਆਂ,
ਤੋੜ ਸਕੀ ਨਾਂਹ ਤੇਰੀ ਪਰਵਾਜ਼ ਦੇ ਪਰ ।
ਮੁਗ਼ਲ-ਸ਼ਾਹੀ ਦੀ ਭਲਾ ਔਕਾਤ ਕੀ ਸੀ,
ਤੋੜ ਸਕਦਾ ਜੋ ਸਿੱਖੀ ਸ਼ਹਿਬਾਜ਼ ਦੇ ਪਰ।
ਸਿੱਖੀ ਮੰਜ਼ਲ ਤੇ ਸਨਮੁੱਖ ਤੂੰ ਰਿਹੋਂ ਤੁਰਦਾ,
ਫੜਕ ਸਕੇ ਨਾਂਹ, ਕਿਸੇ ਜੰਗ ਬਾਜ਼ ਦੇ ਪਰ ।
ਤੇਰੀ 'ਮੀਰੀ ਤੇ ਪੀਰੀ' ਦੀਆਂ ਸ਼ਕਤੀਆਂ ਨੇ,
ਕੱਟੇ ਜਹਾਂਗੀਰੀ ਦਗੇਬਾਜ਼ ਦੇ ਪਰ ।
ਤੇਰੇ ਸਾਜੇ ਹੋਏ ਅਕਾਲ ਤਖ਼ਤ ਅੱਗੇ,
ਸਿਰ ਝੁਕਿਆ:, ਹਿੰਦ ਦੇ ਤਾਰ ਦਾ ਏ।
ਜੋ ਕੋਈ ਵੀ ਤਖ਼ਤ ਦੀ ਸ਼ਰਨ ਆਉਂਦੈ,
'ਤਖ਼ਤ' ਉਸ ਨੂੰ ਸਦਾ ਨਿਵਾਜਦਾ ਏ।

ਛੇਵੇਂ ਨਾਨਕ ਦੇ ਰੂਪ ਵਿੱਚ ਬੈਠ ਗੱਦੀ,
ਤੂੰ ਸਿੱਖਾਂ ਨੂੰ ਨਵੀਂ ਨੁਹਾਰ ਬਖਸ਼ੀ।
ਰੱਖਿਆਂ 'ਪੀਰੀ' ਦਰਵੇਸ਼ੀ ਦੀ ਕਰਨ ਖ਼ਾਤਰ,
ਸਿੱਖ ਧਰਮ ਨੂੰ 'ਪੀਰੀ' ਤਲਵਾਰ ਬਖਸ਼ੀ।
ਬਖਸ਼ਿਆ 'ਤਖ਼ਤ ਅਕਾਲ' ਦਾ ਕੌਮ ਤਾਈਂ,
ਚੜ੍ਹਦੀ-ਕਲਾ ਵੀ ਸਦਾ-ਬਹਾਰ ਬਖਸ਼ੀ।
ਜਿਨ੍ਹਾਂ ਹੱਥਾਂ ਨੇ ਕਰਦ ਨਾ ਪਕੜ ਵੇਖੀ,
ਸ਼ਕਤੀ ਉਹਨਾਂ ਨੂੰ ਬੇ-ਸ਼ੁਮਾਰ ਬਖਸ਼ੀ।
ਅਰਜਨ ਦੇਵ ਗੁਰੁ ਕਾਇਆ ਪਲਟ ਤਾਹੀਓਂ,
ਮੂਰਤ ਹਰਿਗੋਬਿੰਦ ਸੰਵਾਰ ਦਿਤੀ।

ਛਟਮ ਪੀਰ ਭਾਰੀ, ਭਾਈ ਗੁਰਦਾਸ ਆਖੇ,
ਤੂੰ ਤਾਂ ਸਿੱਖੀ ਦੀ ਮੰਜ਼ਲ ਨਿਖ਼ਾਰ ਦਿੱਤੀ।

ਪੁਤਲਾ ਪ੍ਰੇਮ ਦਾ, ਤੈਨੂੰ ਸਭ ਨੇ ਦੁਨੀਆਂ,
ਮਾਈ 'ਭਾਗ' ਦਾ ਆਤਮ ਪੁਕਾਰਦਾ ਏ।
ਜਿਸ ਕਿਸੇ ਵੀ ਪਿਆਰ ਜ਼ੰਜੀਰ ਪਾਈ,
ਚਲਾ ਆਇਆ ਤੂੰ ਬੱਝਿਆ ਪਿਆਰ ਦਾ ਏ।
ਕਿਹਾ ਸਿੱਖ ਦਾ ਮੂੰਹ ਹੈ 'ਗੁਰੂ ਗੋਲਕ',
ਸੇਵਾ ਸਿੱਖ ਦੀ, ਕੰਮ ਉਪਕਾਰ ਦਾ ਏ।
ਤੇਰੇ ਦਵਾਰੇ ਤੋਂ ਗਿਆ ਨਾਂ ਕੋਈ ਖ਼ਾਲੀ,
ਤੇਰਾ ਤਾਂ ਜੀਵਨ ਹੀ ਪਰ-ਉਪਕਾਰ ਦਾ ਏ।

ਨਿਰਾ ਨੂਰ ਸੈਂ ਤੂੰ, ਹਰਿਗੋਬਿੰਦ ਪਿਆਰੇ,
ਐਪਰ ਦੁਸ਼ਮਣ ਲਈ, ਮੌਤ ਦਾ ਤੀਰ ਸੈਂ ਤੂੰ।
ਮੁਖ਼ਲਿਸ਼ ਖਾਂ ਦੀ ਰੂਹ ਪਈ ਕੂਕ ਆਖੇ,
ਯੋਧੇ ਸਤਿਗੁਰਾ, ਬੇ-ਨਜ਼ੀਰ ਸੈ ਤੂੰ।
ਚੌਹਾਂ ਯੁਧਾਂ ਵਿੱਚ, ਮੁਗ਼ਲ ਨਾ ਠਹਿਰ ਸਕੇ,
ਬਣਿਆ ਉਹਨਾਂ ਲਈ, ਐਸੀ ਸ਼ਮਸ਼ੀਰ ਸੈ ਤੂੰ।
ਪੈਂਦੇ ਖਾਂ ਦੇ ਬਖਸ਼ ਗੁਨਾਹ ਬਣਿਆ,
ਅੰਤ ਵੇਲੜੇ ਉਸ ਦੀ ਧਰ ਸੈ ਤੂੰ।
ਸਿੱਖਾਂ ਭੋਲਿਆਂ ਦੀ ਦਾਤਾ, ਜਿੰਦ ਸੈ ਤੂੰ,
ਮਾਤ 'ਗੰਗਾ' ਦਾ ਚਾਨਣ ਚਿਰਾਗ ਸੈ ਤੂੰ।
ਗੁਰੂ ਅਰਜਨ ਦੇ ਦਿਲ ਦੀ ਆਸ 'ਪਾਂਧੀ',
ਮਹਿਕਾਂ ਵੰਡਦਾਂ ਸਿੱਖੀ ਦਾ ਬਾਗ਼ ਸੈਂ ਤੂੰ।

• • • • • • • •

## ਅੰਮ੍ਰਿਤ ਵੇਲੇ ਦੀ ਸੰਭਾਲ

ਅੰਮ੍ਰਿਤ ਵੇਲੇ ਜਾਗਣਾ ਇਸ਼ਨਾਨ ਕਰਨਾ ਤੇ ਸੰਗਤੀ ਰੂਪ ਵਿਚ ਗੁਰੂ ਜਸ ਕਰਨਾ ਅਤੀ ਉਤਮ ਹੈ। ਵਾਹਿਗੁਰੂ ਨਾਲ ਸਾਂਝ ਪਾਉਣ ਦਾ ਇਹੀ ਸਭ ਤੋਂ ਸਰਲ ਤਰੀਕਾ ਹੈ। ਮਨ ਅਤੇ ਸਰੀਰ ਤੰਦਰੁਸਤ ਰਹਿੰਦੇ ਹਨ। ਸੰਸਾਰੀ ਕੰਮ ਭੀ ਵਕਤ ਸਿਰ ਹੋ ਜਾਂਦੇ ਹਨ।(ਗੁਰੂ ਫੁਰਮਾਨ ਹੈ)

ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥
ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥
ਉਥੈ ਅੰਮ੍ਰਿਤ ਵੰਡੀਐ ਕਰਮੀ ਹੋਇ ਪਸਾਉ॥
ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ॥

ਮ: ੨ (੧੪੬)



www.AKJ.Org

# ਗੁਰੂ ਹਰਿਗੋਬਿੰਦ ਸਾਹਿਬ ਦੀਆਂ ਬਖਸ਼ਿਸ਼ਾਂ

(ਪ੍ਰਿੰ: ਕੁਲਦੀਪ ਸਿੰਘ ਹਉਰਾ)

ਗੁਰੂ ਅਰਜਨ ਸਾਹਿਬ ਨੇ ਸ਼ਹੀਦੀ ਤੋਂ ਪਹਿਲਾਂ ਲਾਹੌਰ ਜਾਣ ਸਮੇਂ ਫੁਰਮਾਇਆ ਸੀ ਕਿ ਮੇਰੇ ਪਿਛੋਂ ਗੁਰੂ ਨਾਨਕ ਸਾਹਿਬ ਦੀ ਗੱਦੀ 'ਤੇ ਹਰਿਗੋਬਿੰਦ ਬੈਠਣਗੇ। ਗੁਰੂ ਅਰਜਨ ਸਾਹਿਬ ਨੇ ਲਾਹੌਰ ਜਾਣ ਤੋਂ ਪਹਿਲਾਂ ਇਕ ਤਰ੍ਹਾਂ ਨਾਲ (ਗੁਰੂ) ਹਰਿਗੋਬਿੰਦ ਸਾਹਿਬ ਨੂੰ ਗੱਦੀ ਸੌਂਪ ਦਿੱਤੀ ਸੀ। ਉਸ ਵੇਲੇ (ਗੁਰੂ) ਹਰਿਗੋਬਿੰਦ ਜੀ ਦੀ ਆਯੂ ਗਿਆਰਾਂ ਸਾਲਾਂ ਦੀ ਸੀ। ਆਪ ਜੀ ਦਾ ਗੁਰਿਆਈ ਸਮਾ ੧੬੦੬ ਤੋਂ ੧੬੪੪ ਤੱਕ ਦਾ ਸੀ। ਇਹ ਸਮਾਂ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ। ਪਹਿਲੇ ਕਾਲ ਵਿੱਚ ਗੁਰੂ ਸਾਹਿਬ ਨੇ ਨਵੀਂ ਨੀਤੀ ਦਾ ਵਿਕਾਸ ਕੀਤਾ। ਦੂਜੇ ਕਾਲ ਵਿੱਚ ਆਪ ਨੂੰ ਮੁਗ਼ਲ-ਸਾਮਰਾਜ ਨਾਲ ਚਾਰ ਲੜਾਈਆਂ ਲੜਨੀਆਂ ਪਈਆਂ ਤੇ ਤੀਜੇ ਕਾਲ ਵਿੱਚ ਆਪ ਨੇ ਧਰਮ-ਪ੍ਰਚਾਰ ਕੀਤਾ।

ਨਵੀਂ ਨੀਤੀ ਦੇ ਵਿਕਾਸ ਸਮੇਂ ਗੁਰੂ ਸਾਹਿਬ ਨੇ ਜੋ ਬਖਸ਼ਿਸ਼ਾਂ ਕੌਮ ਵਾਸਤੇ ਕੀਤੀਆਂ ਉਨ੍ਹਾਂ ਵਿੱਚ ਮੀਰੀ-ਪੀਰੀ, ਭਾਵ ਭਗਤੀ, ਸ਼ਕਤੀ ਅਥਵਾ ਤਲਵਾਰ ਤਸਬੀ ਜਾਂ ਮਾਲਾ-ਭਾਲਾ ਦਾ ਸਿਧਾਂਤ ਬੜਾ ਮਹੱਤਵਪੂਰਨ ਹੈ। ਇਸੇ ਸਿਧਾਂਤ ਦੀ ਪੂਰਤੀ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ, ਕਿਲ੍ਹਾ ਲੋਹਗੜ੍ਹ ਦੀ ਉਸਾਰੀ ਆਦਿ ਕਾਰਜ ਸਿਰੇ ਚੜ੍ਹਾਏ ਗਏ। ਧਰਮ ਤੇ ਰਾਜਨੀਤੀ ਦਾ ਸੁਮੇਲ ਗੁਰੂ ਸਾਹਿਬ ਦੀ ਵੱਡਮੁੱਲੀ ਦੇਣ ਹੈ।

ਗੁਰੂ ਸਾਹਿਬ ਦੀ ਆਗਿਆ ਅਨੁਸਾਰ ਬਾਬਾ ਬੁੱਢਾ ਜੀ ਨੇ ਆਪ ਨੂੰ ਦੋ ਤਲਵਾਰਾਂ (ਮੀਰੀ ਤੇ ਪੀਰੀ) ਪਹਿਨਾਈਆਂ। ਗੁਰੂ ਸਾਹਿਬ ਨੇ ਫ਼ੁਰਮਾਇਆ ਕਿ ਤਬਦੀਲ ਹੋਏ ਹਾਲਾਤ ਵਿੱਚ ਸੇਲੀ ਦੀ ਥਾਂ ਤਲਵਾਰ ਦਾ ਗਾਤਰਾ ਹੋਵੇਗਾ। ਆਪ ਜੀ ਨੇ ਦਸਤਾਰ ਵੀ ਸ਼ਾਹੀ-ਠਾਠ ਵਾਲੀ ਸਜਾਈ, ਤਖ਼ਤ ਨਸ਼ੀਨੀ ਵੇਲੇ ਢਾਡੀ ਅਬਦੁੱਲਾ ਨੇ ਜੋ ਵਾਰ ਪੜ੍ਹੀ, ਉਸ ਵਿੱਚ ਸਾਫ਼ ਕਿਹਾ ਗਿਆ ਸੀ :

"ਦੋ ਤਲਵਾਰੀ ਬੱਧੀਆਂ, ਇਕ ਮੀਰੀ ਦੀ ਇਕ ਪੀਰੀ ਦੀ।
ਇਕ ਅਜ਼ਮਤ ਦੀ, ਇਕ ਰਾਜ ਦੀ,
ਇਕ ਰਾਖੀ ਕਰੇ ਵਜ਼ੀਰ ਦੀ।
ਹਿੰਮਤ ਬਾਹਾਂ ਕੋਟਗੜ੍ਹ, ਦਰਵਾਜਾ ਬਲਖ ਬਖੀਰ ਦੀ।
ਨਾਲ ਸਿਪਾਹੀ ਨੀਲ ਨਲ, ਮਾਰ ਦੁਸਟਾਂ ਕਰੇ ਤਗੀਰ ਜੀ।
ਪੱਗ ਤੇਰੀ ਕੀ ਜਹਾਂਗੀਰ ਦੀ।"

ਇਸ ਵਾਰ ਦੇ ਬੋਲ ਪੜ੍ਹਣ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਚੜ੍ਹਦੀ ਕਲਾ ਦਾ ਟਾਕਰਾ ਸਿੱਧਾ ਹੀ ਜਹਾਂਗੀਰ ਦੀ ਪਗੜੀ ਤੇ ਸ਼ਾਨ ਨਾਲ ਕੀਤਾ ਗਿਆ ਹੈ।

ਇਹ ਕੁਝ ਜਾਣ-ਬੁੱਝ ਕੇ ਤੇ ਸੋਚੀ-ਸਮਝੀ ਪਾਲਿਸੀ ਅਨੁਸਾਰ ਕੀਤਾ ਜਾ ਰਿਹਾ ਸੀ, ਜਿਸ ਦਾ ਭਾਵ ਇਹ ਸੀ ਕਿ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਤੋਂ ਸਿੱਖ ਕਿਤੇ ਢਹਿੰਦੀਆਂ ਕਲਾਂ 'ਚ ਨਾ ਚਲੇ ਜਾਣ। ਉਨ੍ਹਾਂ ਦਾ ਉਤਸ਼ਾਹ ਕਾਇਮ ਰੱਖਣਾ ਬੜਾ ਜ਼ਰੂਰੀ ਸੀ। ਉਨ੍ਹਾਂ ਨੂੰ ਇਸ ਗੱਲ ਦਾ ਵਿਸ਼ਵਾਸ਼ ਕਰਾਉਣ ਦੀ ਲੋੜ ਸੀ ਕਿ ਸੱਚ ਤੇ ਧਰਮ ਦੀ ਸਦਾ ਹੀ ਜਿੱਤ ਹੁੰਦੀ ਹੈ, ਝੂਠ ਤੇ ਅਧਰਮ ਸਦਾ ਹਾਰਦਾ ਹੈ। ਡਰ ਇਹ ਸੀ ਕਿ ਇਸ ਸਥਿਤੀ ਤੋਂ ਭੈ-ਭੀਤ ਹੋ ਕੇ ਸਿੱਖ ਕਿਧਰੇ ਉਦਾਸੀ ਨਾ ਬਣ ਬੈਠਣ ਤੇ ਨਿਰਾਸਤਾ ਤੇ ਨਿਰਬਲਤਾ ਦੇ ਟੋਏ ਵਿੱਚ ਨਾ ਡਿੱਗ ਪੈਣ। ਇਹ ਵੀ ਖਦਸ਼ਾ ਸੀ ਕਿ ਹਾਰ ਦਾ ਅਸਰ ਮਾਨਸਿਕਤਾ ਉਤੇ ਅਸਰ-ਅੰਦਾਜ਼ ਨਾ ਹੋ ਜਾਵੇ। ਇਸ ਲਈ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਦਾ ਅਸਰ ਸਿੱਖਾਂ ਦੇ ਹਿਰਦਿਆਂ ਵਿੱਚ ਜੋਸ਼ ਤੇ ਚੜ੍ਹਦੀ ਕਲਾ ਪੈਦਾ ਕਰਨ ਵੱਲ ਲਗਾਉਣ ਬਾਰੇ ਸੋਚ ਲਿਆ ਸੀ। ਇਸ ਲਈ ਸਿੱਖਾਂ ਨੂੰ ਨਵਾਂ ਪ੍ਰੋਗਰਾਮ ਦੇਣਾ ਜ਼ਰੂਰੀ ਸਮਝਿਆ ਗਿਆ। ਗੁਰੂ ਅਰਜਨ ਸਾਹਿਬ ਵੀ ਆਪਣੇ ਅੰਤਲੇ ਸੁਨੇਹੇ ਵਿੱਚ ਸੰਕੇਤ ਕਰ ਗਏ ਸਨ ਕਿ ਜੇਕਰ ਸਿੱਖ ਸ੍ਵੈਮਾਣ ਨਾਲ ਜਿਊਣਾ ਚਾਹੁੰਦੇ ਹਨ ਤਾ ਉਹਨਾਂ ਨੂੰ ਵਰਤਮਾਨ ਹਾਲਾਤ ਤੇ ਸਮੇਂ ਅਨੁਸਾਰ ਪ੍ਰੋਗਰਾਮ ਵਿੱਚ ਤਬਦੀਲੀ ਲਿਆਉਣੀ ਪਵੇਗੀ। ਉਹਨਾਂ ਨੂੰ ਧਾਰਮਕ-ਜੀਵਨ ਆਜ਼ਾਦੀ ਨਾਲ ਬਤੀਤ ਕਰਨ ਲਈ, ਆਪਣੀ ਰਖਿਆ ਲਈ ਹਥਿਆਰ-ਬੰਦ ਹੋਣਾ ਪਵੇਗਾ, ਭਾਵ "ਸੰਤ-ਸਿਪਾਹੀ" ਦਾ ਰੂਪ ਧਾਰਨਾ ਪਵੇਗਾ। ਭਗਤੀ ਤੇ ਸ਼ਕਤੀ ਦਾ ਆਪਸ ਵਿੱਚ ਸੁਮੇਲ ਹੋਵੇਗਾ ਤਾਂ ਹੀ ਸ੍ਵੈਮਾਨ ਨਾਲ ਜੀਵਿਆ ਜਾ ਸਕੇਗਾ। ਲਗਭਗ ਸਭ ਸਿੱਖ ਵਿਦਵਾਨ ਇਸ ਗੱਲ ਨਾਲ ਸਹਿਮਤ ਹਨ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਤੇ ਪੀਰੀ ਅਥਵਾ ਸੰਤ-ਸਿਪਾਹੀ ਦਾ ਸਿਧਾਂਤ ਬਖਸ਼ਿਸ਼ ਕਰਕੇ ਕੌਮ ਨੂੰ ਨਰੋਆ-ਮਾਰਗ ਪ੍ਰਦਾਨ ਕੀਤਾ।

ਨਾ ਕੇਵਲ ਸਿੱਖ ਵਿਦਵਾਨ ਹੀ ਸਗੋਂ ਗੈਰ-ਸਿੱਖ ਇਤਿਹਾਸਕਾਰ ਵੀ ਇਸ ਗੱਲ ਨੂੰ ਮੰਨਦੇ ਹਨ ਕਿ ਗੁਰੂ ਅਰਜਨ ਸਾਹਿਬ ਨੇ ਜੋ ਅਨੁਭਵ ਕੀਤਾ ਸੀ, ਗੁਰੂ ਹਰਿਗੋਬਿੰਦ ਸਾਹਿਬ ਨੇ ਉਸ ਨੂੰ ਅਮਲੀ ਰੂਪ ਦੇ ਦਿੱਤਾ। ਇੰਦੂ ਭੂਸ਼ਨ ਬੈਨਰਜੀ ਇਸ ਕਥਨ ਨਾਲ ਸਹਿਮਤ ਹੈ ਕਿ "ਗੁਰੂ ਹਰਿਗੋਬਿੰਦ ਸਾਹਿਬ ਨੇ ਸਮਝ ਲਿਆ ਸੀ ਕਿ ਸ਼ਸ਼ਤਰ ਧਾਰਨ ਕੀਤੇ ਬਗੈਰ ਸਿੱਖ-ਲਹਿਰ ਦਾ ਜਥੇਬੰਦ ਹੋਣਾ ਮੁਸ਼ਕਿਲ ਹੀ ਨਹੀਂ, ਨਾ-ਮੁਮਕਿਨ ਵੀ ਹੈ। ਗੁਰੂ ਸਾਹਿਬ ਨੇ ਫੈਸਲਾ ਕਰ ਲਿਆ



www.AKJ.Org

ਕਿ ਉਹ ਸਿੱਖਾਂ ਨੂੰ ਆਤਮਕ ਮਾਮਲਿਆਂ ਵਿੱਚ ਅਗਵਾਈ ਦੇਣ ਦੇ ਨਾਲ-ਨਾਲ ਹੱਕਾਂ ਦੀ ਰੱਖਿਆ ਕਰਨ ਦੇ ਯੋਗ ਵੀ ਬਨਾਉਣਗੇ।

ਮੁਹਸਨ ਫਾਨੀ ਅਨੁਸਾਰ, "ਗੁਰੂ ਸਾਹਿਬ ਨੇ ਆਪ ਸਿਪਾਹੀ ਬਾਣਾ ਧਾਰਨ ਕਰ ਲਿਆ ਆਪਣੇ ਪਿਤਾ ਜੀ ਦੇ ਦਸੇ ਪੂਰਨਿਆਂ ਤੇ ਚਲਣ ਤੋਂ ਇਲਾਵਾ ਉਨ੍ਹਾਂ ਨੇ ਫੌਜ ਰੱਖੀ ਤੇ ਸ਼ਿਕਾਰ ਖੇਡਣਾ ਸ਼ੁਰੂ ਕਰ ਦਿੱਤਾ। ਗੁਰੂ ਸਾਹਿਬ ਨੇ ਮੰਗ ਕੀਤੀ ਕਿ ਮੇਰੇ ਲਈ ਸਭ ਤੋਂ ਵਧੀਆਂ ਭੇਟ ਚੰਗੇ ਸ਼ਸਤਰ ਤੇ ਚੰਗੀ ਜਵਾਨੀ ਹੋਵੇਗੀ। ਆਪ ਨੇ ਕੌਮ ਨੂੰ ਉਤਸ਼ਾਹਤ ਕਰਨ ਲਈ ਕਸਰਤਾਂ ਕਰਨ, ਕੁਸ਼ਤੀਆਂ ਲੜਨ, ਸ਼ਿਕਾਰ ਖੇਡਣ, ਘੋੜ-ਸਵਾਰੀ ਕਰਨ ਦੀ ਤਾਕੀਦ ਕੀਤੀ। ਆਪ ਨੇ ਫੁਰਮਾਇਆ " ਤਲਵਾਰ ਫੜੋ ਤਾਂ ਕਿ ਜ਼ਾਲਮ ਜ਼ੁਲਮ ਕਰਨ ਤੋਂ ਬਾਜ ਆਵੇ।" ਆਪ ਨੇ ਮਿੱਧੇ ਤੇ ਲਿਤਾੜੇ ਹੋਏ ਪੰਜਾਬ ਤੇ ਕੁਚਲੀ ਹੋਈ ਜਨਤਾ ਨੂੰ ਮਜ਼ਬੂਤ ਪੈਰਾਂ 'ਤੇ ਖੜਾ ਕਰਕੇ ਸ੍ਵੈਮਾਨ ਦਾ ਜੀਵਨ ਬਤੀਤ ਕਰਨ ਦਾ ਪ੍ਰੋਗਰਾਮ ਦਿੱਤਾ। ਆਪ ਜੀ ਨੇ ਆਪਣੀ ਨਵੀਂ-ਨੀਤੀ ਤੋਂ ਸੁਚੇਤ ਕਰਨ ਲਈ ਮਸੰਦਾਂ ਨੂੰ ਹੁਕਮ-ਨਾਮੇ ਭੇਜੇ ਕਿ ਉਹ ਸਿੱਖਾਂ ਨੂੰ ਮਾਇਆਂ ਦੀ ਥਾਂ ਹਥਿਆਰ ਤੇ ਘੋੜੇ ਭੇਟਾ ਕਰਨ ਦੀ ਪ੍ਰੇਰਨਾ ਦੇਣ । ਇਹ ਖਬਰਾਂ ਸੁਣ ਕੇ ਜਿਹੜੇ ਯੋਧੇ ਗੁਰੂ ਜੀ ਪਾਸ ਆਏ, ਆਪ ਨੇ ਉਹਨਾਂ ਵਿਚੋਂ ਚੋਣਵੇਂ ਪੰਜਾਹ ਜਵਾਨ ਨਿੱਜੀ ਅੰਗ-ਰੱਖਿਅਕਾਂ ਦੇ ਤੌਰ 'ਤੇ ਰੱਖ ਲਏ, ਇਸ ਤਰ੍ਹਾਂ ਮਾਝੇ ਤੇ ਮਾਲਵੇ ਤੋਂ ੫੦੦ ਜਵਾਨ ਹੋਰ ਆ ਗਏ। ਗੁਰੂ ਸਾਹਿਬ ਨੇ ਹਰ ਇਕ ਨੂੰ ਘੋੜਾ ਤੇ ਹਥਿਆਰ ਦਿਤੇ ਤੇ ਆਪਣੀ ਫੌਜ 'ਚ ਭਰਤੀ ਕਰ ਲਿਆ। ਆਪ ਨੇ ਸੌ-ਸੌ ਦੇ ਪੰਜ ਦੱਸਤੇ ਬਣਾਏ ਅਤੇ ਹਰ ਦੱਸਤੇ ਦਾ ਇਕ ਜਥੇਦਾਰ ਨੀਯਤ ਕੀਤਾ।

ਮੁਹਸਨਫਾਨੀ ਲਿਖਦਾ ਹੈ, ਛੇਤੀ ਹੀ ਗੁਰੂ ਜੀ ਪਾਸ ੮੦੦ ਘੋੜੇ ਹੋ ਗਏ, ੩੦੦ ਸ਼ਸਤਰ-ਬੱਧ ਸਵਾਰ ਤੇ ੬੦ ਬੰਦੂਕਚੀ ਹਰ ਸਮੇਂ ਜਾਨ ਤੱਕ ਦੀ ਬਾਜ਼ੀ ਲਾਣ ਵਾਸਤੇ ਤਿਆਰ ਰਹਿੰਦੇ ਸਨ।

ਸਿੱਖਾਂ ਨੂੰ ਸ਼ਸ਼ਤਰਧਾਰੀ ਬਣਾ ਕੇ ਗੁਰੂ ਸਾਹਿਬ ਨੇ ਮਹਿਸੂਸ ਕੀਤਾ ਕਿ ਅੰਮ੍ਰਿਤਸਰ ਨਗਰ ਦੇ ਚੌਹੀਂ ਪਾਸੀਂ ਇਕ ਫਸੀਲ ਹੋਣੀ ਚਾਹੀਦਾ ਹੈ ਤੇ ਇਕ ਕਿਲ੍ਹਾ ਵੀ। ਆਪ ਨੇ 'ਲੋਹਗੜ੍ਹ' ਨਾਂ ਦਾ ਕਿਲਾ ਉਸਾਰ ਲਿਆ। ਕਿਲ੍ਹੇ ਤੇ ਫਸੀਲ ਦੀ ਹੋਂਦ ਨੇ ਸਿੱਖਾਂ ਅੰਦਰ ਸ੍ਵੈ-ਵਿਸ਼ਵਾਸ਼ ਦੀ ਭਾਵਨਾ ਹੋਰ ਮਜ਼ਬੂਤ ਕਰ ਦਿੱਤੀ। ਗੁਰੂ ਸਾਹਿਬ ਦੀ ਨਵੀਂ ਨੀਤੀ ਅਨੁਸਾਰ ਜਿਥੇ ਸਿੱਖਾਂ ਨੂੰ ਧਾਰਮਕ-ਖੇਤਰ ਅਗਵਾਈ ਦੀ ਲੋੜ ਸੀ, ਉਥੇ ਦੁਨਿਆਵੀ-ਖੇਤਰ ਵਿੱਚ ਵੀ ਸਿਖਿਆ ਦੀ ਲੋੜ ਸੀ। ਹਰਿਮੰਦਰ ਸਾਹਿਬ ਵਿੱਚ ਬੈਠ ਕੇ ਗੁਰੂ ਸਾਹਿਬ ਸਿੱਖਾਂ ਨੂੰ ਧਾਰਮਿਕ ਸਿਖਿਆ ਦਿੰਦੇ ਸਨ। ਸੰਸਾਰਕ ਮਾਮਲਿਆਂ ਵਿੱਚ ਉਹਨਾਂ ਦੀ ਅਗਵਾਈ ਲਈ ਆਪ ਨੇ ਹਰਿਮੰਦਰ ਸਾਹਿਬ ਦੇ ਐਨ ਸਾਹਮਣੇ "ਅਕਾਲ ਤਖ਼ਤ" ਬਣਵਾਇਆ। ਡਾ: ਖਜਾਨ ਸਿੰਘ ਇਸ ਨੂੰ "ਅਕਾਲ ਬੁੰਗਾ" ਭਾਵ "ਰੱਬ ਦਾ ਘਰ" ਕਹਿੰਦਾ ਹੈ।

ਗੁਰੂ ਸਾਹਿਬ ਦਾ 'ਅਕਾਲ ਤਖ਼ਤ' ਨੂੰ ਹਰਿਮੰਦਰ ਸਾਹਿਬ ਦੇ ਸਾਹਮਣੇ ਬਨਾਉਣ ਦਾ ਵਿਸ਼ੇਸ਼ ਮੰਤਵ ਇਹ ਸੀ ਕਿ ਹਰਿਮੰਦਰ ਸਾਹਿਬ ਵਿੱਚ ਬੈਠਾ ਸਿੱਖ ਰਾਜਨੀਤੀ ਨਾ ਭੁੱਲ ਜਾਵੇ ਤੇ ਅਕਾਲ ਤਖ਼ਤ ਸਾਹਮਣੇ ਬੈਠਾ ਸਿੱਖ ਰਾਜ-ਨਸ਼ੇ ਵਿੱਚ ਧਰਮ ਨੂੰ ਨਾ ਭੁੱਲ ਜਾਵੇ। ਇਹ ਗੁਰੂ ਸਾਹਿਬ ਦੀ ਕੌਮ ਨੂੰ ਵਿਸ਼ੇਸ਼ ਦੇਣ ਹੈ। ਸਿੱਖ ਦਾ ਧਰਮ ਤੇ ਰਾਜਨੀਤੀ ਨਾਲੋ ਨਾਲ ਚਲਦੇ ਹਨ। ਸਿੱਖ ਧਰਮ ਤੇ ਰਾਜਨੀਤੀ ਨੂੰ ਅੱਡ ਕੀਤਾ ਹੀ ਨਹੀਂ ਜਾ ਸਕਦਾ। ਕੌਮ ਨੂੰ ਇਹ ਵਿਸ਼ੇਸ਼ ਬਖਸ਼ਿਸ਼ ਗੁਰੂ ਹਰਿਗੋਬਿੰਦ ਸਾਹਿਬ ਦੀ ਮਹਾਨ ਦੇਣ ਹੈ। ਅਕਾਲ ਤਖ਼ਤ ਸਾਹਿਬ ਦੀ ਸਿਰਜਨਾ ਨਾਲ ਗੁਰੂ ਹਰਿਗੋਬਿੰਦ ਸਾਹਿਬ ਨੂੰ ਨਵੀਂ ਨੀਤੀ ਦਾ ਸੰਚਾਲਨ ਕਰਨਾ ਸਹਿਜ ਹੋ ਗਿਆ।

ਗੁਰੂ ਸਾਹਿਬ ਨੇ ਸਿੱਖਾਂ ਦੇ ਹਿਰਦਿਆਂ ਵਿੱਚ ਇਹ ਜਜ਼ਬਾ ਕੁੱਟ-ਕੁੱਟ ਕੇ ਭਰ ਦਿੱਤਾ ਕਿ ਸ੍ਵੈ ਰੱਖਿਆ ਲਈ ਸ਼ਸ਼ਤਰਾਂ ਦੀ ਵਰਤੋਂ ਹਰ ਤਰ੍ਹਾਂ ਨਾਲ ਜਾਇਜ਼ ਹੈ। ਇਸ ਨਾਲ ਸਿੱਖ ਹਰ ਔਕੜ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਵਾਜ਼ ਸੁਣਦੇ ਤੇ ਉਸ ਅਨੁਸਾਰ ਅਮਲ ਕਰਦੇ। ਚਾਰ ਸੌ ਸਾਲਾਂ ਦਾ ਸਮਾਂ ਬੀਤ ਜਾਣ 'ਤੇ ਵੀ ਇਹ ਪਰੰਪਰਾ ਕਾਇਮ ਹੈ। ਸਿੱਖਾਂ ਦੇ ਸਾਰੇ ਧਰਮ-ਯੁੱਧ ਅਥਵਾ ਮੋਰਚੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੀ ਆਰੰਭ ਹੁੰਦੇ ਰਹੇ ਤੇ ਸਫਲਤਾ ਉਪਰੰਤ ਸ਼ੁਕਰਾਨੇ ਦੇ ਅਰਦਾਸੇ ਵੀ ਏਥੇ ਹੀ ਸੋਧੇ ਜਾਂਦੇ ਰਹੇ ਹਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵਲੋਂ ਸਥਾਪਿਤ, ਇਸ ਬਖਸ਼ਿਸ਼ ਨੇ ਸਿੱਖ ਕੌਮ ਨੂੰ ਕਦੇ ਡੋਲਣ ਥਿੜਕਣ ਨਹੀਂ ਦਿੱਤਾ। ਸ੍ਰੀ ਅਕਾਲ ਤਖ਼ਤ ਸਾਹਿਬ ਉਤੇ "ਗੁਰਮਤੇ" ਦੀ ਸ਼ਕਲ ਵਿੱਚ ਜੋ ਫੈਸਲਾ ਲਿਆ ਜਾਵੇ ਸਿੱਖ ਕੌਮ ਸਦਾ ਉਸ ਉਤੇ ਫੁੱਲ ਚੜ੍ਹਾਉਣ ਲਈ ਤੱਤਪਰ ਰਹਿੰਦੀ ਹੈ। ਵਿਚਾਰਾਂ ਦੀ ਇਕਸਾਰਤਾ ਹੋਣ ਕਰਕੇ ਸਿੱਖਾਂ ਵਿੱਚ ਏਕਤਾ ਬਣੀ ਰਹਿੰਦੀ ਹੈ ਤੇ ਉਹ ਗੰਭੀਰ ਤੋਂ ਗੰਭੀਰ ਸਥਿਤੀ ਤੇ ਵੀ ਕਾਬੂ ਪਾ ਲੈਂਦੇ ਹਨ। ਕੋਈ ਕਿਤਨਾ ਵੱਡਾ ਆਗੂ ਹੋਵੇ, ਕਿਤਨਾ ਸ਼ਕਤੀਸ਼ਾਲੀ ਰਾਜਸੀ ਲੀਡਰ ਹੋਵੇ, ਅਥਵਾ ਮਹਾਰਾਜਾ ਹੋਵੇ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਤੋਂ ਮੁਨਕਰ ਹੋਣ ਜਾਂ ਏਧਰ-ਉਧਰ ਹੋਣ ਦੀ ਦਲੇਰੀ ਨਹੀਂ ਕਰ ਸਕਦਾ। ਸਗੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫੈਸਲੇ ਅੱਗੇ ਹੱਥ ਜੋੜ ਕੇ ਸਿਰ ਨਿਵਾ ਕੇ, ਹੁਕਮ ਮੰਨਣ ਵਿੱਚ ਫ਼ਖਰ ਤੇ ਗੌਰਵ ਸਮਝਦਾ ਹੈ।


www.AKJ.Org

ਗੁਰੂ ਸਾਹਿਬ ਦਾ ਨਿਤਾ-ਪ੍ਰਤੀ ਦਾ ਪ੍ਰੋਗਰਾਮ ਇਸ ਗੱਲ ਦਾ ਸੂਚਕ ਸੀ ਕਿ ਆਪਨੇ ਅਧਿਆਤਮਕਤਾ ਦੇ ਰਾਹ ਨੂੰ ਕਦੇ ਵੀ ਨਹੀਂ ਛੱਡਿਆਂ। ਜੋਗੀਆਂ, ਭਗਤਾਂ ਅਤੇ ਫਕੀਰਾਂ ਨਾਲ ਧਾਰਮਕ-ਵਾਰਤਾਲਾਪ ਕਰਨੇ ਉਨ੍ਹਾਂ ਦੀ ਅਧਿਆਤਮਕਤਾ ਦੇ ਹੀ ਸੂਚਕ ਹਨ।

ਆਰਚਰ ਨੇ ਲਿਖਿਆ ਹੈ ਕਿ "ਉਹ ਆਪ ਪ੍ਰਮਾਣੀਕ ਸਿੱਖ ਸਨ, ਉਹ ਸਿਮਰਨ ਤੇ ਸਿੱਖ ਸੰਸਥਾਵਾਂ ਦੀ ਪਕਿਆਈ ਵਿੱਚ ਬਹੁਤ ਦਿਲਚਸਪੀ ਲੈਂਦੇ ਸਨ। ਆਪ ਨੇ ਜੋਗੀਆਂ, ਭਗਤਾਂ ਤੇ ਫਕੀਰਾਂ ਨੂੰ ਸਤਿਨਾਮ ਦੀ ਫਿਲਾਸਫੀ ਸਮਝਾਉਣ ਦੇ ਯਤਨ ਕੀਤੇ।

ਏਥੇ ਇਹ ਭੁਲੇਖਾ ਨਹੀਂ ਪੈਣਾ ਚਾਹੀਦਾ ਕਿ ਗੁਰੂ ਹਰਿਗੋਬਿੰਦ ਸਾਹਿਬ ਦੀ ਨੀਤੀ ਪਹਿਲੇ ਗੁਰੂ ਸਾਹਿਬਾਨ ਨਾਲੋਂ ਵੱਖਰੀ ਕਿਸਮ ਦੀ ਸੀ। ਵਾਸਤਵ ਵਿੱਚ ਇਹ ਨਵੀਂ ਨੀਤੀ ਉਸੇ ਨੀਤੀ ਦਾ ਪਾਸਾਰ ਤੇ ਵਿਕਾਸ ਸੀ, ਜਿਸ ਨੂੰ ਪਹਿਲੇ ਪੰਜ ਗੁਰੂ ਸਾਹਿਬਾਨ ਨੇ ਅਪਣਾਇਆ ਸੀ। ਕੇਵਲ ਹਾਲਾਤ ਦੀ ਤਬਦੀਲੀ ਕਰਕੇ ਹਥਿਆਰ-ਬੱਧ ਰੱਖਿਆ ਵਾਲਾ ਪੱਖ ਉਘੜ ਕੇ ਸਾਹਮਣੇ ਆ ਗਿਆ ਸੀ।

ਗੁਰੂ ਨਾਨਕ ਸਾਹਿਬ ਨੇ ਵੀ ਤਾਂ ਲੋਧੀ ਬਾਦਸ਼ਾਹਾਂ ਦੀ ਕਾਇਰਤਾ ਨੂੰ ਨੰਗਾ ਕੀਤਾ ਸੀ। ਦੇਸ਼-ਭਗਤੀ ਦਾ ਜਜ਼ਬਾ ਉਭਾਰਿਆ ਸੀ। ਬਦੇਸ਼ੀਆਂ ਦੇ ਪਹਿਰਾਵੇ ਤੇ ਬੋਲੀ ਦੀ ਆਲੋਚਨਾ ਕੀਤੀ ਸੀ। ਲੋਕਾਂ ਨੂੰ ਵਹਿਮਾਂ -ਭਰਮਾਂ ਤੇ ਪਖੰਡਾਂ ਤੋਂ ਮੁਕਤ ਕਰਾਉਣ ਦੇ ਯਤਨ ਕੀਤੇ ਸਨ। ਬਾਬਰ ਨੂੰ 'ਜਾਬਰ' ਕਿਹਾ। ਗੁਰੂ ਸਾਹਿਬ ਜਿਥੇ ਅਧਿਆਤਮਕਤਾ ਦੇ ਪੁਜਾਰੀ ਸਨ, ਉਥੇ ਜ਼ੁਲਮ ਵਿਰੁੱਧ ਆਵਾਜ਼ ਉਠਾਉਣ, ਮੁੱਢਲੇ ਹੱਕਾਂ ਦੀ ਰਾਖੀ ਲਈ ਯਤਨ ਕਰਨ ਵਾਲੇ ਵੀ ਸਨ। ਗੁਰੂ ਅੰਗਦ ਸਾਹਿਬ ਨੇ ਹਮਾਯੂੰ ਨੂੰ ਤਲਵਾਰ ਦੀ ਮੁੱਠ 'ਤੇ ਹੱਥ ਰੱਖਦਿਆਂ ਵੇਖ ਕੇ ਉਸ ਦੀ ਸੂਰਮਗਤੀ ਨੂੰ ਵੰਗਾਰਿਆ ਸੀ। ਗੁਰੂ ਅਰਜਨ ਸਾਹਿਬ ਨੇ ਸਿੱਖ ਲਹਿਰ ਨੂੰ ਆਪਣੇ ਮਹੱਤਵਪੂਰਨ ਕਾਰਜਾਂ ਰਾਹੀਂ ਸੰਗਠਿਤ ਕੀਤਾ ਤੇ "ਹਲੇਮੀ ਰਾਜ" ਦਾ ਨਕਸ਼ਾ ਖਿੱਚ ਕੇ ਦਸਿਆ ਕਿ ਰੱਬੀ-ਪ੍ਰਬੰਧ ਹੋ ਗਿਆ ਹੈ ਤੇ ਹੁਣ ਕੋਈ ਵੀ ਕਿਸੇ ਨੂੰ ਤੰਗ ਨਹੀਂ ਕਰ ਸਕੇਗਾ। ਇਹ ਸਭ ਕੁਝ ਕੀ ਸੀ ? ਇਹ ਜ਼ੁਲਮ ਵਿਰੁੱਧ ਲੜੀ ਜਾਣ ਵਾਲੀ ਲੜਾਈ ਦੀ ਤਿਆਰੀ ਸੀ ਤੇ ਹੁਣ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਨੇ ਸਿੱਖਾਂ ਨੂੰ ਵਿਸ਼ਵਾਸ਼ ਕਰਾ ਦਿੱਤਾ ਕਿ ਸ਼ਸ਼ਤਰ ਧਾਰਨ ਕੀਤੇ ਬਿਨਾਂ ਸ੍ਵੈਮਾਨ ਨਾਲ ਜੀਣਾ ਅਸੰਭਵ ਹੋ ਜਾਏਗਾ। ਸੋ ਗੁਰੂ ਹਰਿਗੋਬਿੰਦ ਸਾਹਿਬ ਦੀ ਨੀਤੀ ਪਹਿਲੇ ਗੁਰੂ ਸਾਹਿਬਾਨ ਦੀ ਨੀਤੀ ਨਾਲੋਂ ਬਿਲਕੁਲ ਵੱਖਰੀ ਨਹੀਂ ਸੀ, ਸਗੋਂ ਇਹ ਉਹੋ ਨੀਤੀ ਸੀ,ਜਿਸ ਦੀ ਨੀਂਹ ਪਹਿਲੇ ਗੁਰੂ ਸਾਹਿਬਾਨ ਨੇ ਰੱਖੀ ਸੀ। ਸਾਮਰਾਜ ਨੂੰ ਸਦਾ ਆਪਣੀ ਗੱਦੀ ਦਾ ਡਰ ਰਹਿੰਦਾ ਹੈ। ਇਸੇ ਲਈ ਉਹ ਜਨਤਾ ਨੂੰ ਜਾਗ੍ਰਿਤ ਹੋਇਆ ਵੇਖ ਨਹੀਂ ਸੁਖਾਂਦਾ। ਅਸਲ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦੀ ਗ੍ਰਿਫਤਾਰੀ ਤੇ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਦਾ ਕਾਰਨ ਵੀ ਉਨ੍ਹਾਂ ਦੀ ਨਵੀਂ ਨੀਤੀ ਸੀ। ਜਹਾਂਗੀਰ ਇਸ ਨਵੀਂ ਨੀਤੀ ਤੋਂ ਭੈ-ਭੀਤ ਸੀ। ਗੁਰੂ ਸਾਹਿਬ ਦੇ ਨਿਤ-ਪ੍ਰਤੀ ਦੇ ਪ੍ਰੋਗਰਾਮਾਂ ਵਿਚ ਕਈ ਮਹੱਤਪੂਰਨ ਤਬਦੀਲੀਆਂ ਵੇਖ ਕੇ ਸਾਮਰਾਜ ਨੂੰ ਖਤਰਾ ਪੈਦਾ ਹੋ ਗਿਆ ਸੀ। ਉਹ ਪਹਿਲੇ ਗੁਰੂ ਸਨ, ਜਿਨ੍ਹਾਂ ਨੇ ਬਾਕਾਇਦਾ ਫੌਜ ਸਥਾਪਤ ਕੀਤੀ। ਜਹਾਂਗੀਰ, ਜੋ ਗੁਰੂ ਅਰਜਨ ਸਾਹਿਬ ਦੀ ਸੁਲਹ-ਕੁਲ ਨੀਤੀ ਤੇ ਹਰਮਨ-ਪਿਆਰੇ ਹੋਣ ਨੂੰ ਬਰਦਾਸ਼ਤ ਨਾ ਕਰ ਸਕਿਆ ਤੇ ਉਨ੍ਹਾਂ ਨੂੰ ਸ਼ਹੀਦ ਕਰਵਾ ਦਿੱਤਾ, ਉਹ ਭਲਾ ਗੁਰੂ ਹਰਿਗੋਬਿੰਦ ਸਾਹਿਬ ਦੀ ਨਵੀਂ ਨੀਤੀ ਨੂੰ ਕਿਵੇਂ ਸਹਿਣ ਕਰ ਸਕਦਾ ਸੀ ? ਇਸ ਨਵੀਂ ਨੀਤੀ ਕਰਕੇ ਹੀ ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਨਜ਼ਰਬੰਦ ਕੀਤਾ ਗਿਆ ਸੀ । ਪਰ ਜਦੋਂ ਉਸ ਨੂੰ ਗੁਰੂ ਸਾਹਿਬ ਦੀ ਅਜ਼ਮਤ ਦਾ ਪਤਾ ਲੱਗਾ ਤੇ ਉਹ ਵੀ ਵਜ਼ੀਰ ਖਾਨ, ਮੀਆਂ ਮੀਰ ਸਾਹਿਬ, ਖ੍ਵਾਜਾ ਨਿਜ਼ਾਮੁਦੀਨ ਔਲੀਆ ਤੇ ਆਪਣੀ ਬੇਗਮ ਨੂਰ ਜਹਾਂਨ ਪਾਸੋਂ, ਤਾਂ ਉਹ ਬੜਾ ਪਛਤਾਇਆ ਤੇ ਉਸ ਨੂੰ ਆਪਣੀ ਭੁੱਲ ਦਾ ਅਹਿਸਾਸ ਹੋਇਆ ਤੇ ਉਸ ਗੁਰੂ ਸਾਹਿਬ ਨੂੰ ਰਿਹਾਅ ਕਰਨ ਦੇ ਹੁਕਮ ਦੇ ਦਿੱਤੇ । ਗੁਰੂ ਸਾਹਿਬ ਨੇ ਨਜ਼ਰ ਬੰਦੀ ਸਮੇਂ ਸਰਕਾਰੀ ਰੋਜ਼ੀਨਾ ਪ੍ਰਵਾਨ ਨਾ ਕੀਤਾ ਸਗੋਂ ਜੇਲ੍ਹ ਦੇ ਦਰੋਗਾ ਸ੍ਰੀ ਹਰੀ ਦਾਸ, ਜੋ ਇੱਕ ਨੇਕ ਵਿਅਕਤੀ ਸੀ, ਦੇ ਘਰੋਂ ਆਏ ਅਲੂਣੇ ਭੋਜਨ ਨੂੰ ਹੀ ਸਵੀਕਾਰ ਕਰਦੇ ਰਹੇ । ਆਪਣਾ ਰੋਜ਼ੀਨਾ ਕਿਲ੍ਹੇ ਵਿੱਚ ਕੈਦ ਪਹਾੜੀ ਤੇ ਰਾਜਪੂਤ ਰਾਜਿਆਂ ਵਿੱਚ ਵੰਡ ਦਿੰਦੇ ਰਹੇ । ਮੀਆਂ ਮੀਰ ਜੀ ਨੇ ਇੱਕ ਵਾਰੀ ਜਹਾਂਗੀਰ ਨੂੰ ਇਹ ਵੀ ਕਿਹਾ ਸੀ, "ਹਰਿ ਗੋਬਿੰਦ ਸਾਹਿਬ ਜੋ ਹੈ, ਸੋ ਕਮਬੂਲੇ ਇਲਾਹੀ ਹੈ । ਅਰ ਜਬ ਹਮਾਰੀ ਆਠਵੇਂ ਦਿਨ ਖੁਦਾ ਕੀ ਦਰਗਾਹ ਮੇਂ ਵਾਰੀ ਹੋਤੀ ਹੈ, ਉਹਾਂ ਜਾ ਕਰ ਹਮ ਅਰਜ ਕਰਤੇ ਹੈਂ, ਅਰ ਇਨ ਹੀ ਕੋ ਦੇਖਤੇ ਹੈਂ ।"

(ਮਹਿਮਾ ਪ੍ਰਕਾਸ਼ ਵਾਰਤਕ)

"ਨੂਰਜਹਾਨ ਬੇਗਮ ਨੇ ਖਾਵੰਦ ਨੂੰ ਕਿਹਾ,
"ਐਸੇ ਫਕੀਰ ਜ਼ਾਤ ਹੈ ਸਾਈਂ ਦੀ, ਸਾਈਂ ਜੈਸੇ"
ਕੈਦ ਨਹੀ ਕਰੀਏ ਕਹੇ ਕਹਾਏ ।
ਫਕੀਰ ਦੀ ਮਾਰੀ ਕੌਮ ਨਹੀਂ ਹਟਾਏ।" (ਬੰਸਾਵਲੀ ਨਾਮਾ)

ਇਨ੍ਹਾਂ ਸਬੂਤਾਂ ਦੇ ਹੁੰਦਿਆਂ ਇਹ ਕਹਿਣਾ ਕਿ ਗੁਰੂ ਹਰਿਗੋਬਿੰਦ ਸਾਹਿਬ ਕੇਵਲ ਸਿੱਖਾਂ ਵਿੱਚ ਹੀ ਮਕਬੂਲ ਸਨ, ਗਲਤ ਹੀ ਨਹੀਂ ਸਰਾਸਰ ਝੂਠ ਹੈ । ਉਹ ਤਾਂ ਮਨੁੱਖਤਾ


www.AKJ.Org

ਦੇ ਪਿਆਰੇ, ਗਰੀਬ-ਗੁਰਬੇ ਦੇ ਸਹਾਇਕ ਤੇ ਜ਼ੁਲਮ ਦੇ ਵੈਰੀ ਸਨ । ਉਨ੍ਹਾਂ ਨੂੰ ਸਮੁੱਚੀ ਮਾਨਵਤਾ ਨਾਲ ਪਿਆਰ ਸੀ । ਉਹ ਜਨਤਾ ਨੂੰ ਦੁਖੀ ਨਹੀਂ ਸਨ ਦੇਖ ਸਕਦੇ । ਪ੍ਰਿੰਸੀਪਲ ਸਤਿਬੀਰ ਸਿੰਘ ਦੇ ਲਿਖੇ ਅਨੁਸਾਰ, "ਜਦੋਂ ਆਪ ਸਤਾਈ ਮਹੀਨੇ ਦੇ ਕਰੀਬ ਜੇਲ੍ਹ ਵਿੱਚ ਰਹਿ ਕੇ ੧੬੧੨ ਈਸਵੀ ਦੀ ਦੀਵਾਲੀ ਨੂੰ ਸ੍ਰੀ ਅੰਮ੍ਰਿਤਸਰ ਪੁੱਜੇ ਤਾਂ ਸਿੱਖ ਸੰਗਤਾਂ ਨੇ ਅਪਾਰ ਖੁਸ਼ੀਆਂ ਕੀਤੀਆਂ ।" (ਗੁਰਭਾਰੀ-ਪੰਨਾ ੪੬)

ਗੁਰੂ ਸਾਹਿਬ ਦੁਖੀਆਂ ਤੇ ਦਰਦ-ਵੰਦਾ ਦੇ ਮਸੀਹਾ ਸਨ । ਆਪ ਨੇ ਉਦੋਂ ਤੱਕ ਆਪਣੀ ਰਿਹਾਈ ਪ੍ਰਵਾਨ ਨਾ ਕੀਤੀ, ਜਦ ਤੱਕ ਕਿਲ੍ਹੇ ਵਿੱਚ ਕੈਦ ਰਾਜੇ ਵੀ ਰਿਹਾਅ ਨਾ ਕਰ ਦਿੱਤੇ ਗਏ । ਉਸ ਦਿਨ ਤੋਂ ਆਪ ਬੰਦੀ ਛੋੜ ਦਾਤਾਰ ਕਹੇ ਜਾਣ ਲੱਗ ਪਏ । "ਸੱਚੇ ਪਾਤਸ਼ਾਹ" "ਮੀਰੀ-ਪੀਰੀ ਦੇ ਮਾਲਕ", "ਵੱਡ-ਯੋਧੇ", "ਦਲ-ਭੰਜਨ", "ਗੁਰੂ-ਸੂਰਮਾ", "ਪਰਉਪਕਾਰੀ" ਤਾਂ ਉਹ ਪਹਿਲਾਂ ਹੀ ਸਨ । ਹੁਣ ਆਪ ਦੇ ਨਾਂ ਨਾਲ "ਬੰਦੀ-ਛੋੜ-ਦਾਤਾਰ" ਦਾ ਲਕਬ ਲੱਗਣਾ ਦੱਸਦਾ ਹੈ ਕਿ ਗੁਰੂ ਸਾਹਿਬ ਕਿਤਨੇ ਮਹਾਨ ਸਨ । ਭਾਈ ਗੁਰਦਾਸ ਸਾਹਿਬ ਨੇ ਆਪ ਬਾਰੇ ਲਿਖਿਆ ਹੈ:

ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ ।
ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ ।
ਚਲੀ ਪੀੜੀ ਸੋਢੀਆ ਰੂਪ ਦਿਖਾਵਣਿ ਵਾਰੋ ਵਾਰੀ ।
ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ ।
(ਵਾਰ ੧/੪੮)

ਮੁਹਸਨ ਫਾਨੀ ਆਪਣੇ ਤਜਰਬੇ ਤੋਂ ਲਿਖਦਾ ਹੈ ਕਿ ਜਦੋਂ ਵੀ ਸਿੱਖ ਕੋਈ ਔਕੜ ਮਹਿਸੂਸ ਕਰਦੇ, ਭਾਵੇਂ ਉਹ ਵਿਅਕਤੀਗਤ ਹੁੰਦੀ ਜਾਂ ਸਾਂਝੀ ਤਾਂ ਉਹ ਮਿਲਕੇ ਅਰਦਾਸ ਕਰਦੇ । ਸੰਗਤ ਵਿੱਚ ਅਰਦਾਸ ਕਰਨ ਸਮੇਂ ਉਹ ਸਤਿਗੁਰੂ ਨੂੰ ਹਾਜ਼ਰ-ਨਾਜ਼ਰ ਜਾਣਦੇ । ਗੁਰੂ ਹਰਿ ਗੋਬਿੰਦ ਸਾਹਿਬ ਨੇ ਨੇਕ-ਇੱਛਾ ਦੀ ਪੂਰਤੀ ਲਈ ਮਿਲ ਕੇ ਅਰਦਾਸ ਕਰਨ ਦੀ ਪਿਰਤ ਤੋਰੀ ।

ਗੁਰੂ ਸਾਹਿਬ ਨੇ ਸਿੱਖਾਂ ਅੰਦਰ ਅਨੁਸਾਸ਼ਨ ਦਾ ਗੁਣ ਪੈਦਾ ਕਰਨ ਲਈ ਉਹਨਾਂ ਨੂੰ ਫਰਜ਼ਾਂ ਦੀ ਪਹਿਚਾਣ ਕਰਨ ਤੇ ਦੂਜਿਆਂ ਨਾਲ ਪਿਆਰ ਰੱਖਣ ਅਤੇ ਮਨ ਵਿੱਚ ਸ਼ਰਧਾ-ਭਾਵਨਾ ਰੱਖਣ ਦੇ ਉਪਦੇਸ਼ ਦਿੱਤੇ ।

ਇਤਿਹਾਸ ਵਿੱਚ ਵਰਨਣ ਆਉਂਦਾ ਹੈ ਕਿ ਜਦੋਂ ਇਤਮਾਦ-ਉਦ-ਦਉਲਾ ਦੇ ਸੱਦੇ ਤੇ ਜਹਾਂਗੀਰ ਲਾਹੌਰ ਆਇਆ ਤਾਂ ਨੂਰਜਹਾਨ ਸਮੇਤ ਅੰਮ੍ਰਿਤਸਰ ਵੀ ਹਾਜ਼ਰ ਹੋਇਆ । ਦਰਬਾਰ ਸਾਹਿਬ ਦੇ ਦਰਸ਼ਨ ਕੀਤੇ ਤੇ ਸ੍ਰੀ ਅਕਾਲ ਤਖਤ ਸਾਹਿਬ ਤੇ ਸਜੇ ਦੀਵਾਨ ਵਿੱਚ ਨਿਮਰਤਾ ਸਹਿਤ ਬੈਠਾ ਰਿਹਾ । ਕੁਝ ਚਿਰ ਕੀਰਤਨ ਵੀ ਸੁਣਿਆ । ਗੁਰੂ ਸਾਹਿਬ ਨੇ ਉਸ ਦੇ ਆਉਣ 'ਤੇ ਕੋਈ ਉਚੇਚ ਨਾ ਕੀਤਾ ਤੇ ਉਸ ਦਾ ਆਉਣਾ ਇੱਕ ਆਮ ਸ਼ਰਧਾਲੂ ਵਾਂਗ ਲਿਆ । 'ਗੁਰ ਬਿਲਾਸ' ਅਨੁਸਾਰ,

"ਜਹਾਂਗੀਰ ਤਹਿ ਜਾਇ ਹੋ ਅਧੀਨ ਬੈਠ ਭਯੋ ।
ਪਾਛੈ ਦੂਰ ਹਟਾਇ ਸੁਨਤ ਸ਼ਬਦ ਧਰ ਪ੍ਰੇਮ ਕੌ ॥੬੧੭॥"

ਦੀਵਾਨ ਦੀ ਸਮਾਪਤੀ ਪਿੱਛੋਂ ਗੁਰੂ ਜੀ ਉਸ ਨੂੰ ਮਿਲੇ । ਫੌਜ ਸਮੇਤ ਉਸ ਨੂੰ ਪ੍ਰਸ਼ਾਦ ਛਕਾਇਆ। ਜਹਾਂਗੀਰ ਨੇ ਸ਼ਾਹੀ ਖਜ਼ਾਨੇ 'ਚੋਂ ਖਰਚ ਦੇਣ ਦੀ ਇੱਛਾ ਪ੍ਰਗਟਾਈ ਤਾਂ ਗੁਰੂ ਸਾਹਿਬ ਨੇ ਕਿਹਾ ਇਹ ਸਭ ਕੁਝ ਸੰਗਤ ਦਾ ਹੈ ਤੇ ਸੰਗਤ ਹੀ ਇਸ ਖਰਚ ਨੂੰ ਚਲਾਉਂਦੀ ਹੈ। ਇਹ ਵਰਨਣ ਸਿੱਧ ਕਰਦਾ ਹੈ ਕਿ ਗੁਰੂ ਦਰਬਾਰ ਵਿੱਚ ਰਾਉ-ਰੰਕ ਦਾ ਭੇਦ ਕੋਈ ਨਹੀਂ। ਉਥੇ ਸਭ ਇੱਕ ਸਮਾਨ ਹਨ । ਇਸ ਤੋਂ ਗੁਰੂ ਸਾਹਿਬ ਦੀ ਦ੍ਰਿੜਤਾ, ਨਿਰਭੈਤਾ ਤੇ ਸੂਰਵੀਰਤਾ ਵਾਲਾ ਅਕਸ ਉਜਾਗਰ ਹੁੰਦਾ ਹੈ। ਇਹ ਜੋ ਪੂਰਨੇ ਗੁਰੂ ਸਾਹਿਬ ਨੇ ਪਾਏ, ਇਸ ਲਈ ਸਨ ਕਿ ਸ੍ਰੀ ਹਰਿਮੰਦਰ ਸਾਹਿਬ ਜਾਂ ਸ੍ਰੀ ਅਕਾਲ ਤਖਤ ਸਾਹਿਬ 'ਤੇ ਕਿਸੇ ਨਾਲ ਵਿਸ਼ੇਸ਼ ਸਲੂਕ ਨਹੀਂ ਕਰਨੀ ਸਗੋਂ ਸਭ ਨੂੰ ਇੱਕ ਸਮਾਨ ਸਮਝਣਾ ਹੈ । ਇਹ ਜੋ ਪਰੰਪਰਾ ਗੁਰੂ ਸਾਹਿਬ ਨੇ ਸਥਾਪਿਤ ਕੀਤੀ, ਅੱਜ ਤੱਕ ਉਸੇ ਤਰ੍ਹਾਂ ਬਰਕਰਾਰ ਹੈ ।

ਆਮ ਕਰਕੇ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਮੁਗਲ ਬਾਦਸ਼ਾਹ ਇਮਾਰਤਾਂ, ਬਾਗ ਆਦਿ ਬਨਵਾਉਣ ਦੇ ਬੜੇ ਸ਼ੌਕੀਨ ਸਨ, ਪਰ ਜੇ ਗਹੁ ਨਾਲ ਗੁਰ-ਇਤਿਹਾਸ ਪੜ੍ਹਿਆ ਜਾਵੇ ਤਾਂ ਪਤਾ ਲੱਗ ਜਾਦਾ ਹੈ ਕਿ ਗੁਰੂ ਸਾਹਿਬਾਨ ਵੀ ਇਸ ਪਾਸੇ ਖਾਸ ਰੁਚੀ ਰੱਖਦੇ ਸਨ । ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਜਿੱਥੇ ਸਿੱਖਾਂ ਵਿੱਚ ਨਵੀਂ-ਨੀਤੀ ਦਾ ਨਿਰਮਾਣ ਕੀਤਾ, ਚਾਰ ਲੜਾਈਆਂ ਲੜੀਆਂ ਤੇ ਚਾਰੇ ਹੀ ਜਿੱਤੀਆਂ, ਧਰਮ ਪ੍ਰਚਾਰ ਵੱਲ ਉਚੇਚਾ ਧਿਆਨ ਦਿੱਤਾ, ਉਥੇ ਸਮਾਂ ਕੱਢ ਕੇ ਭਵਨ-ਨਿਰਵਾਣ ਤੇ ਨਗਰ-ਨਿਰਮਾਣ ਵੱਲ ਵੀ ਧਿਆਨ ਦਿੱਤਾ। ਗੁਰੂ ਸਾਹਿਬ ਦੀ ਸਥਾਪਿਤ ਕੀਤੀ ਹੋਈ ਇਸ ਬਖਸ਼ਿਸ਼ ਨੂੰ ਅੱਗੋਂ ਸਿੱਖ-ਸਰਦਾਰਾਂ ਤੇ ਮਹਾਰਾਜਿਆਂ ਨੇ ਹੋਰ ਵਿਕਸਿਤ ਕੀਤਾ ।

ਜਦੋਂ ਗੁਰੂ ਹਰਿਗੋਬਿੰਦ ਸਾਹਿਬ ਬਰੇਲੀ, ਲਕਸਰ, ਹਰਦੁਆਰ, ਰਿਖੀਕੇਸ਼ ਤੇ ਗੜ੍ਹਵਾਲ ਦੀ ਰਾਜਧਾਨੀ ਸ੍ਰੀ ਨਗਰ ਵੱਲ ਰਟਨ ਕਰ ਰਹੇ ਸਨ ਤਾਂ ਆਪ ਜੀ ਦਾ ਮੇਲ ਮਹਾਰਾਸ਼ਟਰ ਦੇ ਪ੍ਰਸਿੱਧ ਸੰਤ ਸਮਰੱਥ ਰਾਮਦਾਸ ਨਾਲ ਹੋਇਆ । ਗੁਰੂ ਸਾਹਿਬ ਉਸ ਸਮੇਂ ਸ਼ਿਕਾਰ ਖੇਡ ਕੇ ਮੁੜੇ ਹੀ ਸਨ ਤੇ ਲਾਉ ਲਸ਼ਕਰ ਉਨ੍ਹਾਂ ਦੇ ਨਾਲ ਹੀ ਸੀ । ਵੇਖ ਕੇ ਸ੍ਰੀ ਰਾਮਦਾਸ


www.AKJ.Org

ਜੀ ਨੇ ਕਿਹਾ, "ਮੈਂ ਤਾਂ ਸੁਣਿਆ ਹੈ ਕਿ ਤੁਸੀਂ ਗੁਰੂ ਨਾਨਕ ਜੀ ਦੀ ਗੱਦੀ ਉਤੇ ਬਿਰਾਜਮਾਨ ਹੋ ਪਰ ਗੁਰੂ ਨਾਨਕ ਜੀ ਤਾਂ ਤਿਆਗੀ ਸਾਧੂ ਸਨ ਪਰ ਤੁਸੀਂ ਸੈਨਿਕ ਠਾਠ-ਬਾਠ ਰੱਖਦੇ ਹੋ । ਤੁਸੀਂ ਕੈਸੇ ਸਾਧੂ ਹੋ?

ਗੁਰੂ ਸਾਹਿਬ ਮੁਸਕਰਾ ਕੇ ਕਹਿਣ ਲੱਗੇ, "ਬਾਤਨ ਫਕੀਰੀ, ਜ਼ਾਹਿਰ ਅਮੀਰੀ, ਸ਼ਸਤਰ ਗਰੀਬ ਕੀ ਰੱਖਿਆ ਔਰ ਜਰਵਾਣੇ ਕੀ ਭੱਖਿਆ ਕੇ ਲੀਏ ਹੈ । ਗੁਰੂ ਨਾਨਕ ਨੇ ਸੰਸਾਰ ਨਹੀਂ ਤਿਆਗਿਆ ਸੀ, ਮਾਇਆ ਤਿਆਗੀ ਸੀ ।" ਸੰਤ ਰਾਮਦਾਸ ਜੀ ਸੁਣ ਕੇ ਪ੍ਰਸੰਨ ਹੋਏ ਤੇ ਕਹਿਣ ਲੱਗੇ, "ਯਹ ਬਾਤ ਹਮਾਰੇ ਮਨ ਭਾਵਤੀ ਹੈ।" ਸ਼ਾਹ ਜਹਾਨ ਨੇ ਆਪਣੀ ਕੱਟੜ ਨੀਤੀ ਕਾਰਨ ਗੁਰੂ ਸਾਹਿਬ ਦੀ ਨਵੀਂ ਨੀਤੀ ਕਾਰਨ ਗੁਰੂ ਸਾਹਿਬ ਦੀ ਨਵੀਂ ਨੀਤੀ ਦਾ ਖਾਸ ਨੋਟਿਸ ਲਿਆ । ਮੁਗਲ ਅਤਿਆਚਾਰਾਂ ਦਾ ਟਾਕਰਾ ਕਰਨ ਲਈ ਗੁਰੂ ਸਾਹਿਬ ਨੇ ਤਗੜੀ ਫੌਜ ਜੱਥੇ-ਬੰਦ ਕਰ ਲਈ। ਉਨ੍ਹਾਂ ਦਾ ਰਹਿਣ-ਸਹਿਣ ਵੀ ਸ਼ਾਹੀ ਠਾਠ-ਬਾਠ ਵਾਲਾ ਸੀ । ਸਿੱਖ ਆਪ ਨੂੰ "ਸੱਚਾ ਪਾਤਸ਼ਾਹ" ਕਹਿੰਦੇ ਸਨ । ਉਹ ਸ੍ਰੀ ਅਕਾਲ ਤਖਤ ਸਾਹਿਬ 'ਤੇ ਬੈਠ ਕੇ ਫੈਸਲੇ ਕਰਦੇ ਸਨ । ਅੰਮ੍ਰਿਤਸਰ ਸ਼ਹਿਰ ਦੀ ਆਪ ਨੇ ਕਿਲ੍ਹਾ-ਬੰਦੀ ਕਰ ਲਈ ਸੀ । ਗੁਰੂ ਸਾਹਿਬ ਦੀ ਵੱਧਦੀ ਰਾਜਨੀਤਕ ਤੇ ਫੌਜੀ ਸ਼ਕਤੀ ਨੇ ਸ਼ਾਹ ਜਹਾਨ ਦੇ ਮਨ ਵਿੱਚ ਸ਼ੰਕੇ ਵਧਾ ਦਿੱਤੇ ਸਨ ਤੇ ਉਹ ਗੁਰੂ ਸਾਹਿਬ ਦੀਆਂ ਕਾਰਵਾਈਆਂ ਨੂੰ ਖਤਰਨਾਕ ਸਮਝਣ ਲੱਗ ਪਿਆ ਸੀ ਤੇ ਉਸ ਅੰਦਰ ਤੌਖਲਾ ਵੱਧ ਗਿਆ ਸੀ । ਇਨ੍ਹਾਂ ਕਾਰਨਾਂ ਕਰਕੇ ਹੀ ਅੰਮ੍ਰਿਤਸਰ ਦੀ ਲੜਾਈ, ਹਰਿਗੋਬਿੰਦ ਪੁਰ ਦੀ ਲੜਾਈ, ਗੁਰੂ ਸਰ ਦੀ ਲੜਾਈ ਤੇ ਕਰਤਾਰਪੁਰ ਦੀ ਲੜਾਈ ਹੋਈ । ਲੜਾਈਆਂ ਵਿੱਚ ਜਿੱਤਾਂ ਪ੍ਰਾਪਤ ਕਰਕੇ ਸਿੱਖਾਂ ਵਿੱਚ ਆਤਮ-ਵਿਸ਼ਵਾਸ ਵੱਧ ਗਿਆ । ਉਹਨਾਂ ਨੂੰ ਵਿਸ਼ਵਾਸ ਹੋ ਗਿਆ ਕਿ ਉਹ ਮੁਗਲਾਂ ਤੋਂ ਕਿਸੇ ਪੱਖੋਂ ਵੀ ਘੱਟ ਜਾਂ ਮਾੜੇ ਨਹੀਂ । ਇਸ ਦਾ ਸਭ ਤੋਂ ਵੱਡਾ ਪ੍ਰਤੀਕਰਮ ਇਹ ਹੋਇਆ ਕਿ ਦੁਖੀ, ਸਤਾਏ ਹੋਏ ਤੇ ਲਿਤਾੜੇ ਹੋਏ ਲੋਕ ਗੁਰੂ ਸਾਹਿਬ ਨੂੰ ਆਪਣੀਆਂ ਔਕੜਾਂ ਦਾ ਦਾਰੂ ਤੇ ਆਪਣਾ ਸਹਾਈ ਸਮਝਣ ਲੱਗ ਪਏ। ਸੋ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਸਥਾਪਿਤ ਕੀਤੀਆਂ ਬਖਸ਼ਿਸ਼ ਵਿੱਚੋਂ ਹਿਹ ਮਹਾਨ ਬਖਸ਼ਿਸ਼ ਸੀ ਕਿ ਉਨ੍ਹਾਂ ਨੇ ਲੋਕਾ ਅੰਦਰ ਸ੍ਵੈ-ਵਿਸ਼ਵਾਸ ਤੇ ਔਕੜਾਂ ਨਾਲ ਜੂਝਣ ਤੇ ਟਾਕਰਾ ਕਰਨ ਦੀ ਸਮਰੱਥਾ ਪੈਦਾ ਕਰ ਦਿੱਤੀ । ਸਿੱਖਾਂ ਤੋਂ ਛੁੱਟ ਬਾਕੀ ਲੋਕ ਵੀ ਗੁਰੂ ਸਾਹਿਬ ਨੂੰ ਮਸੀਹਾ ਸਮਝਣੇ ਲੱਗ ਪਏ। ਉਹ ਸਮਝਦੇ ਸਨ ਕਿ ਗੁਰੂ ਸਾਹਿਬ ਕਰਕੇ ਅਸੀਂ ਹਰ ਪ੍ਰਕਾਰ ਸੁਰੱਖਿਅਤ ਹਾਂ ।

ਆਪ ਜੀ ਗੁਰਬਾਣੀ ਦਾ ਬੇਹੱਦ ਸਤਿਕਾਰ ਕਰਦੇ ਸਨ । ਸਿੱਖ ਇਤਿਹਾਸ ਵਿੱਚ ਜਪੁਜੀ ਦਾ ਸ਼ੁੱਧ ਪਾਠ ਕਰਨ ਵਾਲੇ ਭਾਈ ਗੁਪਾਲਾ ਜੀ ਨੂੰ ਗੁਰ ਗੱਦੀ ਤੱਕ ਸੌਂਪਣ ਦਾ ਜ਼ਿਕਰ ਆਉਂਦਾ ਹੈ। ਇਹ ਵੱਖਰੀ ਗੱਲ ਹੈ ਕਿ ਭਾਈ ਸਾਹਿਬ ਦੀ ਇੱਛਿਆ ਅਨੁਸਾਰ ਆਪ ਨੂੰ ਚੀਨਾ ਘੋੜਾ ਬਖਸ਼ਿਸ਼ ਕੀਤਾ ਗਿਆ। ਗੁਰੂ ਸਾਹਿਬ ਆਪਣੇ ਪ੍ਰਵਚਨਾਂ ਵਿੱਚ ਸਦਾ ਫੁਰਮਾਇਆ ਕਰਦੇ ਸਨ ਕਿ ਮਨ, ਚਿੱਤ-ਬ੍ਰਿਤੀ ਇਕਾਗਰ ਕਰਕੇ ਸ਼ੁੱਧ-ਪਾਠ ਕਰਨ ਵਾਲੇ ਨੂੰ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਹੁੰਦੀਆਂ ਹਨ । ਸ਼ੁਧ ਹਿਰਦੇ ਨਾਲ ਹੀ ਸ਼ੁੱਧ-ਪਾਠ ਹੋ ਸਕਦਾ ਹੈ ਤੇ ਸ਼ੁੱਧ-ਪਾਠ ਹੀ ਸਦੀਵੀ ਪ੍ਰਭਾਵ ਪਾਉਂਦਾ ਹੈ। ਸਤਿਗੁਰੂ ਜੀ ਵੱਲੋਂ ਕੀਤੀਆਂ ਬਖਸ਼ਿਸ਼ਾਂ ਵਿੱਚੋਂ ਇਹ ਵੀ ਮਹਾਨ ਬਖਸ਼ਿਸ਼ ਹੈ ਜੋ ਆਪ ਨੇ ਸਿੱਖਾਂ ਨੂੰ ਸ਼ੁੱਧ-ਪਾਠ ਕਰਨ ਦੀ ਸਿੱਖਿਆ ਪ੍ਰਦਾਨ ਕੀਤੀ ।

ਗੁਰੂ ਅਰਜਨ ਸਾਹਿਬ ਨੇ ਸਿੱਖੀ ਦੇ ਸਾਂਝੇ ਕੇਂਦਰ ਨਾਲ ਜੁੜਨ ਲਈ ਹਰ ਸਿੱਖ ਘਰਾਣੇ ਨੂੰ ਆਪਣੀ ਕਮਾਈ ਦਾ ਦਸਵਾਂ ਹਿੱਸਾ ਸਾਂਝੇ ਪੰਥਕ ਕਾਰਜਾਂ ਲਈ ਗੁਰੂ-ਗੋਲਕ ਵਿੱਚ ਭੇਜਣ ਦੀ ਤਾਕੀਦ ਕੀਤੀ, ਇਸ ਨੂੰ "ਦਸਵੰਧ" ਕਿਹਾ ਜਾਂਦਾ ਸੀ । ਗੁਰੂ ਹਰਿਗੋਬਿੰਦ ਸਾਹਿਬ ਨੇ ਸਿੱਖਾਂ ਲਈ ਚੜ੍ਹਦੀ ਕਲਾ ਤੇ ਕਾਰਜਾਂ ਲਈ ਬਹੁਤ ਯੋਗਦਾਨ ਪਾਇਆ । ਆਪ ਜੀ ਨੂੰ ਮੁਗਲ ਸਾਮਰਾਜ ਨਾਲ ਚਾਰ ਲੜਾਈਆਂ ਵੀ ਲੜਨੀਆਂ ਪਈਆਂ ਪਰ ਆਪ ਜੀ ਨੇ ਧਰਮ-ਪ੍ਰਚਾਰ ਦੇ ਕਾਰਜਾਂ ਨੂੰ ਕਦੇ ਵੀ ਢਿੱਲਾ ਨਹੀਂ ਪੈਣ ਦਿੱਤਾ । ਆਪ ਜੀ ਨੇ ਬਾਬਾ ਗੁਰਦਿੱਤਾ ਜੀ ਨੂੰ ਪ੍ਰਚਾਰ ਦੇ ਕਾਰਜਾਂ ਵਿੱਚ ਲਗਾ ਰੱਖਿਆ ਸੀ । ਜਦੋਂ ਆਪ ਕੀਰਤਪੁਰ ਸਾਹਿਬ ਆ ਗਏ ਤਾਂ ਆਪ ਨੇ ਥਾਂ-ਥਾਂ 'ਤੇ ਪ੍ਰਚਾਰਕ ਭੇਜਣ ਲਈ "ਚਾਰ ਧੂਣੀਆਂ" ਨਿਯਤ ਕੀਤੀਆਂ । ਸ੍ਰੀ ਬਾਲੂ ਹਸਨਾ, ਬਾਬਾ ਗੋਂਦਾ ਤੇ ਸ੍ਰੀ ਅਲਮਸਤ ਜੀ ਨੇ ਬੜੇ ਉਤਸ਼ਾਹ ਨਾਲ ਪ੍ਰਚਾਰ-ਕਾਰਜ ਕੀਤੇ। ਗੁਰੂ ਸਾਹਿਬ ਨੇ ਮਾਲਵੇ ਦੇ ਕੇਂਦਰ ਲਈ ਭਾਈ ਸਾਧੂ ਤੇ ਭਾਈ ਰੂਪਾ ਨੂੰ ਪ੍ਰਚਾਰਕ ਥਾਪਿਆ । ਮਾਝੇ ਵਿੱਚ ਖੁਆਜਾ ਰੋਸ਼ਨ ਤੇ ਸਯਦ ਜਾਨੀ ਨੂੰ ਇਹ ਕਾਰਜ ਸੌਂਪਿਆ । ਭਾਈ ਬਿਧੀ ਚੰਦ ਜੀ ਨੂੰ ਅਯੁੱਧਿਆ ਦੇ ਇਲਾਕੇ ਵਿੱਚ ਪ੍ਰਚਾਰ ਲਈ ਭੇਜਿਆ, ਕਾਬਲ, ਗਜ਼ਨੀ, ਈਰਾਨ, ਬੰਗਾਲ, ਉੜੀਸਾ ਤੇ ਆਸਾਮ ਤੱਕ ਪ੍ਰਚਾਰਕ ਪੁੱਜੇ ਤੇ ਸੰਗਤਾਂ ਵਿੱਚ ਪ੍ਰਚਾਰ ਕੀਤਾ ।

"ਧੂਣੀ" ਤੋਂ ਭਾਵ ਹੈ ਮਸ਼ਾਲ ਜਗਾਉਣਾ, ਰੋਸ਼ਨੀ ਕਰਨਾ, ਚਾਰ ਧੂਣੀਆਂ ਦੇ ਚਾਰ ਆਗੂ ਬਾਬਾ ਅਲਮਸਤ, ਬਾਬਾ ਫੂਲ, ਭਾਈ ਗੋਂਦਾ ਤੇ ਭਾਈ ਬਾਲੂ ਹਸਨਾ ਸਨ । ਇਹ ਮੁਖੀ ਸਿੱਖੀ ਦੀ ਮਸ਼ਾਲ ਲੈ ਕੇ ਪਿੰਡ-ਪਿੰਡ ਪੁੱਜੇ ਤੇ ਸਿੱਖੀ ਦਾ

(ਬਾਕੀ ਪੰਨਾ ੨੦ ਤੇ ...)



www.AKJ.Org

# ਮੀਰੀ-ਪੀਰੀ ਦੀਆਂ ਤਲਵਾਰਾ ਦਾ ਰਾਜ਼: ਜੰਗਾਂ ਦੀ ਦਾਸਤਾਨ ਵਿਚ

ਪ੍ਰੋ ਹਰਿੰਦਰ ਸਿੰਘ ਮਹਿਬੂਬ

ਗੁਰੂ ਹਰਿਗੋਬਿੰਦ ਸਾਹਿਬ, ਸਿੱਖਾਂ ਦੇ ਛੇਵੇਂ ਸੱਚੇ ਪਾਤਸ਼ਾਹ, ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਅਕਾਲ ਤਖਤ ਉੱਤੇ ਸ਼ੋਭਨੀਕ ਹੋਏ। ਦੁਨੀਆਂ ਦੀ ਨਜ਼ਰ ਵਿੱਚ ਗਿਆਰਾਂ ਸਾਲ ਦੇ ਸਨ, ਪਰ ਰਾਜ਼ਦਾਨ ਲੋਕ ਵਾਕਿਫ਼ ਸਨ ਕਿ ਉਹਨਾਂ ਦੀ ਨਦਰ ਦਾ ਪਿਆਲਾ ਪਹਿਲੇ ਪੰਜ ਗੁਰਾਂ ਦੇ ਸਿਦਕ-ਜਲਾਲ ਨਾਲ ਭਰਪੂਰ ਸੀ। ਪਹਿਲੇ ਪੰਜ ਪੀਰਾਂ ਦੇ ਪੰਜ ਪਿਆਲਿਆਂ ਵਿੱਚ ਖਾਲਸ ਕੁਦਰਤ ਦੀਆਂ ਸਾਰੀਆਂ ਰੰਗੀਨੀਆਂ ਸਨ। ਇਹਨਾਂ ਵਿੱਚ ਇਕ ਐਸਾ ਨੈਤਿਕ ਸਹਿਜ, ਸੁਹਜਮਈ ਜ਼ਬਤ, ਪਾਕ ਲੁਤਫ਼, ਇਖ਼ਲਾਕੀ ਯਕੀਨ, ਸੁੱਚਾ ਸਿਮਰਨ ਅਤੇ ਸੰਪੂਰਣ ਵਜਤ ਸੀ, ਜਿਸ ਦਾ ਰਿਸ਼ਤਾ ਅਗਮ ਅਗੋਚਰ ਬਿਬੇਕ ਨਾਲ ਸੀ ਅਤੇ ਛੇਵੇਂ ਪਿਆਲੇ ਵਿੱਚ ਪਾਰ ਦੀ ਬੁੱਧੀ ਦੇ ਇਹ ਨਜ਼ਾਰੇ ਇਕ ਜ਼ੋਰਦਾਰ ਸਿੰਧ ਵਾਗ ਛਲਕ ਪਏ। ਛੇਵੇਂ ਸਤਿਗੁਰਾਂ ਦਾ ਕੁੱਲ ਅਮਲ ਇਕ ਨਿਰਵਿਘਨ ਅਤੇ ਤਾਕਤਵਰ ਪਰਵਾਜ਼ ਹੈ ਜੋ ਬੇਰਹਿਮ ਹਾਦਸਿਆਂ ਅੰਦਰ ਵੀ ਅਡੋਲ ਹੈ ਅਤੇ ਜਦੋਂ ਜ਼ਿੰਦਗੀ ਵਿੱਚ ਬੇਯਕੀਨੀ ਦੇ ਮੋੜ ਆਉਂਦੇ ਹਨ, ਇਹ ਹੋਰ ਪ੍ਰਤੱਖ ਅਤੇ ਸੰਪੂਰਣਤਾ ਵਿੱਚ ਹੋਰ ਬਲਵਾਨ ਨਜ਼ਰ ਆਉਂਦਾ ਹੈ :

"ਪੰਜਿ ਪਿਆਲੇ ਪੰਜਿ ਪੀਰ
ਛਠਮੁ ਪੀਰੁ ਬੈਠਾ ਗੁਰੁ ਭਾਰੀ।"

ਸੋ ਗਿਆਨ ਦੀਆਂ ਉਹ ਕੂੰਟਾਂ ਜਿਹਨਾਂ ਵੱਲ ਕਿ ਪਹਿਲੇ ਪੰਜ ਗੁਰੂ ਜੀ ਰਮਦੇ ਰਹੇ ਸਨ, ਉਹਨਾਂ ਦਾ ਅਗਮ-ਅਗੋਚਰ ਵਿਸਮਾਦ ਉਹਨਾਂ ਦੀ ਸ਼ਮਸ਼ੀਰ ਵਿੱਚ ਉਤਰ ਪਿਆ। ਅਚਿਹਨ ਖ਼ੂਬਸੂਰਤੀ, ਹਰਖ-ਸੋਗ ਤੋਂ ਅਗਲੀ ਅਵਸਥਾ ਅਤੇ ਤੀਸਰੇ ਰਾਹ ਦੇ ਅਸਚਰਜ ਰਹੱਸ ਉਹਨਾਂ ਦੀਆਂ ਮੀਰੀ-ਪੀਰੀ ਦੀਆਂ ਤਲਵਾਰਾਂ ਵਿੱਚ ਸਮਾ ਗਏ। ਜਦੋਂ ਉਹਨਾਂ ਸ਼ਮਸ਼ੀਰ ਵੱਲ ਤੱਕਿਆ ਤਾਂ ਇਹ ਗੁਰਮੁਖ-ਮਾਰਗ ਦਾ ਹੀ ਚਿਹਨ ਬਣ ਗਈ ਅਤੇ ਇਸ ਨੇ ਕਾਲ ਨੂੰ ਸੱਚ ਦੀ ਸਿਖਰ ਉੱਤੇ ਪਹੁੰਚਾ ਦਿੱਤਾ। ਜਦੋਂ ਅਚਿਹਨ ਗੁਰੂ- ਵਿਗਾਸ ਨੇ ਸੰਸਾਰ ਦੀ ਚਾਲ ਵਿੱਚ ਆਪਣੀ ਇਖਲਾਕੀ ਜ਼ੀਨਤ ਦਾ ਕ੍ਰਿਸ਼ਮਾ ਵਿਖਾਉਣ ਦੀ ਚਾਹਨਾ ਕੀਤੀ ਤਾਂ ਇਹ ਗੁਰੂ ਹਰਿਗੋਬਿੰਦ ਸਾਹਿਬ ਦੀ ਤਲਵਾਰ ਬਣ ਗਈ। ਉਹਨਾਂ ਦੀ ਸਾਰੀ ਜ਼ਿੰਦਗੀ ਇਕ ਕਾਮਲ ਰੁਹਾਨੀ ਜਸ਼ਨ ਹੈ, ਯਅਨੀ ਰੂਪ-ਰੇਖਾ ਅਤੇ ਰਾਜ-ਰੰਗ ਤੋਂ ਪਾਰ ਦੀ ਹੋਂਦ ਆਪਣੇ ਪਾਕ ਨਿਆਰੇਪਣ ਨੂੰ ਕਾਇਮ ਰੱਖਦੀ ਹੋਈ ਇਨਸਾਨੀ ਅਮਲ ਦਾ ਪਾਕ ਲੁਤਫ਼ ਬਣ ਗਈ ਹੈ ਅਤੇ ਤਲਵਾਰ ਉਹਨਾਂ ਦੇ ਕਾਮਲ ਰੂਹਾਨੀ ਜਸ਼ਨ ਦਾ ਦਿਲਕਸ਼ ਨਕਸ਼ ਹੈ ਅਤੇ ਉਹਨਾਂ ਦੇ ਪਾਕ ਲੁਤਫ਼ ਦੀ ਅਮੋੜ ਸੰਗੀਤਕ ਤਰਬ ਹੈ। ਭਾਈ ਗੁਰਦਾਸ ਦੇ ਇਹਨਾਂ ਸ਼ਬਦਾਂ ਨਾਲ ਇਹ ਗੱਲ ਵਧੇਰੇ ਸਪਸ਼ਟ ਹੁੰਦੀ ਹੈ

ਹਰਖਹੁ ਸੋਗਹੁ ਬਾਹਰਾ ਹਰਣ ਭਰਣ ਸਮਰਥੁ ਸਰੰਦਾ।
ਰਸ ਕਸ ਰੂਪ ਨ ਰੇਖਿ ਵਿਚਿ ਰਾਗ ਰੰਗ ਨਿਰਲੇਪੁ ਰਹੰਦਾ।
ਗੋਸਟਿ ਗਿਆਨ ਅਗੋਚਰਾ ਬੁਧਿ ਬਲ ਬਚਨ ਬਿਬੇਕ ਨਛੰਦਾ।
ਗੁਰ ਗੋਵਿੰਦੁ ਗੋਵਿੰਦੁ ਗੁਰੁ ਹਰਿ ਗੋਵਿੰਦੁ ਸਦਾ ਵਿਗਸੰਦਾ।
ਅਚਰਜ ਨੋ ਅਚਰਜ ਮਿਲੈ ਵਿਸਮਾਦੈ ਵਿਸਮਾਦ ਮਿਲੰਦਾ।
ਗੁਰਮੁਖਿ ਮਾਰਗਿ ਚਲਣਾ ਖੰਡੇ ਧਾਰ ਕਾਰ ਨਿਬਹੰਦਾ।
ਗੁਰਸਿਖ ਲੈ ਗੁਰਸਿਖੁ ਚਲੰਦਾ।।੨੧..

(ਵਾਰ ੨੪)

ਗੁਰੁ ਨਾਨਕ-ਸੱਚ ਦੇ ਅਚਿਹਨ ਪੈਂਡਿਆਂ ਦੀ ਦਾਸਤਾਨ, ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਦਾ ਫ਼ਤਹ-ਨਿਸ਼ਾਨ ਅਤੇ ਮੌਤ ਦੀ ਗੁਮਨਾਮੀ ਵਿੱਚ ਅਛੋਹ ਫਜ਼ਰ ਵਾਂਗ ਵਿਚਰਦਾ ਸਿਮਰਨ-ਵਿਸਮਾਦ-ਅਜਿਹੀ ਉਚੱਤਾ ਵਿੱਚ ਮੀਰੀ ਦੀ ਤੇਗ ਦਿੱਸਦੀ ਹੈ। ਦੁਨੀਆ ਦੇ ਰਿਸ਼ਤਿਆਂ ਵਿੱਚ ਪੀਰੀ ਦੇ ਜਲਵੇ ਨੇ ਆਪਣੇ ਜਸ਼ਨ ਦੀ ਗਰਮੀ ਕਿਵੇਂ ਪੈਦਾ ਕਰਨੀ ਹੈ ? ਮੀਰੀ ਦੀ ਤੇਗ ਇਸ ਪ੍ਰਸ਼ਨ ਦਾ ਉੱਤਰ ਦਿੰਦੀ ਹੈ।

ਮੀਰੀ ਅਤੇ ਪੀਰੀ ਦੀਆਂ ਤਲਵਾਰਾਂ ਦਾ ਰਾਜ਼ ਜੰਗਾਂ ਦੀ ਦਾਸਤਾਨ ਵਿੱਚ ਵੀ ਜਲਵਾ-ਨੁਮਾ ਹੋਇਆ। ਇਥੇ ਅਸੀਂ ਆਪਣੀ ਕਹਾਣੀ ਤਿੱਥਾਂ-ਮਿਤੀਆ ਦੇ ਕ੍ਰਮ ਅਨੁਸਾਰ ਨਹੀਂ ਲਿਖ ਰਹੇ, ਬਾਹਰਲੀਆਂ ਤਿੱਥੀਆਂ-ਮਿਤੀਆ ਤੋਂ ਪਾਰਲੀ ਰਹੱਸ-ਅਵਸਥਾ ਦੀ ਸੰਯੁਕਤ ਰਵਾਨੀ ਦਾ ਬਿਆਨ ਕਰ ਰਹੇ ਹਾਂ। ਜਦੋਂ ਵੀ ਗੁਰੂ ਨਾਨਕ-ਸੱਚ ਦੀ ਸੂਖਮ ਧੁਨੀ ਨੂੰ ਤਾਮਸ-ਰਸ ਵਿੱਚ ਮਾਤੇ ਅੰਧ ਸੰਸਾਰੀਆ ਨੇ ਆਪਣੇ ਸੁਆਰਥ ਅਧੀਨ ਕਰਨਾ ਚਾਹਿਆ,ਉਦੋਂ ਹੀ ਗੁਰੂ ਨਾਨਕ-ਅਮਲ ਵਿੱਚ ਜੰਗਾ ਦੇ ਸੂਹੇ ਨਜ਼ਾਰੇ ਉਪਜੇ। ਇਹਨਾਂ ਜੰਗਾਂ ਦੀ ਉਤਪਤੀ ਐਨ ਹੀ ਕੁਦਰਤੀ, ਸਹਿਜਮਈ ਅਤੇ ਯਕੀਨੀ ਸੀ, ਜਿਵੇਂ ਬਸੰਤ ਵਿੱਚ ਬ੍ਰਿਛਾਂ ਨੂੰ ਫਲ ਪੈਂਦੇ ਹਨ ਅਤੇ ਸੰਝ ਪਿਛੋਂ ਤਾਰੇ ਦਿਸਦੇ ਹਨ। ਗੁਰੂ ਨਾਨਕ-ਸੱਚ ਵਿੱਚ ਸਮੇਂ ਨਾਲ ਇਸ ਦੀ ਨਿਰੰਤਰ ਗਤੀ ਦੇ ਅੰਤਰੀਵ, ਅਦ੍ਰਿਸ਼ਟ ਅਤੇ ਅਪਹੁੰਚ ਨਿਯਮ ਇਕ ਖ਼ਾਸ ਰੌਅ ਉਭਾਰਦੇ ਹਨ; ਜੰਗ ਇਸ ਖ਼ਾਸ ਰੌਅ ਦੀ ਇਕੋ-ਇਕ ਅਤੇ ਅੰਤਮ ਮੰਗ ਹੁੰਦੀ ਹੈ ਅਤੇ ਇਸ ਮੰਗ ਨੂੰ ਕਿਸੇ ਰਾਜਸੀ ਜਾਂ ਸਮਾਜਿਕ ਜੁਗਤੀ ਦੀ ਨਿਪੁੰਨਤਾ ਨਾਲ ਨਹੀਂ ਸਮਝਾਇਆ ਜਾ ਸਕਦਾ। ਉਸ ਵੇਲੇ ਤਾਂ ਗੁਰੂ ਨਾਨਕ-ਅਮਲ ਵਿੱਚ ਜੰਗਾਂ ਦਾ ਵਿਸਮਾਦ-ਨਕਸ਼ ਉਭਰਦਾ ਹੈ। ਇਹ ਜੰਗਾਂ ਉਸ ਮਿਥਿਹਾਸਕ ਬਾਜ਼ ਵਾਗ ਹਨ, ਜਿਹੜਾ ਉੱਡਦਾ ਹੋਇਆ ਆਪਣੇ ਨਾਲ ਇਹ ਵੀ ਯਕੀਨ ਲਿਆਵੇ, ਕਿ ਉਸ ਦੇ ਬਲਵਾਨ ਖੰਭ ਅਤੇ ਜਾਂਗਲੀ ਉਡਾਰੀ


www.AKJ.Org

ਆਪਣਾ ਆਸਮਾਨ ਆਪਣੇ ਨਾਲ ਲਿਆਏ ਹਨ। ਅਣਜਾਣ ਇਤਿਹਾਸਕਾਰਾਂ ਨੇ ਗੁਰੂ ਨਾਨਕ-ਸੱਚ ਦੀ ਉਚੇਰੀ ਪ੍ਰਤੀਤੀ ਨੂੰ ਜਾਣੇ ਬਿਨਾ, ਇਹਨਾਂ ਜੰਗਾਂ ਦੇ ਕਾਰਨਾਂ ਨੂੰ ਇਕਹਿਰੇ ਮਾਨਸਿਕ ਹਾਦਸਿਆਂ ਵਿਚੋਂ ਢੂੰਡਣ ਦੀ ਕੋਸ਼ਿਸ਼ ਕੀਤੀ ਹੈ। ਠੀਕ ।ਗੁਰੂ ਹਰਿਗੋਬਿੰਦ ਸਾਬਿ ਦੇ ਪਿਆਰਿਆਂ ਨੇ ਲਾਹੌਰ ਦੇ ਨੇੜੇ ਕਿਸੇ ਜੰਗਲ ਵਿੱਚ ਸ਼ਾਹੀ ਬਾਜ਼ ਨੂੰ ਗਿਰਾ ਕੇ ਗਵਰਨਰ ਲਾਹੌਰ ਦੇ ਕ੍ਰੋਧ ਨੂੰ ਜਗਾਇਆ; ਜਲੰਧਰ ਦੇ ਹਾਕਮ ਅਬਦੁੱਲਾ ਕੋਲ ਗੁਰੂ ਜੀ ਦੇ ਖਿਲਾਫ਼ ਸ਼ਕਾਇਤਾਂ ਹੋਈਆਂ; ਬਿਧੀ ਚੰਦ ਨੇ ਲਾਹੌਰ ਦੇ ਅਨਾਇਤ-ਉੱਲਾ ਦੇ ਅਸਤਬਲ ਤੋਂ ਜੁਗਤੀ ਨਾਲ ਗੁਰੂ ਜੀ ਦੇ ਖੋਏ-ਹੋਏ ਦੋ ਘੋੜੇ ਵਾਪਸ ਲਿਆਂਦੇ ਅਤੇ ਅੰਤ ਵਿੱਚ ਉਹਨਾਂ ਦੇ ਨਾਰਾਜ਼ ਹੋਏ ਮੁਰੀਦ ਪੈਂਦੇ ਖਾਂ ਨੇ ਵੀ ਹਾਕਮਾਂ ਨਾਲ ਸਾਜ਼ਸ਼ਾਂ ਕੀਤੀਆਂ, ਪਰ ਕੇਵਲ ਇਹੋ ਘਟਨਾਵਾਂ ਗੁਰੂ ਜੀ ਨਾਲ ਹੋਈਆਂ ਜੰਗਾਂ ਦਾ ਮੂਲ ਕਾਰਨ ਨਹੀਂ। ਸਾਡੇ ਖਿਆਲ ਵਿੱਚ ਪਹਿਲ ਗੁਰੂ ਨਾਨਕ-ਸੱਚ ਦੇ ਅੰਤਰੀਵ-ਨਿਯਮ ਨੂੰ ਹੀ ਦੇਣੀ ਚਾਹੀਦੀ ਹੈ। ਜਿਵੇਂ 'ਸੁੰਦਰ' ਸ਼ਬਦ ਮੁਨਾਸਬ ਥਾਂ ਉੱਤੇ ਹੀ ਸ਼ੋਭਦਾ ਹੈ, ਉਸੇ ਤਰ੍ਹਾਂ ਗੁਰੂ ਨਾਨਕ ਸੱਚ ਗੁਰੂ ਨਾਨਕ-ਅਮਲ ਦੇ ਇਕ ਮੁਨਾਸਬ ਥਾਂ ਉਤੇ ਜੰਗਾਂ ਦਾ ਠਾਠ ਬੰਨ੍ਹਦਾ ਹੈ। ਉਂਞ ਗੁਰੂ ਨਾਨਕ-ਸੱਚ ਬੇਪਰਵਾਹ ਵਿਗਾਸ ਵਿੱਚ ਚਲਦਾ ਹੈ ਅਤੇ ਲਗਾਤਾਰ ਆਪਣੀ ਸਿਰਜਣਾ ਦੇ ਖ਼ਾਲਸ ਰੂਪ ਅੰਦਾਜ਼ ਬਦਲ-ਬਦਲ ਕੇ ਘੜਦਾ ਹੈ ਅਤੇ ਕਿਸੇ ਵਿਸ਼ਾਲ ਸੁਹਜ-ਅਨੁਪਾਤ ਵਿੱਚ ਗਤੀਸ਼ੀਲ ਰਹਿੰਦਾ ਹੈ, ਪਰ ਆਖ਼ਿਰ ਇਕ ਅੰਦਾਜ਼ ਐਸਾ ਆ ਜਾਂਦਾ ਹੈ, ਜਿਸ ਦਾ ਉੱਚਾ ਤਰਕ ਜੰਗ ਵਿੱਚ ਢਲ ਜਾਂਦਾ ਹੈ। ਇੰਞ ਜੰਗ ਜ਼ਰੂਰਤ ਦਾ ਹਿੱਸਾ ਨਹੀਂ ਰਹਿੰਦੀ, ਸਗੋਂ ਸਤਿਗੁਰਾਂ ਦੀ ਵਿਸ਼ਾਲ ਸਿਰਜਣਾ ਦਾ ਅਣਤੁੱਟ ਖਾਲਸ ਅੰਗ ਬਣ ਜਾਂਦੀ ਹੈ। ਦ੍ਰਿਸ਼ਟਮਾਨ ਨਿੱਕੇ ਕਾਰਨਾ ਪਿੱਛੇ ਸੂਖਮ ਕਾਲ ਵਿੱਚ ਚਿਰਾਂ ਤੋਂ ਚਲਿਆ ਇਕ ਹੜ੍ਹ ਹੁੰਦਾ ਹੈ, ਜਿਸ ਦੀ ਢੂੰਡ ਆਪਣੀ ਮੰਜ਼ਿਲ ਦਾ ਨਿਸ਼ਾਨ ਜੰਗਾਂ ਦੇ ਨਜ਼ਾਰੇ ਵਿੱਚ ਮਿੱਥਦੀ ਹੈ। ਗੁਰੂ ਨਾਨਕ-ਸੱਚ ਦੇ ਅੰਤਰੀਵ ਨਿਯਮ ਵਿੱਚ ਜੰਗਾਂ ਦੀ ਨੁਹਾਰ ਛਿਪੀ ਹੋਈ ਹੈ ਅਤੇ ਹੋ ਸਕਦਾਹੈ, ਇਹਨਾਂ ਦੇ ਨਜ਼ਾਰੇ ਵਿੱਚ ਹੀ ਉਸ ਦਾ ਦਿਹੁੰ-ਚੜ੍ਹੇ।

ਗੁਰੂ ਹਰਿਗੋਬਿੰਦ ਸਾਹਿਬ ਨੇ ਸ਼ਾਹ ਜਹਾਨ ਦੇ ਜ਼ਮਾਨੇ ਵਿੱਚ ਸ਼ਾਹੀ ਲਸ਼ਕਰਾਂ ਨਾਲ ਚਾਰ ਤਗੜੀਆਂ ਜੰਗਾਂ ਕੀਤੀਆਂ ਅਤੇ ਇਹਨਾਂ ਰਾਹੀਂ ਆਪਣੇ ਸਿੱਖਾਂ ਨੂੰ ਮਹਾਨ ਸਬਕ ਸਿਖਾਏ। ਪਹਿਲੀ ਜੰਗ ਉਦੋਂ ਹੋਈ ਜਦੋਂ ਗੁਰੂ ਜੀ ਆਪਣੀ ਬੇਟੀ ਵੀਰੋ ਦੀ ਜੰਞ ਉਡੀਕ ਰਹੇ ਸਨ। ਸੂਬੇ ਲਾਹੌਰ ਦਾ ਫੌਜ਼ਦਾਰ ਮੁਖ਼ਲਿਸ ਖਾਨ ਆਪਣੀਆਂ ਲਸ਼ਕਰਾਂ ਸਮੇਤ ਰਾਮਦਾਸਪੁਰ ਦੀਆਂ ਜੂਹਾਂ ਵਿੱਚ ਆ ਉਤਰਿਆ। ਘੋਰ ਸੰਗਰਾਮ ਹੋਇਆ। ਅੰਤ ਨੂੰ ਮੁਖ਼ਲਿਸ ਖਾਨ ਨੇ ਤੇਗ ਲਿਸ਼ਕਾਉਂਦੇ ਹੋਏ ਗੁਰੂ ਜੀ ਨੂੰ ਸਾਹਮਣੇ ਆਣ ਕੇ ਵੰਗਾਰਿਆ। ਤੀਰ ਦੀ ਜੰਗ ਪਿਛੋਂ ਤੇਗਾਂ ਦੀ ਜੰਗ ਸਮੇਂ ਗੁਰੂ ਜੀ ਨੇ ਮੁਖ਼ਲਿਸ ਖਾਨ ਨੂੰ ਆਖਿਆ: 'ਪਹਿਲਾ ਵਾਰ ਤੁਸੀਂ ਕਰਨਾ ਹੈ।'' ਜਦ ਵਾਰ ਖਾਲੀ ਗਿਆ, ਤਾਂ ਗੁਰੂ ਜੀ ਨੇ ਆਪਣੇ ਸਿਦਕ-ਜਲਾਲ ਦੇ ਪੂਰੇ ਹੁਸਨ ਵਿੱਚ ਜ਼ਾਹਿਰ ਹੁੰਦਿਆਂ ਹੋਇਆ ਆਖਿਆ, ''ਅਜੇ ਤੁਹਾਡਾ ਇਕ ਵਾਰ ਬਾਕੀ ਹੈ।'' ਫੇਰ ਉਹਨਾਂ ਖਾਨ ਉੱਤੇ ਵਾਰ ਕੀਤਾ ਅਤੇ ਉਸ ਨੂੰ ਖਤਮ ਕਰ ਦਿੱਤਾ। ਜੰਗ ਜਿੱਤਣ ਪਿਛੋਂ ਉਹਨਾਂ ਮੈਦਾਨਿ-ਜੰਗ ਵਿੱਚ ਜਾ ਕੇ ਸ਼ਹੀਦਾਂ ਦੀ ਸੰਭਾਲ ਕੀਤੀ। ਉਹਨਾਂ ਦੇ ਦੋ ਸਿੱਖ ਮੋਹਨ ਅਤੇ ਗੋਪਾਲਾ ਲਹੂ-ਲੁਹਾਣ ਮੈਦਾਨਿ-ਜੰਗ ਵਿੱਚ ਲੇਟੇ ਹੋਏ ਕੋਈ ਕੋਈ ਸਾਹ ਲੈ ਰਹੇ ਸਨ। ਹਜ਼ੂਰ ਨੇ ਆਪਣੀ ਅਜ਼ੀਮ ਬਖਸ਼ਿਸ਼ ਦਾ ਦਰਵਾਜ਼ਾ ਖੋਲ੍ਹਿਆ ਅਤੇ ਸਿਦਕੀ ਸਿੱਖਾਂ ਦੇ ਚਿਹਰਿਆਂ ਦਾ ਲਹੂ ਰੁਮਾਲ ਨਾਲ ਪੂੰਝ ਕੇ ਮਿਹਰਬਾਨ ਆਵਾਜ਼ ਦਿੱਤੀ: ''ਕੁਝ ਮੰਗ ਲਵੋ।'' ਸਿੱਖਾਂ ਨੇ ਪੂਰੀ ਹੋਸ਼ ਵਿੱਚ ਆਖਿਆ, ''ਦੁਨੀਆਂ ਦੇ ਆਖ਼ਿਰ ਵਿੱਚ ਤੁਹਾਡੇ ਦੀਦਾਰ ਤੋਂ ਸਿਵਾ ਅਸੀਂ ਕੁੱਝ ਨਹੀਂ ਮੰਗਦੇ।'' ਜੰਗ ਖਤਮ ਹੋਣ ਤੋਂ ਪਿਛੋਂ ਸੂਫ਼ੀ ਫ਼ਕੀਰਾਂ ਨੇ ਸ਼ਾਹ ਜਹਾਨ ਨੂੰ ਜਾ ਦੱਸਿਆ, ਕਿ ਗੁਰੂ ਜੀ ਨਾਲ ਹਾਕਮਾਂ ਨਾਜਾਇਜ਼ ਲੜਾਈ ਲੜੀ।

ਦੂਸਰੀ ਜੰਗ ਜਲੰਧਰ ਦੇ ਹਾਕਮ ਅਬਦੁੱਲਾ ਨਾਲ ਹਰਿਗੋਬਿੰਦਪੁਰ ਦੇ ਨੇੜੇ ਹੋਈ ਭਗਵਾਨ ਦਾਸ ਘੇਰੜ ਖ਼ਤਰੀ ਦੀ ਚੁੱਕ ਉੱਤੇ ਚੰਦੂ ਦਾ ਪੁੱਤਰ ਕਰਮ ਚੰਦ ਭਰਾ ਲਾਲ ਚੰਦ ਜਲੰਧਰ ਅਬਦੁੱ [illegible] ਕਚਹਿਰੀ ਵਿੱਚ ਜਾ ਫ਼ਰਿਆਦੀ ਹੋਏ। ਜੰਗ ਹੋਈ। ਕਰਮ ਚੰਦ ਜੰਗ ਸਮੇਂ ਫੜਿਆ ਗਿਆ ਪਰ ਗੁਰੂ ਜੀ ਨੇ ਆਜ਼ਾਦ ਕਰ ਦਿਤਾ ਪਰ ਇਸ ਮਿਹਰਬਾਨੀ ਦਾ ਉਸ ਉੱਤੇ ਕੋਈ ਅਸਰ ਨ ਹੋਇਆ। ਗੁਰੂ ਜੀ ਦੇ ਖ਼ਿਲਾਫ਼ ਖੁਣਸ ਖਾ ਕੇ ਅਬਦੁੱਲਾ ਨੂੰ ਹੋਰ ਚੁੱਕਿਆ। ਅੰਤ ਨੂੰ ਗੁਰੂ ਜੀ ਨੇ ਮੈਦਾਨਿ-ਜੰਗ ਵਿਚ ਕਰਮ ਚੰਦ ਨੂੰ ਵੰਗਾਰ ਕੇ ਮਾਰਿਆ। ਅਬਦੁੱਲਾ ਅਤੇ ਉਸ ਦੇ ਦੋ ਪੁੱਤਰ [illegible] ਹੋ ਗਏ। ਨਬੀ ਬਖਸ਼ ਅਤੇ ਕਰੀਮ ਬਖਸ਼ ਨੂੰ ਸਿੱਖਾਂ ਨੇ ਮਾਰਿਆ ਅਤੇ ਅਬਦੁੱਲਾ ਗੁਰੂ ਜੀ ਦੀ ਤਲਵਾਰ ਨਾਲ ਸ਼ਹੀਦ ਹੋਇਆ।

ਤੀਸਰੀ ਜੰਗ ਨਥਾਣੇ ਦੀ ਢਾਬ ਨੇੜੇ ਹੋਈ। ਜੰਗ ਦੀ ਮੁੱਢਲੀ ਕਮਾਨ ਸਰਵਰੀਆਂ ਦੇ ਸਰਦਾਰ ਰਾਇ ਜੋਧ ਅਤੇ ਉਸ ਦੇ ਭਰਾ ਸਲੇਮ ਸ਼ਾਹ ਨੇ ਸੰਭਾਲੀ। ਵੀਹ ਹਜ਼ਾਰ ਸ਼ਾਹੀ ਫੌਜਾਂ ਦਾ ਬੁਰਾ ਹਾਲ ਹੋਇਆ। ਜੰਗ ਸਮੇਂ ਹਸਨ ਖਾਨ ਨਾਂ ਦਾ ਸੂਹੀਆ ਭੇਤ ਲੈਂਦਾ ਫੜਿਆ ਗਿਆ, ਪਰ ਗੁਰੂ ਜੀ ਨੇ ਉਸ ਨੂੰ ਉਸੇ ਤਰ੍ਹਾ ਛੱਡ ਦਿੱਤਾ, ਜਿਵੇਂ ਦੂਜੀ ਜੰਗ ਵਿੱਚ ਕਰਮ ਚੰਦ ਨੂੰ ਛੱਡ ਦਿੱਤਾ ਸੀ। ਹਸਨ ਖਾਨ


www.AKJ.Org

ਗੁਰੂ ਜੀ ਦਾ ਮੁਰੀਦ ਬਣ ਗਿਆ। ਸ਼ਾਹੀ ਫੌਜਾਂ ਦੇ ਜਰਨੈਲ ਲਲਾ ਬੇਗ ਨੇ ਗੁਰੂ ਜੀ ਦੇ ਸਾਹਮਣੇ ਆ ਕੇ ਵੰਗਾਰ ਦਿੱਤੀ, "ਪੀਰ ਜੀ ! ਤੀਰਾਂ ਨੂੰ ਛੱਡੋ, ਆਓ ਤੇਗਾਂ ਦੀ ਜੰਗ ਕਰੀਏ।" ਲਲਾ ਬੇਗ ਨੇ ਵੀ ਭੱਖਦੇ ਰਣ ਵਿੱਚ ਗੁਰੂ ਜੀ ਦੀ ਤਲਵਾਰ ਦਾ ਪਾਣੀ ਪੀਤਾ ਅਤੇ ਸੰਸਾਰ ਨੂੰ ਅਲਵਿਦਾ ਆਖੀ। ਜੰਗ ਸਮੇਂ ਗੁਰੂ ਜੀ ਨੇ ਬਿਧੀ ਚੰਦ ਨੂੰ ਸੱਤ ਕਿਸਮ ਦੇ ਲੋਕਾਂ ਉੱਤੇ ਵਾਰ ਕਰਨ ਤੋਂ ਵਰਜਿਆ ਸੀ, ਯਅਨੀਜ਼ਮੀਨ 'ਤੇ ਅਨਭੋਲ ਹੀ ਲੇਟਿਆਂ ਉੱਤੇ, ਰੋਗੀਆਂ ਉੱਤੇ, ਇਸਤਰੀਆਂ ਉੱਤੇ, ਬੱਚਿਆਂ ਉੱਤੇ, ਬੇ-ਹਥਿਆਰ ਦੁਸ਼ਮਣ ਉੱਤੇ,ਬੁੱਢਿਆਂ ਉਤੇ ਅਤੇ ਜੋ ਪਨਾਹ ਵਿੱਚ ਆਏ ਹੋਣ। ਜੰਗ ਪਿਛੋਂ ਗੁਰੂ ਜੀ ਨੇ ਜ਼ਖਮੀਆਂ ਦੀ ਮੱਲ੍ਹਮ ਪਟੀ ਕੀਤੀ।

ਚੌਥੀ ਜੰਗ ਕਰਤਾਰਪੁਰ (ਜਲੰਧਰ) ਦੇ ਨੇੜੇ ਹੋਈ। ਗੁਰੂ ਜੀ ਦੇ ਗੁਮਰਾਹ ਮੁਰੀਦ ਪੈਂਦੇ ਖ਼ਾਨ ਨੇ ਇਸ ਜੰਗ ਦਾ ਬੀੜਾ ਉਠਾਇਆ। ਸਿਖਰ ਦੁਪਹਿਰਾਂ ਵੇਲੇ ਰੋਹ-ਰਹਾਣੇ ਮੁਰੀਦ ਨੇ ਗੁਰੂ ਜੀ ਨੂੰ ਆ ਵੰਗਾਰਿਆ,"ਤੀਰਾਂ ਨੂੰ ਛੱਡ ਕੇ ਜ਼ਰਾ ਤੇਗ ਦੇ ਜੌਹਰ ਵਖਾਓ।" ਗੁਰੂ ਜੀ ਨੇ ਤਲਵਾਰ ਦਾ ਵਾਰ ਕੀਤਾ ਅਤੇ ਪੈਂਦੇ ਖਾਂ ਦੀ ਤਲਵਾਰ ਟੁੱਟ ਗਈ। ਗੁਮਰਾਹ ਪਠਾਣ ਨੇ ਗੁਰੂ ਜੀ ਦੇ ਘੋੜੇ ਦੇ ਹੇਠਾਂ ਜਾ ਕੇ ਘੋੜੇ ਸਮੇਤ ਹੀ ਗੁਰੂ ਜੀ ਨੂੰ ਪਟਕਾ ਮਾਰਨਾ ਚਾਹਿਆ। ਗੁਰੂ ਜੀ ਨੇ ਮੱਥੇ ਵਿੱਚ ਢਾਲ ਮਾਰੀ ਅਤੇ ਪੈਂਦੇ ਖਾਨ ਬੇਹੋਸ਼ ਹੋ ਕੇ ਜ਼ਿਮੀਂ ਉੱਤੇ ਤੜਫਣ ਲੱਗਾ। ਗੁਰੂ ਜੀ ਨੇ ਆਪਣੇ ਮੁਰੀਦ ਨੂੰ ਗੋਦ ਵਿੱਚ ਲੈ ਲਿਆ ਅਤੇ ਉਸ ਦੇ ਚਿਹਰੇ ਉੱਤੇ ਢਾਲ ਦੀ ਛਾਂ ਕੀਤੀ ਅਤੇ ਆਖਿਓ ਸੁ : "ਪੈਂਦੇ ਖਾਨ ! ਤੂੰ ਮੁਸਲਮਾਨ ਹੈਂ। ਸੱਚੇ ਰੱਬ ਨੂੰ ਯਾਦ ਕਰਕੇ ਆਖ਼ਰੀ ਕਲਮਾ ਪੜ੍ਹ ਲੈ।" ਪੈਂਦੇ ਖਾਂ ਦੀਆਂ ਅੱਖਾਂ ਭਰ ਆਇ.ਆਂ ਅਤੇ ਆਪਣੇ ਮੁਰਸ਼ਿਦ ਨੂੰ ਜੁਆਬ ਦਿੱਤਾ, "ਤੇਰਾ ਦੀਦਾਰ ਹੀ ਮੇਰੀ ਨਮਾਜ਼ ਹੈ। ਤੇਰੀ ਮਿਹਰ ਹੀ ਮੇਰਾ ਕਲਮਾ ਹੈ।"

ਏਸੇ ਜੰਗ ਵਿੱਚ ਕਾਲੇ ਖਾਂ ਨਾਲ ਸਾਹਮਣਾ ਹੋਇਆ। ਕਾਲੇ ਖਾਂ ਨੇ ਤਿੰਨ ਵਾਰ ਕੀਤੇ। ਗੁਰੂ ਜੀ ਨੇ ਤਿੰਨੇ ਵਾਰ ਹੀ ਰੋਕੇ ਅਤੇ ਜਦ ਉਹਲਾ ਫੈਸਲਾਕੁਨ ਵਾਰ ਕੀਤਾ ਤਾਂ ਫਰਮਾਇਆ "ਖਾਨ ! ਇੰਝ ਨਹੀਂ ਇੰਞ।"

ਮੁਹਸਨ ਫਾਨੀ ਨੇ ਦਬਿਸਤਾਨੇ ਮਜ਼ਾਹਿਬ ਵਿੱਚ ਲਿਖਿਆ ਹੈ ਕਿ "ਇਸ ਤੋਂ ਪਹਿਲਾਂ ਅਤੇ ਪਿੱਛੋਂ ਸ਼ਾਹੀ ਲਸ਼ਕਰ ਬੜੀ ਵਾਰ ਉਹਨਾਂ ਉੱਤੇ ਚੜ੍ਹ-ਚੜ੍ਹ ਆਏ, ਪਰ ਰੱਬ ਦੀ ਮਿਹਰ ਨਾਲ ਉਹ ਸਹੀ ਸਲਾਮਤ ਨਿਕਲ ਜਾਂਦੇ ਸਨ।"

ਇਹਨਾਂ ਜੰਗਾਂ ਨੇ ਕਿਹੜੇ ਮਹਾਨ ਸਬਕ ਦਿੱਤੇ ? ਸਿੱਖਾਂ ਨੂੰ ਕਿਹੜੀ ਉੱਚੀ ਰੂਹਾਨੀ ਪ੍ਰਤੀਤੀ ਬਖਸ਼ੀ ? ਇਹਨਾਂ ਜੰਗਾਂ ਨੂੰ ਸਿੱਖਾਂ ਅੰਦਰ ਸ਼ਮਸ਼ੀਰਾ ਦਾ ਵਜਦ ਜਗਾਇਆ। ਜਿਵੇਂ ਮਨਸੂਰ ਨੇ ਅਨਲਹੱਕ ਆਖ ਕੇ ਸੂਲੀ ਨੂੰ ਚੁੰਮ ਕੇ ਮੌਤ ਨੂੰ ਵਜਦ ਦਾ ਨਾਮ ਦੇ ਦਿੱਤਾ, ਉਸੇ ਤਰ੍ਹਾਂ ਇਹ ਜੰਗਾਂ ਸ਼ਮਸ਼ੀਰਾਂ ਅੰਦਰ ਇਕ ਉੱਚੀ ਲਿਖ ਜਗਾਉਂਦੀਆਂ ਹਨ। ਭਗਵਤ ਗੀਤਾ ਵਿੱਚ ਜਿਸ ਕਰਮ-ਯੋਗ ਦੀ ਪ੍ਰੇਰਨਾ ਹੈ, ਗੁਰੂ ਦੀ ਸ਼ਮਸ਼ੀਰ ਉਸ ਨਾਲੋਂ ਵੱਖਰੇ ਅਰਥ ਰੱਖਦੀ ਹੈ। ਭਗਵਤ ਗੀਤਾ ਕਿਸੇ ਉੱਚੇ ਫਰਜ਼ ਨੂੰ ਦ੍ਰਿੜ੍ਹ ਕਰਵਾਉਂਦੀ ਹੈ ਅਤੇ ਉੱਚੇ ਦਰਜ਼ੇ ਨੂੰ ਛੱਡ ਕੇ ਬਾਕੀ ਹਰ ਤਰ੍ਹਾਂ ਦੀ ਨਿਰਲੇਪਤਾ ਦਾ ਉਪਦੇਸ਼ ਕਰਦੀ ਹੈ। ਭਵਗਤ ਗੀਤਾ ਵਿੱਚ ਕੁਝ ਪੁਖ਼ਤ ਦਾਰਸ਼ਨਿਕ ਦਲੀਲਾਂ ਹਨ, ਜਿਹੜੀਆਂ ਉੱਚੇ ਫਰਜ਼ ਦੀ ਗਤੀ ਨੂੰ ਇਕਾਗਰ ਕਰਦੀਆਂ ਹਨ। ਪਰ ਉੱਚੇ ਫਰਜ਼ ਨੂੰ ਇਸ ਹੱਦ ਤੱਕ ਪ੍ਰਧਾਨਤਾ ਦਿੱਤੀ ਗਈ ਹੈ ਅਤੇ ਇਸ ਉੱਤੇ ਐਨਾ ਜ਼ੋਰ ਦਿੱਤਾ ਗਿਆ ਹੈ ਕਿ ਅੰਤ ਵਿੱਚ ਇਹ ਵੀ ਇਕ ਦਰਸ਼ਨਮਈ ਸਥੂਲਤਾ ਧਾਰਨ ਕਰ ਗਿਆ ਹੈ, ਇਸ ਦੀ ਪ੍ਰਧਾਨਤਾ ਉਪਯੋਗਵਾਦੀ ਸੁਰ ਅਖਤਿਆਰ ਕਰ ਜਾਂਦੀ ਹੈ। ਅਤੇ ਇਸ ਦਾ ਨਿਰਮਾਣ ਇਸ ਦੇ ਇਕਹਿਰੇਪਣ ਦਾ ਸਬੂਤ ਦੇਣ ਲੱਗ ਪੈਂਦਾ ਹੈ। ਦੂਜੇ ਪਾਸੇ ਗੁਰੂ ਜੀ ਵੱਲੋਂ ਕੀਤੀਆਂ ਜੰਗਾਂ ਸ਼ਮਸ਼ੀਰਾਂ ਦੇ ਵਜਦ ਨੂੰ ਪੇਸ਼ ਕਰਦੀਆਂ ਹਨ। ਮਨੋਰਥ ਤੋਂ ਅੱਗੇ, ਫਰਜ਼ ਤੋਂ ਅੱਗੇ ਅਤੇ ਸੁਆਰਥ ਤੋਂ ਅੱਗੇ ਇਕ ਰੂਹਾਨੀ ਖੇਡ ਖੇਡੀ ਜਾ ਰਹੀ ਹੈ। ਇਹ ਨੂਰਾਨੀ ਖੇਡ ਚਾਅ ਨਾਲ ਭਰੀ ਹੈ ਅਤੇ ਇਸ ਵਿਚੋਂ ਦੁਨੀਆਂਦਾਰ ਅਮਲ ਦੀਆਂ ਜਿੰਨੀਆਂ ਸ਼ਾਖਾਂ ਨਿਕਲਦੀਆਂ ਹਨ, ਉਹ ਸਾਰੀਆਂ ਹੀ ਇਸ ਨੂਰਾਨੀ ਖੇਡ ਦਾ ਸਹਿਜ ਵਿਕਾਸ ਹਨ । ਭਗਵਤ ਗੀਤਾ ਦੇ ਕਰਮ ਯੋਗ ਦਾ ਨਿਆਰਾਪਣ ਇਕ ਬੰਧਨ ਹੈ ; ਇਕ ਸੌਂਪੀ ਗਈ ਜ਼ਿੰਮੇਵਾਰੀ ਹੈ; ਜਿਸ ਵਿੱਚ ਫਲ ਦੀ ਉਮੀਦ ਨ ਰੱਖਣ ਦੀ ਜ਼ੋਰਦਾਰ ਤਾਕੀਦ ਕੀਤੀ ਗਈ ਹੈ। ਭਗਵਤ ਗੀਤਾ ਦਾ ਕਰਮਯੋਗ ਵਿਕਾਸ ਨਹੀਂ ਕਿਉਂਕਿ ਇਸ ਅੰਦਰ ਗਿਆਨ ਯੋਗ ਭਗਤੀ ਯੋਗ ਨੂੰ ਸੰਗੀਤਮਈ ਇਕਸੁਰਤਾ ਨਸੀਬ ਨਹੀਂ ਹੋਈ।

ਗੁਰੂ ਸਾਹਿਬ ਵੱਲੋਂ ਕੀਤੀਆਂ ਗਈਆਂ ਜੰਗਾਂ, ਉਹਨਾਂ ਦੇ ਸਿਮਰਨ ਦਾ ਇਕ ਹਿੱਸਾ ਹਨ, ਕਿਸੇ ਫਰਜ਼ ਦੀ ਪੂਰਤੀ ਨਹੀਂ। ਇਹ ਜੰਗਾਂ ਅਕਾਲ ਫ਼ਤਹ ਦਾ ਸਿਦਕ-ਜਲਾਲ ਹਨ ਅਤੇ ਇਹਨਾਂ ਦੇ ਮੈਦਾਨ ਵਿੱਚ ਲਿਸ਼ਕਦੀਆਂ ਸ਼ਮਸ਼ੀਰਾਂ ਵਿੱਚ 'ਜੋ ਹੈ ਸੋ ਹੈ' ਦਾ ਦੀਰਘ ਰਹੱਸ ਪ੍ਰਧਾਨ ਹੈ। ਅਹਿੰਸਾ ਅਤੇ ਇਖ਼ਲਾਕੀ ਕੀਮਤਾਂ ਜ਼ਿੰਦਗੀ ਦੇ ਆਮ ਵਰਤਾਰੇ ਵਿੱਚ ਕਦਰ ਤਾਂ ਰਖਦੀਆਂ ਹਨ, ਪਰ ਜ਼ਿੰਦਗੀ ਦੀ ਖੂਬਸੂਰਤੀ ਕੇਵਲ ਇਹਨਾਂ ਨੂੰ ਹੀ ਆਪਣਾ ਲਕਸ਼ ਨਹੀਂ ਮਿੱਥ ਸਕਦੀ। ਗੁਰੂ-ਜੰਗਾਂ ਕੇਵਲ ਨੈਤਿਕ ਜਾਚਾਂ, ਉਪਦੇਸ਼ਾਂ ਅਤੇ ਨੀਤੀਆਂ ਤੱਕ ਹੀ ਮਹਿਦੂਦ ਨਹੀਂ ਹਨ, ਸਗੋਂ ਉਹ ਤਾ ਸਿਦਕ-ਜਲਾਲ ਦੀ ਮੂਰਤ ਬਣਾਉਂਦੀਆਂ ਹਨ। ਗੁਰੂ-ਜੰਗਾਂ ਵਕਤੀ ਹਾਦਸਿਆਂ ਦਾ ਸਿੱਟਾ ਨਹੀਂ, ਇਹਨਾਂ


www.AKJ.Org

ਨੂੰ ਸੀਮਤ ਕਾਲ ਦੀਆਂ ਤੰਗ ਹੱਦਾਂ ਵਿੱਚ ਵੇਖਣਾ ਗਲਤੀ ਹੈ ਅਤੇ ਇਹਨਾਂ ਦਾ ਮੂਲ ਕਾਰਨ ਕੇਵਲ ਕੁੱਝ ਇਖ਼ਲਾਕੀ ਕੀਮਤਾਂ ਦੀ ਰਾਖੀ ਹੀ ਨਹੀਂ, ਸਗੋਂ ਇਹ ਜੰਗਾਂ ਤਾਂ ਸਿੱਖ ਦੀ ਅਰਦਾਸ ਦਾ ਇਕ ਪੜਾਅ ਹਨ। ਇਹ ਜੰਗਾਂ ਇਖ਼ਲਾਕ, ਅਹਿੰਸਾ, ਸਿਮਰਣ ਅਤੇ ਮੁਹੱਬਤ ਦਾ ਵਜੂਦ ਹਨ ਅਤੇ ਇਹ ਵਜੂਦ ਗੁਰੂ-ਲਿਵ ਦਾ ਇਕ ਕ੍ਰਿਸ਼ਮਾ ਹੈ। ਇਸ ਕ੍ਰਿਸ਼ਮੇ ਨੂੰ ਅਸਾ ਸ਼ਮਸ਼ੀਰਾਂ ਦਾ ਵਜਦ ਆਖਿਆ ਹੈ। ਇਹ ਗੱਲਾਂ ਧਿਆਨ-ਯੋਗ ਹਨ :

(੧) ਸ਼ਮਸ਼ੀਰਾਂ ਦੇ ਵਜਦ ਦੇ ਸਾਹਮਣੇ ਆਪਣੇ ਅਤੇ ਬੇਗਾਨੇ ਬੱਚਿਆਂ ਵਾਂਗ ਹਨ ਅਤੇ ਇਹ ਸ਼ਹੀਦਾ ਦੀ ਸਿਰਜਣਾ ਕਰਦਾ ਹੈ ਕਿਉਂਕਿ ਕੁਝ ਖਾਸ ਜੰਗਾਂ ਵਿੱਚ ਹੀ ਮਰਨ ਵਾਲੇ ਬੰਦੇ ਸ਼ਹੀਦ ਮੰਨੇ ਜਾ ਸਕਦੇ ਹਨ।

(੨) ਗੁਰੂ-ਜੰਗਾਂ ਬਾਬਰੀ ਜਲਾਲ ਨੂੰ ਸੁੱਚਤਾ ਵੱਲ ਲਿਜਾਂਦੀਆਂ ਹਨ, ਉਸ ਦੇ ਰੋਗ-ਗ੍ਰਸਤ ਅੰਗਾਂ ਦਾ ਬਿਨਾਸ ਕਰਦੀਆਂ ਹਨ ਅਤੇ ਉਸ ਅੰਦਰ ਇਕ ਐਸਾ ਪਛਤਾਵਾ ਉਪਜਾਉਂਦੀਆਂ ਹਨ, ਜਿਹੜਾ ਉਸ ਨੂੰ ਗੁਨਾਹ ਦੇ ਲਿਬਾਸ ਵਿੱਚ ਅੰਤਮ-ਨਿਆਂ ਦੇ ਸਾਹਮਣੇ ਲੈ ਜਾਂਦਾ ਹੈ। ਚਾਰੇ ਜੰਗਾਂ ਵਿੱਚ ਮੁਸਲਿਮ ਜਰਨੈਲ ਗੁਰੂ ਹਰਿਗੋਬਿੰਦ ਸਾਹਿਬ ਨੂੰ ਉਹਨਾਂ ਦੇ ਅਸੂਲਾਂ ਨੂੰ ਸਮਝ ਕੇ ਅਤੇ ਉਹਨਾਂ ਦੀ ਰੂਹਾਨੀ ਉੱਚਤਾ ਕਬੂਲ ਕੇ ਮੈਦਾਨਿ-ਜੰਗ ਵਿੱਚ ਵੰਗਾਰਦੇ ਹਨ; ਜਿਵੇਂ ਅਚੇਤ ਤੌਰ 'ਤੇ ਉਹਨਾਂ ਦੇ ਹੱਥੋਂ ਸ਼ਹੀਦ ਹੋਣ ਦਾ ਲੁਤਫ ਉਠਾਉਣਾ ਚਾਹੁੰਦੇ ਹੋਣ।

(੩) ਗੁਰੂ-ਜੰਗਾਂ ਤੱਤੀ ਤਵੀ ਦਾ ਹੀ ਪਲਟਿਆ ਸਰੂਪ ਹਨ। ਤੀਜੀ ਜੰਗ ਵਿੱਚ ਵਿਧੀ ਚੰਦ ਨੂੰ ਦੱਸੀ ਸੱਤ ਪਰਕਾਰ ਦੀ ਅਹਿੰਸਾ ਤੱਤੀ ਤਵੀ ਉਤੇ। ਗੁਰੂ ਅਰਜਨ ਸਾਹਿਬ ਦੀ ਇਲਾਹੀ ਮੁਸਕਰਾਹਟ ਦੇ ਕ੍ਰਿਸ਼ਮੇ ਦੀ ਹੀ ਯਾਦਗਾਰ ਹੈ। ਸ਼ਮਸ਼ੀਰੀ ਦੇ ਵਜਦ ਵਿੱਚ ਇਨਸਾਨੀ ਮੁਹੱਬਤ ਦਾ ਅਥਾਹ ਜ਼ੋਰ ਠਾਠਾਂ ਮਾਰ ਰਿਹਾ ਹੈ ਅਤੇ ਜੋ ਚੀਜ਼ਾ ਇਸ ਅਥਾਹ ਜ਼ੋਰ ਵਿੱਚ ਵਿਗਾਸ ਦਾ ਰੂਪ ਧਾਰ ਕੇ ਅਭੇਦ ਨਹੀਂ ਹੁੰਦੀਆਂ, ਉਹ ਬੁੱਤ ਵਾਂਗ ਟੁੱਟ ਜਾਂਦੀਆਂ ਹਨ। ਹਿੰਸਾ ਗੁਰੂ ਤੋਂ ਦੂਰ ਜਾਣ ਵਿੱਚ ਹੈ: ਅਹਿੰਸਾ ਗੁਰੂ-ਅਭੇਦਤਾ ਵਿੱਚ ਹੈ। ਸ਼ਮਸ਼ੀਰਾਂ ਚਾਅ ਨਾਲ ਭਰੀਆਂ ਹਨ, ਜਿਵੇਂ ਤੱਤੀ ਤਵੀ ਗੁਰੂ ਅਰਜਨ ਸਾਹਿਬ ਦੀ ਸ਼ਾਂਤ ਮੁਸਕਰਾਹਟ ਹੈ।

(੪) ਪਹਿਲੀ ਜੰਗ ਪਿਛੋਂ ਸੂਫ਼ੀ ਫਕੀਰਾਂ ਨੇ ਗੁਰੂ ਜੀ ਦੇ ਹੱਕ ਵਿੱਚ ਸ਼ਾਹ ਜਹਾਨ ਅੱਗੇ ਫਰਿਆਦ ਕੀਤੀ। ਸੂਫ਼ੀ ਫ਼ਕੀਰ ਹਮੇਸ਼ਾ ਹੀ ਬਾਬਰੀ ਜਲਾਲ ਵਿੱਚ ਗੁਰੂ-ਰੂਪ ਦੀ ਪ੍ਰਮਾਣੀਕ ਨਿਰਮਲਤਾ ਜਗਾਉਂਦਾ ਹੈ, ਪਰ ਬਿਪਰ-ਸੰਸਕਾਰ ਉਸ ਦੀ ਖੁਣਸ ਅਤੇ ਈਰਖਾ ਨੂੰ ਤੇਜ ਕਰਦਾ ਹੈ। ਚੰਦੂ ਦਾ ਪੁੱਤਰ ਕਰਮ ਚੰਦ ਦੂਸਰੀ ਜੰਗ ਵਿੱਚ ਫੜਿਆ ਗਿਆ, ਗੁਰੂ ਜੀ ਅੱਗੇ ਪੇਸ਼ ਕੀਤਾ, ਪਰ ਉਹਨਾਂ ਆਜ਼ਾਦ ਕਰ ਦਿੱਤਾ। ਅਸਲ ਵਿੱਚ ਗੁਰੂ ਜੀ ਦਾ ਸਿਦਕ-ਜਲਾਲ ਬਿਪਰ ਸੰਸਕਾਰ ਨੂੰ ਉਸ ਉਚਾਈ ਤੋਂ ਵੇਖਦਾ ਹੈ, ਜਿਥੋਂ ਇਸ ਦੀਆਂ ਸਭ ਨਦਾਨੀਆਂ ਦਿਸਦੀਆਂ ਹਨ ਪਰ ਜਦੋਂ ਇਹ ਨਾਦਾਨੀਆਂ ਕਿਸੇ ਵੀ ਅਧਿਆਤਮਕ ਰਮਜ਼ ਨੂੰ ਨਹੀਂ ਫੜਦੀਆਂ ਤਾਂ ਮੈਦਾਨਿ-ਜੰਗ ਵਿੱਚ ਸ਼ਮਸ਼ੀਰ ਦਾ ਪਾਣੀ ਪਿਲਾਉਣਾ ਇਹਨਾਂ ਉੱਤੇ ਸਭ ਤੋਂ ਵੱਡਾ ਉਪਕਾਰ ਕਰਨਾ ਹੈ। ਇਹਨਾ ਨਾਦਾਨੀਆਂ ਨੂੰ ਅਣਡਿਠ ਕਰਕੇ ਗੁਰੂ ਸਿਮਰਨ ਤੋਂ ਅਲਹਿਦਾ ਕਰ ਦੇਣਾ, ਇਹਨਾਂ ਨੂੰ ਸਭ ਤੋਂ ਵੱਡਾ ਸਰਾਪ ਹੈ।

(੫) ਗੁਰੂ-ਜੰਗਾਂ ਵਿੱਚ ਹਿੰਸਾ ਨਦਰ ਬਣਦੀ ਹੈ ਕਿਉਂਕਿ ਇਹਨਾਂ ਵਿੱਚ ਜਿਊਂਦੇ ਸਿੱਖ ਵੀ ਸ਼ਹੀਦੀ ਦੇ ਆਲਮ ਵਿੱਚ ਚਲੇ ਜਾਂਦੇ ਹਨ। ਮੋਏ ਜਾਂ ਜਿਊਂਦੇ । ਕਿਸੇ ਦੇ ਅੱਗੇ ਅਤੇ ਕਿਸੇ ਦੇ ਪਿੱਛੇ ਸ਼ਮਸ਼ੀਰਾਂ ਦਾ ਵਜਦ ਹੈ। ਪਹਿਲੀ ਜੰਗ ਵਿੱਚ ਭਾਈ ਮੋਹਨ ਅਤੇ ਭਾਈ ਗੋਪਾਲਾ ਜੀ ਦਾ ਗੁਰੂ-ਦੀਦਾਰ ਤੋਂ ਬਿਨਾਂ ਕੁੱਝ ਨ ਮੰਗਣਾ, ਉਸ ਪੂਰਨਤਾ ਦੀ ਥਾਹ ਦਿੰਦਾ ਹੈ, ਜਿਹੜੀ ਬਾਹਰੀ ਸ਼ਰਨ ਅਤੇ ਜਿਊਣ ਤੋਂ ਸੁਤੰਤਰ ਅਤੇ ਨਿਰਾਲਮ ਹੈ। ਆਖਿਰ ਮੌਤ ਕੀ ਹੈ ? ਅੰਤਮ-ਨਾਂਹ ਦੇ ਹੌਲ ਨੂੰ ਹੋਂਦ ਵਿੱਚ ਸਰਬ ਪ੍ਰਧਾਨ ਕਰ ਦੇਣਾ। ਅੰਤਮ-ਨਾਂਹ ਨੂੰ ਸਵੀਕਾਰ ਕਰਨਾ ਹੀ ਮੌਤ ਹੈ ਪਰ ਕਿਉਂਕਿ ਗੁਰੂ-ਜੰਗਾਂ ਚੜ੍ਹਦੀ-ਕਲਾ ਦੇ ਉਸ ਚਾਅ ਵਿਚੋਂ ਉਭਰਦੀਆਂ ਹਨ, ਜਿਹੜਾ ਗੁਰੂ-ਲਿਵ ਦੇ ਨਿਯਮ ਦੀ ਅਕਾਲ ਰਵਾਨੀ ਨਾਲ ਅਭੇਦ ਹੈ! ਸੋ ਇਹੋ ਕਾਰਨ ਹੈ, ਕਿ ਭਖਦੇ ਮੈਦਾਨਿ-ਜੰਗਾਂ ਵਿੱਚ ਸਿਦਕ-ਜਲਾਲ ਸਿੱਖ ਸ਼ਹੀਦ ਦੀ ਖੂਬਸੂਰਤੀ ਹੈ; ਉਸ ਦੀ ਉਹ ਅਡੋਲਤਾ ਹੈ, ਜਿੱਥੇ ਅੰਤਮ-ਨਾਂਹ ਦਾ ਪ੍ਰਭਾਵ ਪਹੁੰਚੇਗਾ ਹੀ ਨਹੀਂ।

(੬) ਮੁਹਸਨ ਫਾਨੀ ਲਿਖਦੇ ਹਨ, ਕਿ ਜਦੋਂ ਗੁਰੂ ਜੀ ਮੈਦਾਨਿ-ਜੰਗ ਵਿੱਚ ਦੁਸ਼ਮਨ ਦੇ ਵਾਰ ਪਿੱਛੋਂ "ਇੰਞ ਨ ਇੰਞ" ਆਖ ਕੇ ਆਪ ਵਾਰ ਕਰਦੇ ਸਨ ਤਾਂ ਉਹ ਉਸਤਾਦ ਵਾਲੀ ਰਮਜ਼ ਦ੍ਰਿੜ੍ਹ ਕਰਵਾਉਂਦੇ ਸਨ, ਜੋ ਕਿ ਆਪਣੇ ਬੱਚਿਆਂ ਨੂੰ ਕਲਮਾਂ ਘੜਣੀਆਂ ਸਿਖਾ ਰਿਹਾ ਹੋਵੇ। ਇਹ ਸਮਕਾਲੀ ਇਤਿਹਾਸਕਾਰ ਜੋ ਕਿ ਆਮ ਤੌਰ 'ਤੇ ਗੁਰੂ ਜੀ ਨੂੰ ਪਛਾਣ ਵਾਲੀ ਬਾਰੀਕ ਬੁੱਧੀ ਨਹੀਂ ਸੀ ਰਖਦਾ, ਅਚੇਤ ਹੀ ਇਹ ਗੱਲ ਕਮਾਲ ਦੇ ਅੰਦਾਜ ਵਿਚ ਪੇਸ਼ ਕਰ ਗਿਆ ਹੈ। ਗੁਰੂ ਜੀ ਦਾ ਕੀਨੇ ਤੋਂ ਸਾਫ਼ ਦਿਲ ਤਲਵਾਰ ਉਠਾਂਦਿਆਂ ਦੁਸ਼ਮਨ ਵਿੱਚ ਉਸਦਾ ਬਚਪਨ ਜਗਾ ਦਿੰਦਾ ਸੀ, ਜਿਸ ਦੀ ਨਿਰਮਲਤਾ ਅਤੇ ਸਹਿਜ-ਟਿਕਾ ਨਾਲ ਉਹੋ ਗੁਰੂ ਜੀ ਦਾ ਪਿਤਾ-ਰੂਪ ਵੇਖ ਸਕੇ। ਜੰਗ ਇਕ ਨੂਰਾਨੀ ਖੇਡ ਸੀ ਅਤੇ ਗੁਰੂ ਜੀ


www.AKJ.Org

ਦਾ ਪਿਤਾ-ਰੂਪ ਉਸ ਦੇ ਐਨ ਦਰਮਿਆਨ ਸੀ। ਸ਼ਮਸ਼ੀਰਾਂ ਦੇ ਵਜਦ ਵਿੱਚ ਗੁਮਰਾਹ ਬੰਦੇ ਆਪਣੀ ਬੱਜਰ-ਭੁੱਲ ਤੋਂ ਬਾਹਰ ਆ ਕੇ ਲਹੂ-ਲੁਹਾਣ ਧਰਤੀ ਉੱਤੇ ਬੱਚਿਆਂ ਵਾਗ ਤੁਰਦੇ ਸਨ- ਹੈਰਾਨ ਹੋ ਕੇ, ਧਰਵਾਸ ਵਿੱਚ, ਅਣਭੋਲ ਮੁਹੱਬਤ ਵਿੱਚ, ਆਕਾਸ਼-ਧਰਤੀ ਤੋਂ ਬਾਹਰ ਅਤੇ ਅੰਤਮ ਤੌਰ ਉਤੇ ਗੁਰੂ ਜੀ ਦੇ ਪਿਤਾ-ਰੂਪ ਦੀ ਛਾਂ ਵਿੱਚ।

(੭) ਤੇਗਾਂ ਵਾਰ ਕਰਦੇ ਸਮੇਂ ਰਹਿਮ ਦੀ ਛਾਂ ਵੀ ਕਰਦੀਆਂ ਹਨ। ਹਰ ਕੋਈ ਇਸ ਰਾਜ਼ ਨੂੰ ਨਹੀਂ ਸਮਝੇਗਾ। ਪਰ ਸਿੱਖ-ਯਾਦ ਸਾਖੀ ਹੈ, ਕਿ ਤੇਗਾਂ ਦੀ ਤਿੱਖੀ ਧਾਰ ਵਿੱਚ ਵੀ ਰਹਿਮ ਹੁੰਦਾ ਹੈ। ਗੁਰੂ ਜੀ ਦੇ ਮੁਰੀਦ ਪੈਂਦੇ ਖਾਂ ਰੋਹ ਉਸ ਦੀ ਰੂਹਾਨੀ ਮੰਜ਼ਿਲ ਦੇ ਵਿਕਰਾਲ ਫੈਲਾਉ ਵਾਲਾ ਇਕ ਬੁੱਤ ਸੀ ; ਇਸ ਰੋਹ ਦੇ ਬੁੱਤ ਨੂੰ ਸ਼ਿਕਨ ਕੀਤੇ ਬਿਨਾਂ, ਉਸ ਵਿੱਚ ਰੱਬ ਦੇ ਖ਼ਾਲਸ ਦੀਦਾਰ ਨੇ ਨਹੀਂ ਪੈਦਾ ਹੋਣਾ ਸੀ ਅਤੇ ਗੁਰੂ ਜੀ ਨੇ ਢਾਲ ਦੇ ਵਾਰ ਨਾਲ ਉਸਦੇ ਉਸ ਹਿੱਸੇ ਨੂੰ, ਜੋ ਗੁਮਰਾਹ ਸੀ, ਬੇਹੋਸ਼ ਕਰ ਦਿੱਤਾ। ਕੀ ਇਹ ਰੋਹ ਦਾ ਬੁੱਤ ਕਿਸੇ ਹੋਰ ਤਰ੍ਹਾਂ ਨਹੀਂ ਸੀ ਟੁੱਟ ਸਕਦਾ ? ਟੁੱਟ ਸਕਦਾ ਸੀ, ਪਰ ਮੈਦਾਨਿ ਜੰਗਾਂ ਵਿੱਚ ਉੱਚੇ ਰੂਹਾਨੀ ਸੱਚਾ ਦਾ ਫੈਸਲਾ ਸ਼ਮਸ਼ੀਰਾਂ ਹੀ ਕਰਦੀਆਂ ਹਨ। ਪੈਂਦੇ ਖਾਂ ਨੇ ਬੇਹੋਸ਼ੀ ਤੋਂ ਬਾਹਰ ਆ ਕੇ ਗੁਰੂ ਜੀ ਦੀ ਮੁਹਬੱਤ ਵਿੱਚ ਆਪਣੇ ਖਾਲਸ ਮੁਰੀਦੀ ਜਜ਼ਬੇ ਨੂੰ ਸਰਸਾਰ ਹੁੰਦਿਆ ਤੱਕਿਆ। ਉਸ ਵਿੱਚ ਇਸਲਾਮੀ ਇਬਾਦਤ ਦੀ ਉਸ ਫਜਰੀ ਘੜੀ ਨੇ ਬਾਂਗ ਦਿੱਤੀ, ਜਿਸ ਵਿੱਚ ਮਹਿਬੂਬ ਨੂੰ ਮਿਲਣ ਦਾ ਸਭ ਤੋਂ ਸੁੱਚਾ ਇਕਰਾਰ ਕੀਤਾ ਜਾਂਦਾ ਹੈ। ਜਿਉਣ ਅਤੇ ਮਰਨ ਦਾ ਸੁਆਲ ਨਹੀਂ; ਜੇ ਲੋੜ ਹੈ ਤਾਂ ਦੁਸ਼ਮਣ ਅਤੇ ਬੇਲੀ ਦਾ ਫਰਕ ਵੀ ਮਿਟਾ ਦਿਉ; ਪਰ ਜੇ ਅਜ਼ੀਮ ਬਖਸ਼ਿਸ਼ ਦੀ ਘੜੀ ਆਣ ਪਹੁੰਚੀ ਹੈ, ਤਾ ਅਜ਼ੀਮ ਬਖਸ਼ਿਸ਼ ਹੀ ਬਣ ਜਾਵੇ, ਮੈਦਾਨਿ ਜੰਗਾਂ ਵਿੱਚ ਸਿੱਖ ਨੂੰ ਗੁਰੂ ਕੁਝ ਐਸੀ ਹੀ ਸਦਾ ਦਿੰਦਾ ਹੈ।

(ਸਹਿਜੇ ਰਚਿਓ ਖਾਲਸਾ 'ਚੋ ਧੰਨਵਾਦ ਸਹਿਤ)

---

(ਪੰਨਾ ੧੫ ਦਾ ਬਾਕੀ...)

ਪ੍ਰਚਾਰ ਕੀਤਾ । ਮੁਹਸਨ ਫਾਨੀ ਨੇ ਲਿਖਿਆ ਹੈ, "ਕੋਈ ਐਸੀ ਥਾਂ ਨਹੀਂ ਸੀ ਜਿੱਥੇ ਸਿੱਖ ਨਾ ਮਿਲਦੇ ਹੋਣ ।"

ਇਸ ਤਰ੍ਹਾਂ ਗੁਰੂ ਹਰਿ ਗੋਬਿੰਦ ਸਾਹਿਬ ਨੇ ਸਿੱਖਾਂ ਲਈ ਬਹੁਤ ਬਖਸ਼ਿਸ਼ਾਂ ਕੀਤੀਆਂ, ਜਿਨ੍ਹਾਂ ਸਦਕਾ ਕੌਮ ਦਾ ਸਿਰ ਉਚਾ ਹੋਇਆ, ਸ੍ਵੈਮਾਨ ਵਧਿਆ, ਸਿੱਖੀ ਦਾ ਪ੍ਰਚਾਰ ਹੋਇਆ ਤੇ ਮਨੁੱਖ ਜਾਤੀ ਨੂੰ ਦੁੱਖਾਂ, ਔਕੜਾਂ, ਮੁਸ਼ਕਲਾਂ, ਮੁਸੀਬਤਾਂ ਤੋਂ ਰਾਹਤ ਮਿਲੀ । ਗੁਰੂ ਸਾਹਿਬ ਮਹਾਨ ਪਰਉਪਕਾਰੀ ਸਨ । ਆਪ ਨੇ ਜਨਤਾ ਨੂੰ ਬਹੁਤ ਮਾਨ ਬਖਸ਼ਿਆ ਤੇ ਫੁਰਮਾਇਆ, "ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਹੈ।" ਆਪ ਜੀ ਦੀ ਸਖਸ਼ੀਅਤ ਮਿਕਨਾਤੀਸੀ ਸੀ । ਲੋਕ ਆਪ ਮੁਹਾਰੇ ਉਨ੍ਹਾਂ ਵੱਲ ਖਿੱਚੇ ਤੁਰੇ ਆਉਂਦੇ ਸਨ । ਆਪ ਦਾ ਆਚਰਣ ਚਟਾਨ ਵਰਗਾ ਬੁਲੰਦ ਸੀ । ਆਪ ਜੀ ਮਹਾਨ ਯੋਧੇ, ਮਹਾਨ ਦਾਨੀ ਤੇ ਮਹਾਨ ਪਰਉਪਕਾਰੀ ਸਨ । ਆਪ ਨਿਮਰਤਾ ਤੇ ਹਲੀਮੀ ਦੇ ਵੀ ਪੁੰਜ ਸਨ । ਬਾਬਾ ਬੁੱਢਾ ਜੀ ਨੇ ਅੰਤ ਸਮੇਂ ਯਾਦ ਕੀਤਾ ਤੇ ਹਾਜ਼ਰ ਹੋਏ ਤੇ ਬਾਬਾ ਜੀ ਦੀ ਦੇਹ ਨੂੰ ਆਪਣੀ ਹੱਥੀਂ ਅਗਨੀ-ਭੇਂਟ ਕੀਤਾ । ਭਾਈ ਨੰਦ ਲਾਲ ਜੀ ਨੇ ਲਿਖਿਆ ਹੈ, "ਗੁਰੂ ਹਰਿ ਗੋਬਿੰਦ ਆ ਸਰਾ ਪਾ ਕਰਮ ਕਿ ਮੁਕਬੂਲ ਸੁਦਜੂ ਸਕੀ ਓ ਦਜ਼ਮ।" ਭਾਵ ਗੁਰੂ ਹਰਿ ਗੋਬਿੰਦ ਬਖਸ਼ਿਸ਼ ਰੂਪ ਸਨ, ਜਿਨ੍ਹਾ ਦਾ ਸਦਕਾ ਮੰਦਭਾਗੀ ਅਤੇ ਮੁਰਝਾਏ ਹੋਏ ਲੋਕ ਵੀ ਦਰਗਾਹੇ ਪਰਵਾਨ ਹੋ ਗਏ ।

---

(ਪੰਨਾ ੬ ਦਾ ਬਾਕੀ....)

ਮਨਮੁਖਾਂ, ਸਾਕਤਾਂ, ਗੁਰ ਬਿਮੁਖਾਂ ਦੇ ਕਰਮ ਕਮਾਏ ਹੋਏ ਕਦੇ ਥਾਇ ਨਹੀਂ ਪੈਣੇ। ਤਿਨ੍ਹਾਂ ਨੂੰ ਅਗਲੀ ਦਰਗਾਹੇ ਜ਼ਰੂਰ ਖੁਆਰ ਹੋਣਾ ਪਊ, ਅਤੇ ਸਤਿਗੁਰੂ ਦੇ ਸਚਿਆਰ ਸਿਖ ਬਣੇ ਬਿਨਾ ਸਭਨਾ ਨੂੰ ਅੱਗੇ ਚੱਲ ਕੇ ਜਮਾਂ ਦੀ ਮਾਰ ਪਵੇਗੀ। ਯਥਾ ਗੁਰਵਾਕ:-

ਨਾਨਕ ਜਿ ਮਨਮੁਖੁ ਕਮਾਵੈ ਸੁ ਥਾਇ ਨਾ ਪਵੈ,
ਦਰਗਹਿ ਹੋਇ ਖੁਆਰੁ॥
ਅਤੇ
ਨਾਨਕ ਬਿਨੁ ਸਤਿਗੁਰ
ਸੇਵੇ ਜਮਪੁਰਿ ਬਧੇ ਮਾਰੀਅਹਿ
ਮੁਹਿ ਕਾਲੈ ਉਠਿ ਜਾਹਿ॥

(ਮ:੩,ਪੰਨਾ ੫੫੨)

ਇਸ ਵਾਕ ਅਤੇ ਇਸ ਪ੍ਰਕਾਰ ਦੇ ਹੋਰ ਅਨੇਕਾਂ ਗੁਰਵਾਕਾਂ ਦੁਆਰਾ ਜਮਪੁਰੀ ਦੀ ਹੋਂਦ- ਹਸਤੀ ਦਾ ਸਬੂਤ ਭੀ ਸਿਧ ਹੁੰਦਾ ਹੈ। ਸਤਿਗੁਰੂ ਦੀ ਦ੍ਰਿੜ੍ਹਾਈ ਨਾਮ-ਅਭਿਆਸ ਕਮਾਈ ਤੋਂ ਘੁਥੜਿਆਂ ਦੀ ਦਸ਼ਾ ਉਪਰ ਲਿਖੇ ਵਾਕ ਅਨੁਸਾਰ ਲਾਜ਼ਮੀ ਤੌਰ ਤੇ ਹੋਵੇਗੀ।

ਜਮਪੁਰਿ ਬਧੇ ਮਾਰੀਅਨਿ ਵਾਲਾ ਗੁਰ ਫ਼ਤਵਾ ਤਿਨ੍ਹਾਂ ਉਤੇ ਜ਼ਰੂਰ ਆਇਦ ਹੋਊ।

(ਅਣਡਿਠੀ ਦੁਨੀਆ,ਪੰਨਾ ੯੧ਤੋਂ ੧੦੨)

## 1999 ਦੀ ਵਿਸਾਖੀ ਦੇ ਸੰਬੰਧ 'ਚ

(ਸ੍ਰ. ਹਰਭਜਨ ਸਿੰਘ, ਨਵੀ ਦਿੱਲੀ)

ਅੱਜ ਸਿੱਖ ਜਗਤ ਵਿਚ ਆ ਰਹੀ 1999 ਦੀ ਵਿਸਾਖੀ-ਖ਼ਾਲਸਾ ਪੰਥ ਦੀ ਸਿਰਜਣਾ ਦੀ 300 ਵੀਂ ਵਰ੍ਹੇ ਗੰਢ ਮਨਾਉਣ ਦੀ ਬਹੁਤ ਚਰਚਾ ਹੈ। ਪੰਥ ਵਿਚ ਇਸ ਬਾਰੇ ਕਾਫ਼ੀ ਉਤਸ਼ਾਹ ਹੈ। ਇਹ ਹੋਣਾ ਵੀ ਚਾਹੀਦਾ ਹੈ ਕਿਉਂਕਿ ਸਾਡੇ ਵੱਡੇ ਭਾਗ ਹਨ ਕਿ ਸਾਨੂੰ ਇਹ ਇਤਿਹਾਸਕ ਅਵਸਰ ਮਿਲਿਆ ਹੈ।

1999 ਦੀ ਵਿਸਾਖੀ ਤਕ ਪੂਰੀ ਸਿੱਖ ਕੌਮ ਨੂੰ ਅੰਮ੍ਰਿਤਧਾਰੀ ਬਣਾਉਣ ਦਾ ਪੰਥਕ ਟੀਚਾ ਵੀ ਮਿਥਿਆ ਗਿਆ ਹੈ। ਜੇ ਅਸੀਂ ਇਸ ਟੀਚੇ ਨੂੰ ਵਾਹਿਗੁਰੂ ਦੀ ਕਿਰਪਾ ਨਾਲ ਪ੍ਰਾਪਤ ਕਰ ਸਕੀਏ ਤਾਂ ਇਹ ਬਹੁਤ ਮੁਬਾਰਕ ਹੈ ਨਹੀਂ ਤਾਂ ਫੋਕੇ ਲਫ਼ਜ਼ੀ ਟੀਚਿਆਂ ਅਤੇ ਨਾਅਰਿਆਂ ਨਾਲ ਕੌਮ ਦਾ ਕੁਝ ਸੌਰਣਾ ਨਹੀਂ।

ਇਸ ਟੀਚੇ ਦੀ ਪ੍ਰਾਪਤੀ ਲਈ ਸਾਨੂੰ, ਹਰ ਇਕ ਸਿੱਖ ਨੂੰ, ਆਪਣੇ ਅੰਦਰ ਝਾਤੀ ਮਾਰ ਕੇ ਸੋਚਣਾ ਪਵੇਗਾ ਕਿ ਇਸ ਮਹਾਨ ਕੰਮ ਵਿਚ ਅਸੀ ਕਿਵੇਂ ਸਫਲ ਹੋ ਸਕਦੇ ਹਾਂ। ਇਸ ਪਰਿਯੋਜਨਾ ਦੀ ਸਫਲਤਾ ਲਈ ਸਾਡੇ ਕੋਲ ਕੋਈ ਬੁਨਿਆਦੀ ਸਮੱਗਰੀ ਅਥਵਾ ਆਂਕੜੇ (Basic Data) ਹੋਣੇ ਚਾਹੀਦੇ ਹਨ। ਸਾਨੂੰ ਸਮੱਸਿਆਵਾਂ ਸੁਨਿਸਿਚਤ ਕਰਨੀਆਂ ਪੈਣਗੀਆਂ ਤਾ ਕਿ ਉਨ੍ਹਾਂ ਦੇ ਹਲ ਬਾਰੇ ਸੋਚਿਆ ਜਾ ਸਕਦੇ। ਸਾਡੀ ਪਹੁੰਚ ਵਿਗਿਆਨਕ (Scientific approach) ਹੋਣੀ ਜਰੂਰੀ ਹੈ। ਇਸ ਸੰਬੰਧ ਵਿਚ ਮੇਰਾ ਸੁਝਾਵ ਹੈ ਕਿ ਸਾਨੂੰ ਪੰਜਾਬ ਅੰਦਰ, ਪੰਜਾਬ ਤੋਂ ਬਾਹਰ ਭਾਰਤ ਦੇ ਹੋਰ ਦੇਸ਼ਾਂ ਵਿਚ ਸਰਵੇਖਣ (Selected Survey) ਕਰਵਾ ਕੇ ਬੁਨਿਆਦੀ ਅੰਕੜੇ ਇੱਕਠੇ ਕਰਨੇ ਚਾਹੀਦੇ ਹਨ। ਮਿਸਾਲ ਦੇ ਤੌਰ ਤੇ ਇਕ ਸਰਵੇਖਣ (Survey) ਜਲਦੀ ਹੀ ਪੰਜਾਬ ਦੇ ਕਿਸੇ ਇਕ ਨੁਮਾਇੰਦੇ ਜ਼ਿਲੇ (Representative District) ਵਿਚ ਕਰਵਾਇਆ ਜਾਏ ਅਤੇ ਹੇਠ ਲਿਖੇ ਨੁਕਤਿਆਂ ਤੇ ਆਂਕੜੇ ਇੱਕਠੇ ਕੀਤੇ ਜਾਣ :

(ੳ) ਪਿਛਲੇ ਦੋ ਸਾਲਾਂ ਵਿਚ ਕਿਤਨੇ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾਇਆ ਗਿਆ।

(ਅ)1. ਇਨ੍ਹਾਂ ਨਵੇਂ ਅੰਮ੍ਰਿਤਧਾਰੀਆਂ ਵਿਚੋਂ ਕਿੰਨਿਆਂ ਦੇ ਜੀਵਨ ਵਿਚ ਧਾਰਮਿਕ ਸੂਝ ਬੂਝ ਅਤੇ ਗਿਆਨ ਕਾਰਨ ਲੋੜੀਂਦੀ ਉਚੇਰੀ ਤਬਦੀਲੀ ਆਈ ?

੨. ਅੰਮ੍ਰਿਤ ਛਕਣ ਤੋਂ ਬਾਦ ਲੋੜੀਂਦੀ ਮਾਨਸਿਕ ਸਹਾਇਤਾ (emotional Support and Follow up) ਦੀ ਅਣਹੋਂਦ ਕਾਰਨ ਕਿੰਨਿਆਂ ਪ੍ਰਾਣੀਆਂ ਦੀ ਆਤਮਕ ਜੀਵਨ ਦਸ਼ਾ ਉੱਥੇ ਹੀ ਖੜ੍ਹੀ ਰਹੀ ਜਿੱਥੇ ਕਿ ਅੰਮ੍ਰਿਤ ਛਕਣ ਤੋਂ ਪਹਿਲਾਂ ਸੀ ਜਾਂ ਅੰਮ੍ਰਿਤ ਦੇ ਪ੍ਰਣ ਨੂੰ ਨਿਭਾ ਨਾ ਸਕੇ ?

(ੲ) ਪਿਛਲੇ ਦੋ ਸਾਲਾਂ ਵਿਚ ਕਿਤਨੇ ਸਿੱਖ ਸਿੱਖੀ ਦੀ ਮੂਲ ਧਾਰਾ ਤੋਂ ਟੁੱਟ ਕੇ ਹੋਰਨਾਂ ਮਤਾਂ (ਰਾਧਾ ਸੁਆਮੀ, ਨਿਰੰਕਾਰੀ, ਈਸਾਈ ਆਦਿ) ਵਿਚ ਸ਼ਾਮਲ ਹੋ ਗਏ ?

(ਸ) ਕਿਤਨੇ ਸਿੱਖ ਸ਼ਰਾਬ, ਨਸ਼ੀਲੀ ਦਵਾਇਆਂ ਆਦਿ ਦੇ ਨਸ਼ੇ ਦਾ ਸ਼ਿਕਾਰ ਹੋਏ ?

(ਹ) ਕਿਤਨੇ ਸਿੱਖਾਂ ਨੇ ਕੇਸਾਂ, ਦਾੜ੍ਹੀ, ਰੋਮਾਂ ਆਦਿ ਦੀ ਬੇ ਅਦਬੀ ਕੀਤੀ ਅਤੇ ਪਤਿਤ ਹੋਏ?

ਮੈਨੂੰ ਤੌਖਲਾ ਹੈ ਕਿ ਐਸੇ ਸਰਵੇਖਣ ਦੇ ਨਤੀਜੇ ਸਾਡੀਆਂ ਅੱਖਾਂ ਖੋਲ੍ਹਣ ਵਿਚ ਸਹਾਈ ਹੋਣਗੇ ਤੇ ਪਤਾ ਲੱਗ ਸਕੇਗਾ ਕਿ ਸਾਡੀ ਹਾਲਤ ਕਿਤਨੀ ਨਿਘਰ ਰਹੀ ਹੈ। ਇਸ ਤਰ੍ਹਾਂ ਸਾਡੇ ਅਖੌਤੀ ਪ੍ਰਚਾਰ ਤੇ ਗੁਰਦਵਾਰਾ ਪ੍ਰਬੰਧਕ ਕਮੇਟੀਆਂ ਦੇ ਯਤਨਾਂ ਦੇ ਬਾਵਜੂਦ ਸਾਡੀ ਉੱਨਤੀ ਦੀ ਤਫਸੀਲ ਹੋਵੇਗੀ। ਤਾਂ ਫਿਰ ਪੰਥ ਦਰਦੀਆਂ ਨੂੰ ਸੋਚਣਾ ਪਵੇਗਾ ਕਿ ਅਸੀਂ ਕਿਥੇ ਖੜ੍ਹੇ ਹਾਂ ? ਇਹ ਕੀ ਹੋ ਗਿਆ ਹੈ ? ਅਸੀਂ ਕਿਥੇ ਗਲਤੀਆਂ ਕਰੀ ਜਾ ਰਹੇ ਹਾਂ ? ਜੇ ਅਸੀਂ ਤੁਰੰਤ ਗੰਭੀਰ (Drastic) ਉਪਾਅ ਸੋਚ ਕੇ ਅਮਲ ਵਿਚ ਨਾ ਲਿਆਂਦੇ ਤਾਂ ਸਮੁਚੀ ਕੌਮ ਅਸੀਂ ਅੰਮ੍ਰਿਤਧਾਰੀ ਤਾਂ ਕੀ ਬਣਾਉਣੀ ਹੈ, ਮੌਜੂਦਾ ਸਿੱਖਾਂ ਦੀ ਗਿਣਤੀ ਵੀ ਤੇਜ਼ੀ ਨਾਲ ਘੱਟਦੀ ਜਾਏਗੀ।

ਮੇਰਾ ਸੁਝਾਵ ਹੈ ਕਿ ਸਿੱਖ ਪੰਥ ਦੇ ਉੱਚੇ ਸੁੱਚੇ ਸਿੱਖੀ ਧਾਰਮਿਕ ਜੀਵਨ ਵਾਲੇ, ਲਾਇਕ, ਗਿਆਨਵਾਨ, ਨਿਸ੍ਵਾਰਥੀ, ਨਿਰਬਾਣ, ਰਾਜਨੀਤੀ ਤੋਂ ਬਾਹਰ ਪੰਥ ਦਰਦੀਆਂ ਦਾ ਇਕ Think Tank ਬਣਾਇਆ ਜਾਵੇ (ਜਿਵੇਂ ਕਿ ਅਕਾਲ ਤਖ਼ਤ ਦੀ ਤਾਬਿਆ ਵਿਸ਼ਵ ਸਿੱਖ ਕੌਂਸਲ) । ਇਸ ਵਿਚ ਵਰਤਮਾਨ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਆਦਿ ਸੰਸਥਾਵਾਂ ਨਾਲ ਸਬੰਧਤ ਵਿਅਕਤੀ ਨਹੀਂ ਹੋਣੇ ਚਾਹੀਦੇ ਜਿਨ੍ਹਾਂ ਦਾ ਲਖਸ਼ ਨਿਰੋਲ ਆਪਣਾ ਸ੍ਵਾਰਥ, ਆਪਣੀ ਚੌਧਰਪਨ ਤੇ ਆਪਣੀ ਹਉਮੈ ਨੂੰ ਸਭ ਤੋਂ ਉਪਰ ਰੱਖਣਾ ਹੈ। ਇਹ Core ਸੰਸਥਾ ਡੂੰਘੀ ਸੋਚ ਵਿਚਾਰ ਕਰਕੇ ਬੁਨਿਆਦੀ ਮਸਲਿਆਂ ਨੂੰ ਸੁਲਝਾਉਣ ਲਈ ਆਪਣੇ ਸੁਹਿਰਦ ਵਿਚਾਰ ਤੇ ਸਿਫਾਰਸ਼ਾਂ ਨੂੰ ਨਿਸਚਿਤ ਕਰਕੇ ਇਕ ਸਮਾਂ-ਬਧ ਯੋਜਨਾ ਨਾਲ ਅਮਲ ਵਿਚ ਲਿਆਇਆ ਜਾਵੇ।

ਸਿੱਖ ਕੌਮ ਵਿਚ ਇਸ ਵੇਲੇ ਅਣਗਿਣਤ ਸੰਸਥਾਵਾਂ ਹਨ। ਇਨ੍ਹਾਂ ਵਿਚੋਂ ਕੁਝ ਚੰਗਾ ਕੰਮ ਕਰ ਰਹੀਆਂ ਹਨ। ਇਨ੍ਹਾਂ ਸੰਸਥਾਵਾਂ ਵਿਚ ਆਪਸੀ ਤਾਲ ਮੇਲ (Co-ordination) ਨਾ ਹੋਣ ਕਰਕੇ ਕਈ ਵਾਰ ਇਕ ਦੂਜੇ ਦੇ ਉਲਟ ਕੰਮ ਕਰਦੀਆਂ ਹਨ ਜਿਸ ਨਾਲ ਪੰਥ ਦਾ ਸਮਾਂ, ਸ਼ਕਤੀ ਅਤੇ ਧਨ ਬਰਬਾਦ ਹੋ ਰਿਹਾ ਹੈ। ਬਹੁਤ ਸੰਸਥਾਵਾਂ ਤਾਂ ਪ੍ਰਚਾਰ ਦੇ ਪਰਦੇ


www.AKJ.Org

ਪਿੱਛੇ ਆਪਣੇ ਸੁਆਰਥ ਅਧੀਨ ਆਪਣੇ ਧੜੇ, ਡੇਰੇ ਆਦਿ ਨੂੰ ਹੀ ਬੜ੍ਹਾਵਾ ਦੇ ਰਹੀਆਂ ਹਨ। ਉਪਰ ਸੁਝਾਇਆ Think Tank ਇਕ ਉਚਤਮ ਸੰਸਥਾ (Apex Body) ਦੇ ਤੌਰ ਕੇ ਕੰਮ ਕਰਦੇ ਹੋਏ ਪੰਥ ਦੀਆਂ ਸਭ ਸੰਸਥਾਵਾਂ ਵਿਚ ਤਾਲ ਮੇਲ (Co-ordination) ਰਾਹੀਂ ਪੰਥ ਦੀ ਸ਼ਕਤੀ ਮਾਇਆ ਅਤੇ ਸਮੇਂ ਦਾ ਸਹੀ ਇਸਤੇਮਾਲ ਕਰਨ ਵਿਚ ਮਦਦ ਕਰ ਸਕਦੀ ਹੈ।

ਮੇਰਾ ਵਿਚਾਰ ਹੈ ਕਿ ਸਿੱਖੀ ਦੇ ਪ੍ਰਚਾਰ ਲਈ ਸਿਰਫ ਉੱਚੇ ਤੇ ਸਿੱਖੀ ਜੀਵਨ ਵਾਲੇ ਗਿਆਨਵਾਨ ਪੁਰਸ਼, ਇਸਤ੍ਰੀਆਂ ਅਤੇ ਨੌਜਵਾਨ ਪੀੜ੍ਹੀ ਦੀ ਭੂਮਿਕਾ ਸਭ ਤੋਂ ਜ਼ਿਆਦਾ ਹੋ ਸਕਦੀ ਹੈ। ਪ੍ਰਚਾਰ ਸਿਰਫ ਅਖੌਤੀ ਪ੍ਰਚਾਰਕਾਂ ਅਤੇ ਰਾਜਸੀ ਨੇਤਾਵਾਂ ਦੇ ਲੱਛੇਦਾਰ ਭਾਸ਼ਣਾਂ ਨਾਲ ਨਹੀਂ ਹੋ ਸਕਦਾ। ਅਸਲ ਪ੍ਰਚਾਰ ਇਹ ਹੈ ਕਿ ਉੱਚੇ ਆਦਰਸ਼ਕ ਜੀਵਨ ਵਾਲੇ ਸਿੱਖ ਦੇ ਵਿਹਾਰ, ਸਦਾਚਾਰ ਤੋਂ ਪ੍ਰਭਾਵਿਤ ਹੋ ਕੇ ਉਸਦੇ ਸੰਪਰਕ ਵਿਚ ਆਉਣ ਵਾਲੇ ਮਨੁੱਖ ਖੁਦ ਸਿੱਖੀ ਜੀਵਨ ਨੂੰ ਅਪਨਾਉਣ ਲਈ ਤਿਆਰ ਹੋ ਜਾਣ।

ਇਸ ਪ੍ਰਚਾਰ ਦੇ ਕੰਮ ਵਿਚ ਸਾਡੇ ਇਤਿਹਾਸਕ ਅਤੇ ਧਾਰਮਕ ਅਸਥਾਨ ਸਿੱਖੀ ਦੇ ਸ੍ਵਛ ਚਸ਼ਮੇ ਦੀ ਭੂਮਿਕਾ ਨਿਭਾ ਸਕਦੇ ਹਨ। ਪਰ ਇਹ ਇਕ ਕੌੜਾ ਸੱਚ ਹੈ ਕਿ ਸਾਡੇ ਬਹੁਤੇ ਇਤਿਹਾਸਕ, ਧਾਰਮਕ ਅਸਥਾਨ ਸੰਸਾਰ ਨੂੰ ਸਿੱਖੀ ਦਾ ਠੀਕ ਸੁਨੇਹਾ ਨਹੀਂ ਦੇ ਰਹੇ। ਇਸ ਦਾ ਕਾਰਣ ਇਹ ਵੀ ਹੈ ਕਿ ਇਨ੍ਹਾਂ ਅਸਥਾਨਾਂ ਤੇ ਰਾਜਨੀਤੀ ਤੋਂ ਪ੍ਰੇਰਤ ਸੁਆਰਥੀ ਲੋਕਾਂ ਦਾ ਪ੍ਰਭਾਵ ਹੈ ਅਤੇ ਦੂਸਰੇ ਉਥੋਂ ਦੇ ਮਾਹੌਲ ਵਿਚੋਂ ਸਿੱਖੀ ਜੀਵਨ ਦੀ ਸੇਧ ਨਹੀਂ ਮਿਲਦੀ। ਇਸ ਸੰਬੰਧ ਵਿਚ ਮੇਰੇ ਆਪਣੇ ਨਾਲ ਵਾਪਰੇ ਇਕ ਅਸੁਖਾਂਵੇ ਅਨੁਭਵ ਦਾ ਜ਼ਿਕਰ ਕੀਤੇ ਬਿਨਾਂ ਨਹੀਂ ਰਹਿ ਸਕਦਾ।

1997 ਦੀ ਵਿਸਾਖੀ ਨੂੰ ਮੈ ਆਪਣੇ ਪਰਿਵਾਰ ਨਾਲ ਤਖ਼ਤ ਦਮਦਮਾ ਸਾਹਿਬ ਤਲਵੰਡੀ ਸਾਬੋ ਦੀ ਯਾਤਰਾ ਕਰਨ ਦਾ ਵਿਚਾਰ ਬਣਾਇਆ। 13 ਅਪ੍ਰੈਲ 1997 ਨੂੰ ਆਪਣੀ ਧਰਮਪਤਨੀ ਅਤੇ ਬੇਟੇ ਦੇ ਪਰਿਵਾਰ ਨਾਲ ਕਾਰ ਰਾਹੀਂ ਦੁਪਹਿਰ ਇਕ ਵਜੇ ਕੇ ਕਰੀਬ ਦਮਦਮਾ ਸਾਹਿਬ ਪਹੁੰਚੇ। ਸੁਰੱਖਿਆ ਕਾਰਣਾਂ ਕਰਕੇ ਕਾਰ ਨੂੰ ੨-3 ਕਿਲੋਮੀਟਰ ਉਰੇ ਹੀ ਖੜ੍ਹਾ ਕਰਨਾ ਪਿਆ ਕਿਉਂਕਿ ਮੁੱਖ ਮੰਤਰੀ ਬਾਦਲ ਸਾਹਿਬ ਆਏ ਹੋਏ ਸਨ। ਅਸੀਂ ਛੋਟੇ ਬੱਚਿਆਂ ਨਾਲ ਪੈਦਲ ਹੀ ਤਖ਼ਤ ਦਮਦਮਾ ਸਾਹਿਬ ਦੀ ਯਾਤਰਾ ਲਈ ਚੱਲ ਪਏ। ਜਿਵੇਂ ਕਿ ਐਸੇ ਮੌਕੇ ਤੇ ਅਕਸਰ ਹੁੰਦਾ ਹੈ, ਪੂਰਾ ਮਾਹੌਲ ਇਕ ਪੇਂਡੂ ਮੇਲੇ ਵਾਲਾ ਸੀ। ਤਖ਼ਤ ਸਾਹਿਬ ਗੁਰਦਵਾਰਾ ਪਰਿਸਰ ਦੇ ਨਾਲ ਵੱਖ ਵੱਖ ਸਿਆਸੀ ਪਾਰਟੀਆਂ ਦੇ ਪੰਡਾਲ ਲੱਗੇ ਹੋਏ ਸਨ। ਰਾਜਸੀ ਨੇਤਾ ਰਾਜਸੀ ਲੈਕਚਰਾਂ ਰਾਹੀਂ ਆਪਣੇ ਵਿਰੋਧੀਆਂ ਤੇ ਚਿੱਕੜ ਉਛਾਲ ਰਹੇ ਸਨ। ਤਖ਼ਤ ਸਾਹਿਬ ਦੇ ਹਾਲ ਵਿਚ ਪੰਹੁਚਣ ਤੇ ਮਨ ਨੂੰ ਖੁਸ਼ੀ ਦੀ ਬਚਾਏ ਦੁੱਖ ਹੋਇਆ। ਉਥੇ ਅਨੁਸ਼ਾਸਨ ਨਾਂ ਦੀ ਕੋਈ ਚੀਜ਼ ਜਿਵੇਂ ਹੈ ਹੀ ਨਹੀਂ ਸੀ। ਮੱਥਾ ਟੇਕਣ ਵਾਲੇ ਅਸਥਾਨ ਤੇ ਬਹੁਤ ਭੀੜ ਕਾਰਣ ਖੂਬ ਧੱਕੇ ਪੈ ਰਹੇ ਸਨ। ਸੰਗਤਾਂ ਦੀ ਮਦਦ ਲਈ ਕੋਈ ਸੇਵਾਦਾਰ ਜਾਂ ਕਮੇਟੀ ਦਾ ਕਰਮਚਾਰੀ ਨਹੀਂ ਸੀ। ਤਖ਼ਤ ਸਾਹਿਬ ਦੇ ਹਾਲ ਵਿਚ ਕੋਈ ਕੀਰਤਨ, ਕਥਾ ਜਾ ਲੈਕਚਰ ਆਦਿ ਦਾ ਪ੍ਰੋਗਰਾਮ ਨਹੀਂ ਸੀ ਚੱਲ ਰਿਹਾ। ਸਿਰਫ ਅਕਾਲੀਆਂ ਦੀ ਕਾਨਫਰੰਸ ਦੀ ਸਟੇਜ ਤੋਂ ਲਾਊਡ ਸਪੀਕਰ ਰਾਹੀਂ ਬਾਦਲ ਸਾਹਿਬ ਦੇ ਭਾਸ਼ਣ ਦੀ ਆਵਾਜ਼ ਆ ਰਹੀ ਸੀ ਜਿਸ ਵਿਚ ਉਹ ਆਪਣੀ ਸਰਕਾਰ ਦੀ ਸ਼ਲਾਘਾ ਦਰਸਾ ਰਹੇ ਸਨ। ਬੱਸ ਸੰਗਤਾਂ ਧੱਕੇ ਖਾਂਦੀਆਂ ਆਂਦੀਆਂ, ਕੜਾਹ ਪ੍ਰਸ਼ਾਦ ਭੇਟ ਕਰਦੀਆਂ ਅਤੇ ਦਰਬਾਰ ਸਾਹਿਬ ਅੱਗੇ ਮੱਥਾ ਟੇਕ ਬਾਹਰ ਨੂੰ ਜਾ ਰਹੀਆਂ ਸਨ। ਕੁਝ ਪੁਰਸ਼ ਤੇ ਇਸਤ੍ਰੀਆਂ ਹਾਲ ਵਿਚ ਇਸ ਤਰ੍ਹਾ ਬੈਠ ਕੇ ਆਰਾਮ ਕਰ ਰਹੇ ਸਨ ਜਿਵੇਂ ਕਿ ਇਸ ਮਹਾਨ ਇਤਿਹਾਸਕ ਅਸਥਾਨ ਦੇ ਅਦਬ ਦਾ ਧਿਆਨ ਹੀ ਨਹੀਂ ਹੁੰਦਾ। ਬੱਚੇ ਇਧਰ ਉਧਰ ਦੌੜ ਭਜ ਕੇ ਖੇਡ ਰਹੇ ਸਨ ਅਤੇ ਸ਼ੋਰ ਕਰ ਰਹੇ ਸਨ । ਸਭ ਪਾਸੇ ਸ਼ੋਰ ਹੀ ਸ਼ੋਰ ਸੁਣਾਈ ਦੇ ਰਿਹਾ ਸੀ। ਉਸ ਵੇਲੇ ਸਾਡੀ ਹੈਰਾਨੀ ਅਤੇ ਅਫਸੋਸ ਦੀ ਹੱਦ ਨਾ ਰਹੀ ਜਦੋਂ ਅਚਾਨਕ ਮੇਰੀ 9-10 ਸਾਲ ਦੀ ਪੋਤਰੀ ਨੇ ਸਾਨੂੰ ਦਿਖਾਇਆ ਕਿ ਇਕ ਕੋਨੇ ਵਿਚ ਕੁਝ ਕੱਟੇ ਹੋਏ ਵਾਲਾਂ ਦਾ ਗੁਛਾ ਪਿਆ ਹੈ। ਜਾਪਦਾ ਸੀ ਕਿ ਕਿਸੇ ਨੇ ਉੱਥੇ ਹੀ ਝੰਡ ਕਰਵਾਈ ਹੋਵੇ। ਬਾਹਰ ਆਏ ਤਾ ਲੰਗਰ ਵਿਚ ਜਗ੍ਹਾ ਤੰਗ ਅਤੇ ਭੀੜ੍ਹ ਜ਼ਿਆਦਾ ਕਾਰਣ ਇਤਨੀ ਬਦ ਇੰਤਜ਼ਾਮੀ ਸੀ ਕਿ ਛੋਟੇ ਛੋਟੇ ਬੱਚਿਆਂ ਨਾਲ ਆਰਾਮ ਨਾਲ ਬੈਠ ਕੇ ਲੰਗਰ ਛਕਣਾ ਅਸੰਭਵ ਸੀ। ਸ਼ੈਰ ਆਏ ਤਾਂ ਬੜੇ ਉਤਸ਼ਾਹ ਤੇ ਸ਼ਰਧਾ ਨਾਲ ਸੀ ਪਰ ਬੜੇ ਭਾਰੀ ਮਨ ਨਾਲ ਬਾਹਰ ਨਿਕਲੇ। ਵਾਪਸੀ ਤੇ ਵੱਖ ਵੱਖ ਰਾਜਸੀ ਪਾਰਟੀਆਂ ਦੇ ਪੰਡਾਲਾਂ ਕੋਲੋਂ ਲੰਘਦਿਆਂ ਦੇਖਿਆ ਕਿ ਕਾਂਗਰਸ ਪਾਰਟੀ ਦੇ ਪੰਡਾਲ ਵਿਚ ਭੀੜ ਕੁਝ ਜ਼ਿਆਦਾ ਹੀ ਇੱਕਠੀ ਸੀ। ਹੋਰ ਨੇੜੇ ਪਹੁੰਚਣ ਤੇ ਨਜ਼ਰ ਆਇਆ ਕਿ( ਸ਼ਾਇਦ ਭੀੜ ਇੱਕਠੀ ਕਰਨ ਲਈ) ਸਟੇਜ ਤੇ ਗਾਣ ਵਾਲੀਆਂ Professional ਲੜਕੀਆਂ ਨੱਚਦੇ ਟੱਪਦੇ ਗੰਦੇ ਗੀਤ ਗਾ ਰਹੀਆਂ ਸਨ। ਇਹ ਦੇਖ ਕੇ ਮਨ ਨੂੰ ਇਤਨਾ ਅਫਸੋਸ ਹੋਇਆ ਜੋ ਸ਼ਬਦਾਂ ਰਾਹੀਂ ਬਿਆਨ ਨਹੀਂ ਕੀਤਾ ਜਾ ਸਕਦਾ। ਮਾਨੋ ਮਨ ਦੀਆਂ ਅੱਖਾ ਤੋਂ ਅਫਸੋਸ ਦੇ ਅੱਥਰੂ ਝੜੀ ਲਾ ਕੇ ਵਰ੍ਹ ਰਹੇ ਹੋਣ। ਤਖ਼ਤ ਦਮਦਮਾ ਸਾਹਿਬ ਦਾ ਪਵਿੱਤਰ ਅਸਥਾਨ ਹੋਵੇ, ਵਿਸਾਖੀ ਦਾ ਪੂਰਬ ਹੋਵੇ ਤਾਂ ਉੱਥੇ ਨਾ ਕੋਈ ਕੀਰਤਨ, ਕਥਾ ਤੇ ਨਾ ਹੀ ਕੋਈ


www.AKJ.Org

ਗੁਰੂ ਗੋਬਿੰਦ ਸਿੰਘ ਜੀ ਦਾ ਸੁਨੇਹਾ ਸੁਣਨ ਨੂੰ ਮਿਲੇ ਪਰ ਦੂਸਰੇ ਪਾਸੇ ਸੁਣਨ ਨੂੰ ਮਿਲ ਰਹੇ ਸੀ ਰਾਜਸੀ ਲੈਕਚਰ ਅਤੇ ਗੰਦੇ ਗੀਤ। ਜੇ ਇੱਥੇ ਇਹ ਹਾਲਤ ਹੈ ਤਾਂ ਬਾਕੀ ਧਾਰਮਕ ਅਸਥਾਨਾਂ ਤੇ ਕੀ ਹਾਲ ਹੁੰਦਾ ਹੋਵੇਗਾ ? ਕੋਈ ਭਾਵੀ (Sensible) ਸ਼ਰਧਾਲੂ, ਇੱਥੇ ਦਰਸ਼ਨ ਕਰਨ ਆਇਆ, ਕੀ ਗੁਰੂ ਨਾਲ ਜੁੜੇਗਾ ਜਾਂ ਟੁੱਟੇਗਾ ? ਇਸਦਾ ਜਵਾਬ ਤਾਂ ਸਾਫ ਜ਼ਾਹਿਰ ਹੈ। ਕਈ ਮਿੱਤਰਾਂ ਨੇ ਸੁਝਾ ਦਿੱਤਾ ਕਿ ਇਸ ਘਟਨਾ ਦੀ ਜਾਣਕਾਰੀ ਜੱਥੇਦਾਰ ਸਾਹਿਬ ਜੀ ਜਾਂ ਕਮੇਟੀ ਦੇ ਹੋਰ ਨੇਤਾਵਾਂ ਨੂੰ ਦਿੱਤੀ ਜਾਏ। ਪਰ ਇਹ ਗ਼ਮ ਆਪਣੇ ਦਿਲ ਵਿਚ ਦਬਾ ਕੇ ਚੁੱਪ ਕਰਕੇ ਬੈਠ ਗਏ ਕਿ ਕੀ ਉਹ ਜਾਣਦੇ ਨਹੀਂ ਕਿ ਅੱਜ ਕੀ ਹੋ ਰਿਹਾ ਹੈ। ਅਣਜਾਣ ਨੂੰ ਤਾਂ ਜਾਣਕਾਰੀ ਦਿੱਤੀ ਜਾ ਸਕਦੀ ਹੈ ਪਰ ਜੋ ਸਭ ਕੁਝ ਜਾਣਦੇ ਹਨ, ਉਨ੍ਹਾਂ ਤੇ ਕਿਉਂ ਅਸਰ ਨਹੀਂ ਹੁੰਦਾ ? ਕੀ ਐਸੇ ਮੌਕਿਆਂ ਤੇ ਧਰਮ ਦੀ ਗੱਲ ਕਰਨ ਨਾਲੋਂ ਰਾਜਸੀ ਕਾਨਫਰੰਸ ਜ਼ਿਆਦਾ ਜ਼ਰੂਰੀ ਹਨ ?

ਇਹ ਘਟਨਾ ਇਤਨੇ ਵਿਸਥਾਰ ਨਾਲ ਇਸ ਲਈ ਬਿਆਨ ਕੀਤੀ ਹੈ ਕਿਉਂਕਿ ਇਹ ਇਕ ਉਦਾਹਰਣ ਹੈ ਸਾਡੀ ਹਾਲਤ ਦੀ। ਕੀ ਅਸੀਂ ਗੁਰੂ ਹਰਿ ਗੋਬਿੰਦ ਸਾਹਿਬ ਜੀ ਵੱਲੋਂ ਦਰਸਾਏ ਮੀਰੀ ਪੀਰੀ ਦੇ ਸਿਧਾਂਤ ਦੀ ਦੁਰ ਵਰਤੋਂ ਨਹੀਂ ਕਰ ਰਹੇ ? ਚਾਹੀਦਾ ਤੇ ਇਹ ਸੀ ਕਿ ਅਸੀਂ ਗੁਰੂ ਸਾਹਿਬ ਦੇ ਮੀਰੀ ਪੀਰੀ ਦੇ ਸਿਧਾਂਤ ਤੇ ਚਲਦੇ ਹੋਏ ਧਾਰਮਕ ਸਿਧਾਂਤਾਂ ਨੂੰ ਰਾਜਨੀਤੀ ਵਿਚ ਲਾਗੂ ਕਰਕੇ ਇਸਨੂੰ ਸ੍ਵਛ ਤੇ ਆਦਰਸ਼ਕ ਬਣਾਉਂਦੇ ਪਰ ਅਸੀਂ ਇਸ ਦੇ ਉਲਟ ਧਰਮ ਵਿਚ ਰਾਜਨੀਤੀ ਨੂੰ ਘੁਸੇੜ ਕੇ ਇਸਨੂੰ ਅਪਵਿੱਤਰ ਕਰ ਰਹੇ ਹਾਂ। ਸ਼ਾਇਦ ਇਹੋ ਹੀ ਸਾਡੀ ਧਾਰਮਕ ਗਿਰਾਵਟ ਦਾ ਇਕ ਵੱਡਾ ਕਾਰਣ ਹੈ।

ਜੇ ਅਸੀਂ ਚਾਹੁੰਦੇ ਹਾਂ ਕਿ ੧੯੯੯ ਦੀ ਵਿਸਾਖੀ ਨੂੰ ਪੰਥ ਚੜ੍ਹਦੀ ਕਲਾ ਵਿਚ ਹੋਵੇ ਤਾਂ ਅਖਉਤੀ ਆਗੂਆਂ ਅਤੇ ਡੇਰਿਆਂ ਤੋਂ ਇਹ ਉਮੀਦ ਰੱਖਣੀ ਕਿ ਉਹ ਕੁਝ ਕਰਣਗੇ, ਨਿਰਮੂਲ ਹੈ। ਕਿਉਂਕਿ ਕਈ ਸ਼ਤਾਬਦੀ ਸਮਾਰੋਹ ਪਿਛਲੇ ਸਾਲਾਂ ਵਿਚ ਪੰਥ ਨੇ ਬੜੇ ਜੋਸ਼ ਨਾਲ ਮਨਾਏ ਪਰ ਹਾਲਾਤ ਉੱਥੇ ਦੇ ਉੱਥੇ ਹੀ ਹਨ। ਮੈਂ ਨਿਰਾਸ਼ਵਾਦੀ ਹੋ ਕੇ ਇਹ ਨਹੀਂ ਕਹਿ ਰਿਹਾ ਕਿਉਂਕਿ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦਾ ਸਿੱਖ ਤਾਂ ਨਿਰਾਸ਼ਾਵਾਦੀ ਹੋ ਹੀ ਨਹੀਂ ਸਕਦਾ। ਅੱਜ ਦਾ ਸਮਾ ਮੰਗ ਕਰਦਾ ਹੈ ਕਿ ਹਰ ਇਕ ਸਿੱਖ ਮਰਦ, ਇਸਤ੍ਰੀ, ਨੌਜਵਾਨ,ਬਜ਼ੁਰਗ ਜਿੱਥੇ ਵੀ ਉਹ ਹੈ। ਆਪਣੀ ਡਿਊਟੀ ਤੇ ਖੜਾ ਹੋ ਜਾਵੇ। ਹਰ ਕੋਈ ਆਪਣੇ ਦਿਲੋਂ ਸੋਚੇ ਕਿ ਮੈਂ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਕੀ ਹਿੱਸਾ ਪਾ ਸਕਦਾ ਹਾ? ਅੱਜ ਕੌਮ ਦੇ ਪਿਆਲੇ ਵਿਚ (ਜੋ ਗਿਰਾਵਟ ਦੀ ਜ਼ਹਿਰ ਨਾਲ ਭਰਿਆ ਹੈ) ਹਰ ਇਕ ਸਿੱਖ ਆਪਣੀ ਵਿਤ ਮੁਤਾਬਿਕ ਇਕ ਇਕ ਬੂੰਦ ਮਿਠਾਸ ਦੀ ਪਾਵੇ ਤਾਂ ਕਿ ਇਹ ਪਿਆਲਾ ਜ਼ਹਿਰ ਦੀ ਬਜਾਏ ਅੰਮ੍ਰਿਤ ਦੀ ਮਿਠਾਸ ਨਾਲ ਭਰ ਜਾਵੇ। ਇਹ ਤਾਂ ਹੀ ਹੋ ਸਕਦਾ ਹੈ ਕਿ ਹਰ ਸਿੱਖ ਆਪਣੇ ਆਪ ਨੂੰ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦਾ ਰਾਜਦੂਤ (Representative) ਸਮਝਦਾ ਹੋਇਆ ਕੋਈ ਐਸਾ ਵਿਹਾਰ ਅਸੂਲਾਂ ਵਿਚ ਢਾਲ ਕੇ ਸਿੱਖੀ ਜੀਵਨ ਦੀ ਮਿਸਾਲ ਬਣ ਕੇ ਸਿੱਖ ਧਰਮ ਨੂੰ ਉਨ੍ਹਾਂ ਉਚਾਈਆਂ ਤੇ ਲੈ ਜਾਏ ਜਿਸ ਨੂੰ ਵੇਖ ਕੇ ਸਿੱਖ ਧਰਮ ਦਾ ਆਪ ਮੁਹਾਰਾ ਪ੍ਰਚਾਰ ਹੋਵੇ।

ਜੇਕਰ ਅਸੀਂ ਆਪਣੇ ਜੀਵਨ ਕਾਲ ਵਿਚ ਇੰਨਾਂ ਕੁਝ ਕਰ ਸਕੀਏ ਤਾਂ ੧੯੯੯ ਦੀ ਵਿਸਾਖੀ ਮਨਾਈ ਸਫਲ ਹੋ ਸਕਦੀ ਹੈ। ਮੇਰੀ ਤਾਂ ਦਿਲ ਦੀ ਡੂੰਘਾਈ ਤੋਂ ਬੜੀ ਨਿਮਰਤਾ, ਸ਼ਰਧਾ ਤੇ ਭਰੋਸੇ ਨਾਲ ਵਾਹਿਗੁਰੂ ਅੱਗੇ ਇਹੋ ਹੀ ਅਰਦਾਸ ਹੈ ਕਿ ਸਾਨੂੰ ਐਸਾ ਕਰਨ ਦੀ ਸ਼ਕਤੀ ਤੇ ਦ੍ਰਿੜਤਾ (Determination) ਬਖਸ਼ੇ।

---

(ਪੰਨਾ ੮ ਦਾ ਬਾਕੀ ...)

ਨਾ ਵਗਾਏ ਤੇ ਫੁਰਮਾਇਆ :-

ਮਿਲਬੋ ਤੇ ਹਰਖਹਿ ਨ ਗਿਆਨੀ।
ਬਿਛੁਰੇ ਸ਼ੋਕ ਨ ਦੁਖ ਕੋ ਜਾਨੀ।

ਪਰ ਮਨੁੱਖੀ ਹਿਰਦੇ ਨਾਲ ਸਰਸ਼ਾਰ ਇਤਨੇ ਕਿ ਬਾਬਾ ਬੁੱਢਾ ਜੀ ਦੇ ਅਕਾਲ ਚਲਾਣਾ ਵੇਲੇ ਨੈਣ ਭਰ ਆਏ ਤੇ ਸਾਂਈ ਦਾਸ ਦੇ ਗੁਜ਼ਰਨ ਵੇਲੇ ਕਿਹਾ :

ਬਸਿਬੋ ਇਸ ਥਲ ਮੋਹਿ ਨ ਭਾਵੈ।
ਸਾਂਈ ਦਾਸ ਦ੍ਰਿਸ਼ਟਿ ਨ ਆਵੈ।

ਜਰਨੈਲ ਇਤਨੇ ਕਿ ਆਪਣੀ ਹੱਥੀਂ ਹੀ ਸਭ ਹਮਲਾਵਰਾਂ ਨੂੰ ਮੈਦਾਨਿ-ਏ-ਜੰਗ ਵਿੱਚ ਮਾਰ ਮੁਕਾਇਆ ਪਰ ਸਹਜ ਇਤਨਾ ਕਿ ਮਜਾਲ ਕੀ ਮਥੇ 'ਤੇ ਸ਼ਿਕਨ (ਵਟ-ਵਲ) ਤਕ ਆਏ । ਆਪ ਜੀ ਕਹਿੰਦੇ ਸਨ ਕਿ ਗੁੱਸਾ, ਬਦਲੇ ਤੇ ਰੋਹ ਵਿੱਚ ਤਲਵਾਰ ਚਲਾਣੀ ਨਿੰਦਨੀਯ ਤੇ ਅਧਰਮ ਹੈ।

ਬਸ ਇਹ ਹੀ ਕਹਿਣਾ ਫਬੱਦਾ ਹੈ ਕਿ ਉਨ੍ਹਾਂ ਵਰਗਾ ਕੋਈ ਜੋਧਾ ਨਹੀਂ, ਕੋਈ ਪਰਉਪਕਾਰੀ ਨਹੀ। ਉਨ੍ਹਾਂ ਵਰਗਾ ਫਕੀਰ ਨਹੀਂ, ਜਿਨ੍ਹਾਂ ਪਾਸ ਦੁਨੀਆਂ ਭਰ ਦੇ ਫਕੀਰ ਆ, ਖ਼ੁਦਾ ਦੇ ਦਰ ਦੀਆਂ ਚਾਬੀਆਂ ਹਾਸਲ ਕਰਦੇ। ਮੀਆਂ ਮੀਰ ਉਨ੍ਹਾਂ ਨੂੰ 'ਮਹਿਬੂਬ ਅਲਾਹੀ' ਕਹਿੰਦਾ ਸੀ। ਹਰ ਸਿੱਖ ਉਨ੍ਹਾਂ ਪਾਸ ਆ ਵਡਭਾਗੀ ਹੋ ਗਿਆ ਤੇ ਦ੍ਰਿੜ ਵਿਸ਼ਵਾਸੀ ਇਤਨਾ ਕਿ ਮੌਤ ਨੂੰ ਵੀ ਮਖੌਲ ਕਰਨ ਲਗ ਪਿਆ। ਅਕੀਤਾ ਇਹ ਕਿ ਹਰ ਗੁਰੂ ਦਾ ਸਿੱਖ ਸਿੱਧਾ ਜਨਤ ਨੂੰ ਜਾਂਦਾ ਹੈ। ਯਥਾ-

ਅਕੀਦਾ-ਇ-ਸਿਖਾਂ ਆ ਅਸਲ
ਕਿ ਮੁਰੀਦਾਨੇ ਗੁਰੂ ਬ ਬਹਿਸ਼ਤ ਰਵੰਦ।

(ਦਬਿਸਤਾਨ-ਏ ਮਜ਼ਾਹਿਬ)

(ਗੁਰਮਤਿ ਪ੍ਰਕਾਸ਼ ਚੋਂ ਧੰਨਵਾਦ ਸਹਿਤ)



www.AKJ.Org

# ਗੁਰਬਾਣੀ ਵਿਚ ਸਾਧ,ਸੰਤ ਅਤੇ ਬ੍ਰਹਮ ਗਿਆਨੀ

(ਭਾਈ ਜੋਗਿੰਦਰ ਸਿੰਘ ਜੀ 'ਤਲਵਾੜਾ')

ਸੰਤ ਤੋਂ ਭਾਵ ਹੈ ਅਜਿਹਾ ਵਿਅਕਤੀ ਜਿਸ ਨੇ ਸਤਿ-ਸਰੂਪ ਵਾਹਿਗੁਰੂ ਦੀ ਉਪਾਸ਼ਨਾ ਕਰ ਕੇ ਅਤੇ 'ਸਤਿ' ਦਾ ਧਾਰਨੀ ਬਣ ਕੇ ਆਪਣੇ ਮਨ ਨੂੰ ਸ਼ਾਂਤ ਕਰ ਲਿਆ ਹੋਵੇ।

ਗੁਰਬਾਣੀ ਵਿਚ ਸਾਧ, 'ਸੰਤ' ਅਤੇ 'ਬ੍ਰਹਮ-ਗਿਆਨੀ', ਇਹ ਤਿੰਨੇ ਉਪਾਧੀਆਂ ਆਤਮ-ਸਾਧਨਾ ਦੁਆਰਾ ਅੰਤਰ-ਆਤਮੇ ਵਿਗਸੇ ਹੋਏ ਵਿਅਕਤੀ ਵੱਲ ਸੰਕੇਤ ਕਰਦੀਆਂ ਹਨ। ਅਜਿਹੇ ਵਿਅਕਤੀ ਨੂੰ ਆਤਮ-ਸਾਧਨਾ ਵਿਚ ਪੁੱਗਿਆ ਹੋਇਆ ਹੋਣ ਕਰਕੇ 'ਸਾਧ', ਮਨ ਕਰਕੇ ਸਤਿ-ਸਰੂਪ ਵਾਹਿਗੁਰੂ ਵਿਚ ਲੀਨ ਰਹਿਣ ਕਰਕੇ 'ਸੰਤ' ਅਤੇ ਆਤਮ-ਗਿਆਨ ਦੁਆਰਾ ਬ੍ਰਹਮ-ਦ੍ਰਿਸ਼ਟੀ ਦਾ ਧਾਰਨੀ ਹੋਣ ਕਰਕੇ 'ਬ੍ਰਹਮ ਗਿਆਨੀ' ਦੀ ਸੰਗਯਾ ਦਿੱਤੀ ਜਾਂਦੀ ਹੈ। ਗੁਰਬਾਣੀ ਵਿਚ ਨਿਰੂਪਣ ਕੀਤਾ ਸਾਧ, ਸੰਤ ਅਤੇ ਬ੍ਰਹਮ-ਗਿਆਨੀ ਦਾ ਲੱਛਣ ਇਸ ਪ੍ਰਕਾਰ ਹੈ :

ਸਾਧ

ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ॥
ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ॥
ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ॥
ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ॥
ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ॥
ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਯਿਾਗ ਸਗਲ ਰੇਣੁਕਹ॥
ਖਟ ਲਖ੍ਯਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ॥੪੦॥
(ਸਲੋਕ ਸਹਸਕ੍ਰਿਤੀ ਮ: ੫, ਪੰਨਾ ੧੩੫੭)

ਸੰਤ

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥੧॥੮॥
(ਸਲੋਕ ਮ: ੫, ਵਾਰ ਗਉੜੀ ਮ: ੫, ਪੰਨਾ ੩੧੯)

ਬ੍ਰਹਮ ਗਿਆਨੀ:

ਮਨਿ ਸਾਚਾ ਮੁਖਿ ਸਾਚਾ ਸੋਇ॥
ਅਵਰੁ ਨ ਪੇਖੈ ਏਕਸੁ ਬਿਨੁ ਕੋਇ॥
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥੧॥੮॥
(ਗਉੜੀ ਸੁਖਮਨੀ ਮ: ੫, ਪੰਨਾ ੨੭੨)

(੨) 'ਸੰਤ' ਸ਼ਬਦ ਗੁਰਬ੍ਹਾਣੀ ਵਿਚ ਟਾਵੀਂ ਟਾਵੀਂ ਥਾਵੇਂ ਸਤਿ-ਸਰੂਪ ਵਾਹਿਗੁਰੂ ਪ੍ਰਤੀ ਵੀ ਵਰਤਿਆ ਗਿਆ ਹੈ, ਪਰ ਗੁਰੂ ਪ੍ਰਤੀ ਅਤੇ ਆਤਮ-ਵਿਗਾਸ ਵਾਲੇ ਵਿਅਕਤੀਆਂ ਦੇ ਸਮੂਹ ਪ੍ਰਤੀ ਤਾਂ ਬਹੁਤ ਵਾਰੀ ਇਸ ਦੀ ਵਰਤੋਂ ਕੀਤੀ ਮਿਲਦੀ ਹੈ;ਜਿਵੇਂ :

ਵਾਹਿਗੁਰੂ ਪ੍ਰਤੀ

ਸਤਿਗੁਰਿ 'ਸੰਤੁ' ਮਿਲਾਇਆ ਮਸਤਕਿ ਧਰਿ ਕੈ ਹਥੁ॥
ਵਡਾ ਸਾਹਿਬੁ ਗੁਰੂ ਮਿਲਾਇਆ ਜਿਨਿ ਤਾਰਿਆ ਸਗਲ ਜਗਤੁ॥੧॥੫॥
(ਸਲੋਕ ਮ: ੫, ਵਾਰ ਰਾਮਕਲੀ ਮ:੫, ਪੰਨਾ ੯੫੮)

ਭਾਗੁ ਹੋਆ ਗੁਰਿ ਸੰਤੁ ਮਿਲਾਇਆ॥
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥
ਸੇਵ ਕਰੀ ਪਲੁ ਚਸਾ ਨ ਵਿਛੁੜਾ
ਜਨ ਨਾਨਕ ਦਾਸ ਤੁਮਾਰੇ ਜੀਉ॥੪॥
(ਮਾਝ ਮ: ੫, ਪੰਨਾ ੯੭)

ਗੁਰੂ ਪ੍ਰਤੀ

ਸਤਿਗੁਰੁ ਸੰਤ ਮਿਲੈ ਸਾਂਤਿ ਪਾਈਐ,
ਕਿਲਵਿਖ ਦੁਖ ਕਾਟੇ ਸਭਿ ਦੂਰਿ॥੧॥੧॥
(ਸਾਰੰਗ ਮ: ੪, ਘਰੁ ੧, ਪੰਨਾ ੧੧੯੮)

ਆਤਮ-ਵਿਗਾਸੀ ਗੁਰਸਿਖਾਂ ਪ੍ਰਤੀ

ਤੇ ਸੰਤ ਭਲੇ ਗੁਰਸਿਖ ਹੈ ਜਿਨ ਨਾਹੀ ਚਿੰਤ ਪਰਾਈ ਚੁਖਾ॥੬॥
(ਵਾਰ ਵਡਹੰਸ ਮ: ੪, ਪੰਨਾ ੫੮੮)

(੩) ਬਹੁ-ਵਚਨ ਰੂਪ ਵਿਚ (ਸੰਤ, ਸੰਤਨ, ਸੰਤਾ (ਨਾਸਕੀ) ਇਸ ਸ਼ਬਦ ਦੀ ਵਰਤੋਂ ਆਦਰ- ਵਾਚੀ ਪਦ ਵਜੋਂ ਸਤਿਗੁਰੂ ਜੀ ਵਾਸਤੇ ਵੀ ਕੀਤੀ ਮਿਲਦੀ ਹੈ ਅਤੇ ਆਤਮ-ਵਿਗਾਸੀ ਗੁਰਸਿਖਾਂ ਦੇ ਸਮੂਹ ਪ੍ਰਤੀ ਵੀ। ਦੋਹਾ ਵਿਚ ਨਿਖੇੜਾ ਗੁਰਮਤਿ-ਸਿਧਾਂਤ ਦੀ ਰੌਸ਼ਨੀ ਵਿਚ ਬਿਬੇਕ ਬੁਧਿ ਨਾਲ ਕੀਤਾ ਜਾ ਸਕਦਾ ਹੈ।

(੪) ਗੁਰੂ-ਕਾਲ ਤੋਂ ਲੈਕੇ ਵਰਤਮਾਨ ਕਾਲ ਤਕ ਪੰਥ ਅੰਦਰ ਅਨਗਿਣਤ ਆਤਮ-ਵਿਗਾਸੀ ਗੁਰਸਿਖ ਹੁੰਦੇ ਰਹੇ ਹਨ, ਪਰ ਪੁਰਾਤਨ ਇਤਿਹਾਸ ਵਿਚੋਂ ਕਿਸੇ ਦੇ ਨਾਮ ਨਾਲ ਸੰਤ ਪਦ ਦੀ ਵਰਤੋਂ ਦੀ ਸੂਹ ਨਹੀਂ ਮਿਲਦੀ। ਪੁਰਾਤਨ ਗੁਰਸਿਖਾ ਅੰਦਰ *"ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ"* (ਸਲੋਕ ਫਰੀਦ ਜੀ ਪੰਨਾ ੧੩੮੪) ਦੀ ਭਾਵਨਾ ਪ੍ਰਬਲ ਸੀ। ਉਹ ਆਪਾ ਜਣਾਉਣ ਅਥਵਾ ਕੁਝ ਬਣ ਬੈਠਣ ਤੋਂ ਸਦਾ ਗੁਰੇਜ਼ (ਸੰਕੋਚ) ਕਰਦੇ ਸਨ। ਗੁਰਮਤਿ ਦਾ ਸਭਨਾਂ 'ਤੇ ਏਨਾ ਗਹਿਰਾ ਪ੍ਰਭਾਵ ਸੀ ਕਿ ਸਾਰੇ ਨਿੰਮਰੀਭੂਤ ਹੋ ਕੇ ਵਿਚਰਦੇ ਸਨ। ਪ੍ਰਤਿਸ਼ਠਤ ਵਿਅਕਤੀਆਂ ਲਈ 'ਭਾਈ ਸਾਹਿਬ' ਜਾਂ 'ਬਾਬਾ' ਆਦਰ-ਵਾਚੀ ਪਦਾਂ ਦੀ ਵਰਤੋਂ ਕੀਤੀ ਜਾਂਦੀ ਸੀ।

(੫) ਮੂਲ ਸਮੱਸਿਆ, ਜਿਸ ਨੇ ਭਾ: ਸੇਵਾ ਸਿੰਘ ਜੀ ਨੂੰ


www.AKJ.Org

ਗੁਰਮਤਿ ਸਿਧਾਂਤ ਦੀ ਰੌਸ਼ਨੀ ਵਿਚ 'ਸੰਤ' ਪਦ ਦੀ ਵਿਆਖਿਆ ਕਰਨ 'ਤੇ ਮਜਬੂਰ ਕੀਤਾ ਹੈ, ਉਹ ਇਹ ਹੈ ਕਿ ਪਿਛਲੀ ਅੱਧੀ ਸਦੀ ਅੰਦਰ ਸਿਖ ਕੌਮ ਵਿਚ ਸੰਤਾਂ ਦੀ ਗਿਣਤੀ ਵਿਚ ਅੰਤਾਂ ਦਾ ਵਾਧਾ ਹੋਇਆ ਹੈ ਅਤੇ ਇਹ ਲਗਾਤਾਰ ਵਧ ਤੋਂ ਵਧੇਰੇ ਹੁੰਦਾ ਜਾ ਰਿਹਾ ਹੈ। ਜੇ ਸੰਤਾਂ ਵਾਲੇ ਗੁਣਾਂ ਦੇ ਧਾਰਨੀ ਕਿਸੇ ਵਿਅਕਤੀ ਨੂੰ ਸੰਤ ਕਿਹਾ ਜਾਵੇ ਅਤੇ ਸਤਿਕਾਰਿਆ ਜਾਵੇ ਤਾ ਕੋਈ ਇਤਰਾਜ਼ ਵਾਲੀ ਗੱਲ ਨਹੀਂ, ਪਰ ਚਿੰਤਾ ਦਾ ਵਿਸ਼ਾ ਇਹ ਹੈ ਕਿ ਬਹੁਤੇ ਵਿਅਕਤੀ ਅੰਦਰਲੇ ਸਦ-ਗੁਣਾਂ ਅਥਵਾ ਆਤਮ-ਵਿਗਾਸ ਦੇ ਅਧਾਰ 'ਤੇ ਸੰਤ ਨਹੀਂ, ਬਲਕਿ ਕੇਵਲ ਬਾਹਰਲੇ ਪਹਿਰਾਵੇ (ਚਿੱਟੇ ਚੋਲੇ ਅਤੇ ਗੋਲ ਦਸਤਾਰੇ) ਦੇ ਅਧਾਰ 'ਤੇ ਹੀ ਸੰਤ ਹਨ ਅਤੇ ਗੁਰਬਾਣੀ ਅੰਦਰ ਸੰਤ ਪਦ ਪ੍ਰਤੀ ਪ੍ਰਗਟਾਈ ਮਹੱਤਤਾ ਅਤੇ ਪ੍ਰਤਿਸ਼ਠਾ ਦਾ ਅਯੋਗ ਲਾਭ ਉਠਾਉਣ ਲਈ ਸੰਤ ਬਣ ਬੈਠੇ ਹਨ ਅਜਿਹੀ ਕਿਸਮ ਦੇ ਸੰਤਾਂ ਦੀ ਗੁਰਬਾਣੀ ਨਿਖੇਧੀ ਕਰਦੀ ਹੈ :

ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ॥
ਗਲੀ ਜਿਨਾ ਜਪਮਾਲੀਆ ਲੋਟੇ ਹਥਿ ਨਿਬਗ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ॥੧॥੨॥
(ਆਸਾ ਕਬੀਰ ਜੀ, ਪੰਨਾ ੪੭੫-੭੬)

ਅਜਿਹੀ ਪਰਪੰਚ ਵਾਲੀ ਸੰਤਤਾਈ ਦੀ ਵਰਤਮਾਨ ਪ੍ਰਥਾ, ਇਕ ਧੰਧਾ ਬਣਦੀ ਜਾ ਰਹੀ ਹੈ।

ਸੋ, ਵਧੇਰੇ ਚਿੰਤਾ ਦਾ ਵਿਸ਼ਾ ਇਹ ਹੈ ਹਰੇਕ ਅਖੌਤੀ ਸੰਤ ਨੇ ਕਿਰਤੀ ਵਿਰਤੀ ਗੁਰਸਿਖਾਂ ਦੀ ਖ਼ੂਨ-ਪਸੀਨੇ ਦੀ ਕਮਾਈ ਬਟੋਰ ਕੇ ਆਪੋ ਆਪਣਾ ਡੇਰਾ ਕਾਇਮ ਕਰ ਰਖਿਆ ਹੈ ਅਤੇ ਕਈ ਝੋਲੀ-ਚੁੱਕ ਅਤੇ ਟੁਕੜ-ਬੋਚ ਬਿਰਤੀ ਵਾਲੇ ਚੇਲੇ ਬਣਾ ਰਖੇ ਹਨ। ਇਹਨਾਂ ਡੇਰਿਆਂ ਦੀ ਆਪੋ ਆਪਣੀ ਮਨ-ਮਤੀ ਮਰਯਾਦਾ ਹੈ। ਗੱਦੀ ਦੇ ਵਾਰਿਸ ਬਣਨ ਅਤੇ ਡੇਰੇ ਦੀ ਜਾਇਦਾਦ ਹਥਿਆਉਣ ਦੀ ਲਾਲਸਾ ਅਧੀਨ ਗ਼ਰਜ਼-ਗ੍ਰਸਤ ਚੇਲਿਆ ਦੀ ਅੰਦਰੋ-ਅੰਦਰੀ ਪਰਸਪਰ ਖਹਿ-ਮ-ਖਹਿ ਲਗੀ ਰਹਿੰਦੀ ਹੈ ਅਤੇ ਭਵਿੱਖ ਵਿਚ ਇਸ ਦੀ ਖੁਲ੍ਹ-ਮ-ਖੁਲ੍ਹੀ ਕਸ਼-ਮ-ਕਸ਼ ਵਿਚ ਬਦਲ ਜਾਣ ਦੀ ਵੱਡੀ ਸੰਭਾਵਨਾ ਹੈ। ਝੋਲੀ-ਚੁਕ ਚੇਲੇ ਜਨ-ਸਾਧਾਰਨ ਨੂੰ ਪ੍ਰਭਾਵਤ ਕਰਨ ਲਈ ਗੁਰਬਾਣੀ ਦੇ ਕੁਝ ਅਜਿਹੇ ਪ੍ਰਮਾਣਾਂ ਦੀ ਵਰਤੋਂ ਆਪੋ ਆਪਣੇ ਸੰਤਾਂ ਲਈ ਕਰਦੇ ਹਨ, ਜੋ ਵਾਸਤਵ ਵਿਚ 'ਗੁਰੂ' ਪ੍ਰਥਾਇ ਢੁੱਕਦੇ ਹਨ। ਸੋ, ਅਜਿਹੀ ਸਥਿਤੀ ਵਿਚ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਗੁਰਬਾਣੀ ਵਿਚਲੇ ਸੰਤ ਪਦ ਵਾਲੇ ਗੁਰ-ਪ੍ਰਮਾਣਾ ਨੂੰ ਗੁਰਮਤਿ ਸਿਧਾਂਤ ਦੀ ਰੋਸ਼ਨੀ ਵਿਚ ਅਰਥਾਇਆ ਜਾਵੇ ਅਤੇ ਜਨ-ਸਾਧਾਰਨ ਨੂੰ ਟਪਲੇ ਦਾ ਸ਼ਿਕਾਰ ਹੋਣ ਤੋਂ ਬਚਾਇਆ ਜਾਵੇ.

(ਭਾਈ ਸੇਵਾ ਸਿੰਘ ਜੀ ਲਿਖਤ ਪੁਸਤਕ 'ਸੰਤਨ ਕੌਣ' ਵਿਚੋਂ)

---

## ਸੁਚੇਤ ਹੋਣ ਤੇ ਵਿਚਾਰਨ ਦੀ ਲੋੜ

(ਬਲਵੰਤ ਸਿੰਘ ਚੰਡੀਗੜ)

ਬਹੁਤ ਸਾਰੀਆਂ ਪੰਥਕ ਜਥੇਬੰਦੀਆਂ ਵੱਲੋਂ 1999 ਦੀ ਵਿਸਾਖੀ ਤੱਕ ਸਮੁੱਚੀ ਸਿੱਖ ਕੌਮ ਨੂੰ ਅੰਮ੍ਰਿਤਧਾਰੀ ਬਣਾਉਣ ਦਾ ਟੀਚਾ ਮਿੱਥਿਆ ਗਿਆ ਹੈ। ਜਿਸ ਸਬੰਧੀ ਥਾਂ ਥਾਂ ਅੰਮ੍ਰਿਤ ਸੰਚਾਰ ਸਮਾਗਮ ਕਰਵਾਏ ਜਾ ਰਹੇ ਹਨ। ਇਸੇ ਤਰਾਂ ਖਾਲਸੇ ਦੇ 300 ਸਾਲਾ ਸਾਜਨਾ ਦਿਵਸ ਨੂੰ ਸਮਰਪਤ ਇਕ ਪੰਜ ਦਿਨਾਂ ਸਮਾਗਮ ਚੰਡੀਗੜ ਵਿਖੇ ਹੋਇਆ ਜਿਸ ਵਿਚ ਅੱਖੀਂ ਡਿੱਠੇ ਗੁਰਮਤਿ ਤੋਂ ਉਲਟ ਵਰਤਾਰੇ ਨੂੰ ਹੇਠਾਂ ਲਿਖ ਰਿਹਾ ਹਾਂ।

30-4-98 ਨੂੰ ਸ਼ਾਮ ਦੇ ਸਮੇਂ ਅੰਮ੍ਰਿਤ ਸੰਚਾਰ ਕੀਤਾ ਗਿਆ ਅੰਮ੍ਰਿਤ ਸੰਚਾਰ ਤੋਂ ਬਾਅਦ ਨਵੇਂ ਸਜੇ ਸਿੰਘ ਬੀਬੀਆਂ ਦੀਵਾਨ ਵਿਚ ਆਏ ਤੇ ਮੱਥਾ ਟੇਕ ਕੇ ਆਪੋ ਆਪਣੀ ਜਗ੍ਹਾ ਬੈਠ ਗਏ। ਸਮਾਪਤੀ ਉਪਰੰਤ ਸੰਤ ਕਹਿਲਵਾਉਣ ਵਾਲੇ ਇਕ ਮੁਖੀ ਸਿੰਘ ਨੇ ਨਵੇਂ ਸਜੇ ਪ੍ਰਾਣੀਆਂ ਨੂੰ ਸਿਰੋਪਾਓ ਦੇਣੇ ਸ਼ੁਰੂ ਕਰ ਦਿੱਤੇ। ਸਿਰਪਾਓ ਲੈਣ ਸਮੇਂ ਸਿੰਘਾਂ ਨੇ ਉਸ (ਸੰਤ) ਦੇ ਪੈਰਾਂ ਤੇ ਮੱਥਾ ਟੇਕਿਆ। ਇਸ ਤੋਂ ਬਾਅਦ ਉਹਨਾਂ ਨੇ ਸਾਰੀ ਸੰਗਤ ਨੂੰ ਵਾਹਿਗੁਰੂ ਵਾਹਿਗੁਰੂ ਦੇ ਨਾਲ ਹਰੀ ਓਮ, ਹਰੀ ਓਮ ਦਾ ਵੀ ਜਾਪ ਕਰਵਾਇਆ।

ਉਪਰੋਕਤ ਲਿਖੀਆਂ ਗੁਰਮਤਿ ਵਿਰੋਧੀ ਕਾਰਵਾਈਆਂ ਦਾ ਮੌਕੇ ਤੇ ਹਾਜ਼ਰ ਕਿਸੇ ਵੀ ਪ੍ਰਬੰਧਕ ਜਾਂ ਹੋਰ ਵੱਲੋਂ ਵਿਰੋਧ ਨਹੀਂ ਕੀਤਾ ਗਿਆ ਤੇ ਸਾਰੇ ਮੂਕ ਦਰਸ਼ਕ ਬਣ ਕੇ ਦੇਖਦੇ ਰਹੇ।

ਸੋ ਉਪਰ ਲਿਖੀ ਵਾਰਤਾ ਸਾਨੂੰ ਸੋਚਣ ਲਈ ਮਜਬੂਰ ਕਰਦੀ ਹੈ ਕਿ ਕੀ ਸਮੁੱਚੀ ਕੌਮ ਨੂੰ ਅੰਮ੍ਰਿਤਧਾਰੀ ਬਨਾਉਣ ਦਾ ਟੀਚਾ ਮਿੱਥ ਕੇ ਵੱਧ ਤੋਂ ਵੱਧ ਅੰਮ੍ਰਿਤ ਸੰਚਾਰ ਕਰਕੇ ਗਿਣਤੀਆਂ ਵਧਾਉਣੀਆਂ ਹੀ ਕਾਫ਼ੀ ਹਨ? ਕਿ ਇਸ ਤੋਂ ਪਹਿਲਾਂ ਸੰਗਤਾਂ ਵਿਚ ਸਿੱਖੀ ਸਿਧਾਂਤਾ ਦਾ ਪ੍ਰਚਾਰ ਕਰਕੇ ਉਨ੍ਹਾਂ ਦੇ ਮਨਾਂ ਵਿਚ ਗੁਰੂ ਆਸ਼ੇ ਅਤੇ ਸ਼ਬਦ ਗੁਰੂ ਪ੍ਰਤੀ ਦ੍ਰਿੜ੍ਹ ਵਿਸ਼ਵਾਸ਼ ਬਿਠਾਉਣ ਅਤੇ ਅਖੌਤੀ ਸੰਤ ਬਾਬਿਆਂ ਦੇ ਫੈਲਾਏ ਚੁੰਗਲ ਵਿਚੋਂ ਕੱਢਣ ਦੀ ਵੀ ਲੋੜ ਹੈ। ਕਿਸੇ ਵੀ ਬੀਜ ਤੋਂ ਚੰਗੀ ਫਸਲ ਲੈਣ ਲਈ ਉਸ ਨੂੰ ਬੀਜਣ ਤੋਂ ਪਹਿਲਾਂ ਜ਼ਮੀਨ ਨੂੰ ਚੰਗੀ ਤਰਾਂ ਤਿਆਰ ਕਰਨਾ ਬਹੁਤ ਜ਼ਰੂਰੀ ਹੈ


www.AKJ.Org

# ਸਿੰਘ ਦੀ ਦਸਤਾਰ ਨੂੰ

ਸੰਤਾ ਸਿੰਘ ਆਜਿਜ਼

ਸਿੰਘ ਦੇ ਸਿਰ ਸਜੀਐ ਦਸਤਾਰੇ। ਤੈਨੂੰ ਸਿੱਖ ਇਤਹਾਸ ਪੁਕਾਰੇ।
ਸਿਖ ਸਵਰੂਪ ਦੀ ਤੂ ਜਿੰਦ ਜਾਂਨ, ਤੇਰੀ ਚੱੜਤਲ ਤੋ ਕੁਰਬਾਨ।
ਜਿਸ ਸਿਰ ਦਾ ਤੂ ਬਣੇ ਸ਼ਿੰਗਾਰ, ਉਸ ਸਿਰ ਦਾ ਝੁੱਕਣਾ ਦੁਸ਼ਵਾਰ।
ਜੋ ਸਿਖ ਤੇਰਾ ਕਰੇ ਤਿਆਗ, ਉਸ ਸ਼ੋਹਦੇ ਦੇ ਫੁੱਟਦੇ ਭਾਗ।
ਗੁਰੂ ਦੀ ਮੋਹਰ ਜੋ ਕੇਸ ਕਟਾਂਦਾ, ਉਹ ਮਨਮੁੱਖ ਨਿਤ ਚੋਟਾਂ ਖਾਂਦਾ।
ਨੇਮ ਨਿਭਾਇਆ ਸਿਖ ਦਸਤਾਰਾਂ ਦੇਸ਼ ਬਚਾਇਆ ਸਿਖ ਦਸਤਾਰਾਂ।
ਜਦੋ ਚੜਿਆ ਨਾਦਰਕਰ ਧਾਈਆਂ, ਮੱਚੀਆਂ ਤੱਕ ਕਤਲਾਮ ਦੁਹਾਈਆਂ।
ਦਿਲ ਦਿਲੀ ਦਾ ਦਹਿਲ ਗਿਆ ਸੀ, ਸਹਿਮ ਦੇਸ਼ ਵਿਚ ਫੈਲ ਗਿਆ ਸੀ।
ਲੁੱਟ ਗਿਆ ਮੁਗਲ ਰਾਜ ਦਰਬਾਰ, ਭਾਰਤ ਦਾ ਲੁਟ ਗਿਆ ਵਕਾਰ।
ਕਰਕੇ ਕੈਦ ਭਾਰਤੀ ਨਾਰਾਂ, ਲੈ ਤੁਰਿਆ ਗ਼ਜਨੀ ਕੰਧਾਰਾਂ।
ਕੂੰਜਾਂ ਹੱਥ ਬਘਿਆੜਾਂ ਆਈਆ, ਵਿਲਕ ਰਹੀਆਂ ਸਨ ਭਾਰਤ ਜਾਈਆਂ।
ਕਦੀ ਬਾਬਲ ਨੂ ਵਾਜਾਂ ਮਾਰਨ ਸਿੰਘ ਵੀਰਾਂ ਨੂੰ ਕਦੀ ਪੁਕਾਰਨ।
ਕੱਛਾਂ ਵਾਲਿਉ, ਡਾਗਾ ਵਾਲਿਉ, ਬਹੜੋ ਭੈਣਾਂ ਦੇ ਰਖਵਾਲਿਉ।
ਸੁਣੋ ਪੁਕਾਰ ਦੌੜ ਕੇ ਆਉ, ਦੁਖੀ ਭੈਣਾਂ ਦੀ ਲਾਜ ਬਚਾਉ।
ਮਾਂ ਜਾਈਆ ਦਾ ਕਰੋ ਉਧਾਰ, ਮਾਣ ਪਾਉਗੇ ਵਿਚ ਸੰਸਾਰ।
ਸੁਣ ਭੈਣਾਂ ਦੀਆ ਹਾਲ ਦੁਹਾਈਆਂ, ਦਸਤਾਰਾ ਨੇ ਠੱਲਾਂ ਪਈਆਂ।
ਅਫਗਾਨਾਂ ਨਾਲ ਸਿੰਘ ਟਕਰਾਏ, ਦੁੱਖੀ ਭੈਣਾਂ ਦੇ ਬੰਧ ਛੁਡਾਏ।
ਹੋ ਹੈਰਾਨ ਪੁਛਦਾ ਨਾਦਰ, ਦਸੋ ਮੈਨੂੰ ਖਾਂਨ ਬਹਾਦਰ।
ਕੌਣ ਨੇ ਇਹ ਯੋਧੇ ਮਤਵਾਲੇ ਕਛਿਆਂ ਤੇ ਦਸਤਾਰਾਂ ਵਾਲੇ।
ਸ਼ੇਰਾਂ ਵਾਂਗ ਦਹਾੜਨ ਵਾਲੇ, ਨਾਦਰ ਨੂ ਲਲਕਾਰਨ ਵਾਲੇ।
ਮੇਰੇ ਸਨਮੁੱਖ ਕਾਲ ਝੁਕ ਗਿਆ, ਮੁਗਲਾਂ ਦਾ ਅਕਬਾਲ ਝੁੱਕ ਗਿਆ।
ਝੁੱਕ ਗਏ ਰਾਜਪੂਤ ਮਹਾਰਾਣੇ, ਖਾਂਨ, ਪਠਾਨ ਝੁਕੇ ਜਰਵਾਣੇ।
ਰਹਿਣ ਇਹ ਕਿਥੇ, ਬਹਿਣ ਇਹ ਕਿੱਥੇ? ਜਾਗਣ ਨੀਂਦਰ ਲੈਣ ਇਹ ਕਿੱਥੇ।
ਕਿਥੋ ਪਾਂਵਣ ਇਹ ਅੰਨਪਾਣੀ? ਕਿਵੇ ਗੁਜਾਰਨ ਇਹ ਜ਼ਿੰਦਗਾਨੀ?
ਕਿਥੋ ਉਪਜੀ ਇਹ ਲੁਕਾਈ, ਕਿਸ ਮਜ਼ਹਰੀ ਦੇ ਇਹ ਅਨਆਈ।
ਕਿਹੜੀਆ ਹਨ ਇਹਨਾਂ ਦੀਆਂ ਮਰਹੱਲਾਂ ਕਿਸ ਖਾਤਰ ਇਹ ਲੱੜਦੇ ਜੰਗਾਂ।
ਭਰ ਹਉਕਾ ਇੰਝ ਖਾਨ ਸੁਣਾਏ, ਸ਼ਾਹਾ ਇਹ ਸਿੰਘ ਅਜਬ ਬਲਾਏ।
ਇਹ ਅੱਲਾ ਦੀ ਫੌਜ ਅਕਾਲੀ, ਇਹਨਾਂ ਦਾ ਕਿਰਦਾਰ ਜਲਾਲੀ।
ਸਾਜਿਆ ਗੁਰਾਂ ਇਹ ਪੰਥ ਨਿਆਰਾ, ਇਕ ਅੱਲਾ ਦਾ ਲੈਣ ਸਹਾਰਾ।
ਲੱਖ ਲੱਖ ਨਾਲ ਇਹ ਲੜਨ ਇਕੱਲੇ, ਬੋਲ ਜੈਕਾਰਾ ਕਰਦੇ ਹੱਲੇ।
ਮੱਕਾ ਇਹਨਾਂ ਦਾ ਅੰਮ੍ਰਿਤਸਰ ਹੈ। ਕਹਿੰਦੇ ਇਹ ਖੁਦਾ ਦਾ ਘਰ ਹੈ।
ਗੁਰੂ ਗ੍ਰੰਥ ਕੁਰਾਨ ਇਹਨਾਂ ਦਾ, ਸੁੱਚੀ ਕਿਰਤ ਈਮਾਨ ਇਹਨਾਂ ਦਾ।
ਔਰਤ ਦਾ ਕਰਦੇ ਸਤਿਕਾਰ, ਗਿਰੇ ਵੈਰੀ ਤੇ ਕਰਨ ਨਾ ਵਾਰ।
ਹਮਦਰਦੀ ਮਜ਼ਲੂਮਾਂ ਨਾਲ, ਬਣ ਜਾਂਵਣ ਜ਼ਾਲਿਮ ਲਈ ਕਾਲ।
ਘਰ ਸਮਝਣ ਘੋੜੇ ਦੀ ਕਾਠੀ, ਸ਼ਸਤਰ ਸ੍ਰੀ ਸਹਿਬ ਤੇ ਲਾਠੀ।
ਛੋਲੇ ਚੱਬ ਚੱਬ ਕਰਨ ਗੁਜ਼ਾਰਾ, ਰਾਜ ਖਾਲਸਾ ਕਰੇਗਾ ਨਾਅਰਾ।



www.AKJ.Org

ਅੰਨ ਉਗਰਾਹੁੰਦੇ ਹਿੱਕ ਦੇ ਤਾਣ, ਮੰਨ ਦੇ ਨਹੀਂ ਕਿਸੇ ਦੀ ਕਾਣ।
ਜ਼ੋਰ ਜ਼ੁਲਮ ਨਾ ਸਹਿੰਦੇ ਧੱਕੇ, ਦਿਲ ਦੇ ਸੁੱਚੇ ਕੌਲ ਦੇ ਪੱਕੇ।
ਘਰੋਂ ਉਜਾੜੇ ਮਾਰੀਆਂ ਮਾਰਾਂ, ਫੜ ਫੜ ਕੋਹੇ ਕਈ ਹਜ਼ਾਰਾਂ।
ਦਿਨ ਦੂਣੇ ਇਹ ਵੱਧਦੇ ਜਾਵਣ, ਪੀ ਅਮਰਿਤ ਅਮਰਾਪਦ ਪਾਵਣ।
ਸਿਮਰਨ ਕਰਦੇ ਉਠਦੇ ਬਹਿੰਦੇ, ਰਾਜ਼ੀ ਵਿਚ ਰਜਾ ਦੇ ਰਹਿੰਦੇ।
ਸੁੱਣ ਨਾਦਰ ਇਵੇਂ ਭਰੇ ਹੁੰਗਾਰੇ, ਖਾਨ ਇਹ ਸਿੰਘ ਅੱਲਾ ਦੇ ਪਿਆਰੇ।
ਕਿਸ ਮਾਈ ਨੇ ਜਣਿਆ ਲਾਲ, ਝੱਲੇ ਜੋ ਇਹਨਾਂ ਦੀ ਝਾਲ।
ਬੇਸ਼ਕ ਸਾਡੇ ਸਿਰ ਦਸਤਾਰਾਂ, ਲਾਇਆ ਦਾਗ ਅਸਾਂ ਬਦਕਾਰਾਂ।
ਮਿੱਟ ਜਾਂਵਣਗੇ ਬਦ ਕਿਰਦਾਰੇ, ਰਾਜ ਕਰਨਗੇ ਸਿੰਘ ਸਚਿਆਰੇ।
ਅਸੀ ਖਾਨ ਅਮਲਾਂ ਦੇ ਕੱਚੇ, ਕੱਚਿਆਂ ਮੂਹਰੇ ਝੁਕਣ ਨਾ ਸੱਚੇ।
ਸੁਣ ਅਣਖੀਲੀਆ ਸਿੰਘ ਦਸਤਾਰੇ, ਤੇਰੀ ਚੱੜਤ ਤੋਂ ਜਾਈਆਂ ਵਾਰੇ।
ਝੁਕੀ ਨਾਂ ਤਾਨਾਸ਼ਾਹੀਆਂ ਮੋਹਰੇ, ਡੱਟ ਜਾਵੀ ਬੁਰਿਆਈਆਂ ਮੋਹਰੇ।
ਸਿਤਮਗਰਾਂ ਤੋ ਕਦੀ ਨਾ ਡਰਨਾ, ਨਿਰਦੋਸਾਂ ਤੇ ਵਾਰ ਨਾ ਕਰਨਾ।
ਦੁਖੀਆਂ ਦੀ ਤੂ ਪੀੜਾ ਹਰਨੀ, ਦੇਸ਼ ਕੌਮ ਦੀ ਸੇਵਾ ਕਰਨੀ।
ਵਿਕੀਂ ਨਾ ਖੋਟਿਆਂ ਸਿਕਿਆਂ ਬਦਲੇ, ਔਹਦਿਆ ਬਦਲੇ ਕੋਟਿਆਂ ਬਦਲੇ।
ਕੁਰਸੀਆਂ ਅਤੇ ਵਜ਼ੀਰੀਆਂ ਬਦਲੇ, ਐਸ਼ ਆਰਾਮ ਅਮੀਰੀਆਂ ਬਦਲੇਂ।
ਝੁੱਕੀਂ ਤੂ ਗੁਰਦਰਬਾਰਾਂ ਅੱਗੇ, ਕੌਮ ਦੇ ਜਾਨ ਨਿਸਾਰਾਂ ਅਗੇ।
ਅੱੜੇਂ ਜੇ ਅੱਜਦਿਆਂ ਯਾਰਾਂ ਅੱਗੇ, ਝੁਕੇਗਾ ਜੱਗ ਸਰਦਾਰਾਂ ਅੱਗੇ।

(ਪੰਨਾ ੯ ਦਾ ਬਾਕੀ ...)

ਬੇਗ ਅਤੇ ਕਮਰਬੇਗ ਦੀ ਕਮਾਂਡ ਹੇਠ ੨੦,੦੦੦ ਫੌਜ, ਗੁਰੂ ਸਾਹਿਬ ਵਿੰਰੁਧ ਭੇਜ ਦਿਤੀ।

ਗੁਰੂ ਜੀ ਸੁਧਾਰ ਤੋਂ ਚਲ ਕੇ ਬਠਿੰਡੇ ਲਾਗੇ ਨਥਾਣੇ ਦੀ ਢਾਬ ਕੋਲ ਪਹੁੰਚ ਗਏ ਸਨ। ਉਨ੍ਹਾਂ ਮਹਿਰਾਜ ਕੋਲ ਮੋਰਚੇ ਸਥਾਪਤ ਕਰ ਲਏ। ਗੁਰੂ ਜੀ ਅਤੇ ਲੱਲਾ ਬੇਗ ਦੀ ਫੌਜ ਵਿਚਕਾਰ ਫਸਵਾ ਜੰਗ ਹੋਇਆ। ਲੱਲਾ ਬੇਗ, ਗੁਰੂ ਜੀ ਦੇ ਤੀਰਾਂ ਦੀ ਮਾਰ ਨਾ ਝੱਲ ਸਕਿਆ ਅਤੇ ਅੱਲਾ ਨੂੰ ਪਿਆਰਾ ਹੋ ਗਿਆ। ਉਸਦੇ ਮਰਨ ਨਾਲ ਹੀ ਮੁਗ਼ਲ ਫੌਜ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਇਹ ਜੰਗ 1631 ਈ: 'ਚ ਲੜੀ ਗਈ ਸੀ।

ਗੁਰੂਸਰ ਮਹਿਰਾਜ ਦੀ ਜੰਗ ਤੁੋ ਬਾਅਦ ਗੁਰੂ ਜੀ ਕਰਤਾਰਪੁਰ (ਜਲੰਧਰ) ਆ ਟਿਕੇ। ਸੰਨ 1634 ਈ: ਵਿਚ ਗੁਰੂ ਸਾਹਿਬ ਨੂੰ ਏਥੇ ਆਪਣੀ ਜ਼ਿੰਦਗੀ ਦੀ ਅੰਤਮ ਲੜਾਈ ਲੜਨੀ ਪਈ। ਪੈਂਦੇ ਖਾਂ ਨਾਮੀ ਜਰਨੈਲ ਗੁਰੂ ਹਰਿਗੋਬਿੰਦ ਪਾਤਸ਼ਾਹ ਦਾ ਪਾਲਿਆ ਪੋਸਿਆ ਸੀ ਪਰ ਹੁਣ ਉਹ ਨਮਕ ਹਰਾਮ ਬਣ ਕੇ ਸ਼ਾਹੀ ਫੌਜ 'ਚ ਭਰਤੀ ਹੋ ਚੁਕਾ ਸੀ। ਉਸ ਨੇ ਸ਼ਾਹੀ ਫੌਜ 'ਚ ਭਰਤੀ ਹੋ ਜਲੰਧਰ ਦੇ ਇੰਚਾਰਜ ਨੂੰ ਗੁਰੂ ਜੀ ਵਿਰੁੱਧ ਭੜਕਾਇਆ। ਕਾਲੇ ਖਾਂ ਦੀ ਕਮਾਂਡ ਹੇਠ ਫੌਜ ਨੇ ਕਰਤਾਰਪੁਰ ਨੂੰ ਘੇਰਾ ਪਾ ਲਿਆ, ਜਿਥੇ ਗੁਰੂ ਜੀ ਰਹਿੰਦੇ ਸਨ।

ਸ਼ਾਹੀ ਫੌਜ ਦੇ ਕਮਾਂਡਰਾਂ ਵਾਲੇ ਖਾਂ ਅਤੇ ਕੁਤਬ ਖਾਂ ਦੇ ਮਾਰੇ ਜਾਣ ਤੋਂ ਬਾਅਦ ਲੂਣਹਰਾਮੀ ਪੈਂਦੇ ਖਾਂ ਨੇ ਗੁਰੂ ਜੀ ਉਤੇ ਭਰਪੂਰ ਵਾਰ ਕੀਤੇ। ਗੁਰੂ ਜੀ ਨੇ ਉਸਦੇ ਸਾਰੇ ਵਾਰ ਰੋਕ ਕੇ ਤਕੜੇ ਵਾਰ ਨਾਲ ਪੈਂਦੇ ਖਾਂ ਨੂੰ ਝਟਕਾ ਦਿਤਾ। ਗੁਰੂ ਜੀ ਨੇ ਆਪਣੀ ਢਾਲ ਨਾਲ ਪੈਂਦੇ ਖਾਂ ਦੇ ਮੂੰਹ 'ਤੇ ਛਾਂ ਕੀਤੀ ਅਤੇ ਉਸਦੀ ਆਤਮਾ ਦੀ ਸ਼ਾਂਤੀ ਵਾਸਤੇ ਦੁਆ ਕੀਤੀ। ਪੈਂਦੇ ਖਾਂ ਦੀ ਮੌਤ ਹੋਣ ਸਾਰ ਸ਼ਾਹੀ ਫੌਜ ਮੈਦਾਨ ਛੱਡ ਜਲੰਧਰ ਵੱਲ ਨੱਸ ਗਈ।

ਗੁਰੂ ਜੀ ਆਪਣੇ ਸੰਸਾਰਕ ਜੀਵਨ ਦੀਆਂ ਕੁੱਲ ਚਾਰ ਜੰਗਾਂ ਲੜਨ ਤੋਂ ਬਾਅਦ ਕੀਰਤਪੁਰ (ਰੋਪੜ) ਵਿਚ ਪੱਕੇ ਤੌਰ ਰਹਿਣ ਲੱਗੇ ਅਤੇ ਸਿੱਖੀ ਦਾ ਖ਼ੂਬ ਪ੍ਰਚਾਰ ਕੀਤਾ। ਗੁਰੂ ਜੀ ਏਥੇ ਹੀ ਆਪਣੇ ਪੋਤਰੇ ਹਰਿਰਾਏ ਨੂੰ ਗੁੱਰਗੱਦੀ ਸੌਂਪ ਕੇ 48 ਵਰ੍ਹੇ 8 ਮਹੀਨੇ ਤੇ 15 ਦਿਨ ਦੀ ਸੰਸਾਰਕ ਯਾਤਰਾ ਪੂਰੀ ਕਰਕੇ ਅਕਾਲ ਚਲਾਣਾ ਕਰ ਗਏ। ਗੁਰੂ ਜੀ ਵਲੋਂ ਆਪਣੇ ਸੰਸਾਰਕ ਜੀਵਨ ਵਿਚ ਲੜੀਆਂ ਗਈਆਂ ਜੰਗਾਂ ਬੀਰ ਰਸੀ ਸੋਚ ਦੀਆਂ ਆਗੂ ਬਣ ਨਿਬੜੀਆਂ।

------



www.AKJ.Org

## ਨਿੱਕੀਆਂ ਨਿੱਕੀਆਂ ਗੱਲਾਂ

(ਭਾਈ ਮਨਮੋਹਨ ਸਿੰਘ ਜੀ )

ਅੰਗਰੇਜ਼ੀ ਵਿਚ ਇਕ ਅਖਾਣ ਹੈ :-

**Take care of the penny and the pound will take care of it self.**

ਸਾਡੇ ਦੇਸ਼ ਦੀ ਬੋਲੀ ਵਿਚ ਇਸ ਦਾ ਭਾਵ ਹੈ ਕਿ 'ਤੁਸੀਂ ਪੈਸਿਆਂ ਦੀ ਸੰਭਾਲ ਕਰੋ, ਰੁਪਿਆਂ ਦੀ ਸੰਭਾਲ ਆਪੇ ਹੋ ਜਾਵੇਗੀ।' ਸੋ ਕਿਸੇ ਵੱਡੇ ਮੰਤਵ ਨੂੰ ਹਾਸਲ ਕਰਨ ਲਈ ਉਸ ਦਾ ਮੁਢ ਨਿਕੇ ਨਿਕੇ ਕੰਮ ਨਾਲ ਹੀ ਬਝਦਾ ਹੈ। ਜੋ ਪ੍ਰਾਣੀ ਆਮ ਜੀਵਨ ਦੀਆਂ ਨਿਕੀਆਂ ਨਿਕੀਆਂ ਘਟਨਾਵਾਂ ਵਲ ਧਿਆਨ ਨਹੀਂ ਦੇਂਦਾ, ਨਿਕੀ ਨਿਕੀ ਗਲ ਪਿਛੇ ਆਪਣੇ ਅਸੂਲ ਕੁਰਬਾਨ ਕਰ ਦੇਂਦਾ ਹੈ, ਉਹ ਸਮਾਂ ਪੈਣ ਤੇ ਕਿਸੇ ਵੀ ਵਡੇ ਕਾਰਜ ਸਮੇਂ ਆਪਣੇ ਅਸੂਲ ਨਹੀਂ ਨਿਬਾਹ ਸਕਦਾ।

ਫ਼ਰਜ਼ ਕਰੋ ਕਿ ਮੈਂ ਇਕ ਹੱਟੀ ਤੋਂ 75 ਪੈਸੇ ਦੀ ਵਸਤੂ ਲਈ ਹੈ, ਹੱਟੀ ਵਾਲੇ ਨੂੰ ਇਕ ਰੁਪੈ ਦਾ ਨੋਟ ਦਿੰਦਾ ਹਾਂ। ਉਸ ਨੇ ੨5 ਪੈਸੇ ਵਾਪਸ ਕਰਨੇ ਹਨ। ਦੁਕਾਨ ਤੇ ਹੋਰ ਵੀ ਗਾਹਕ ਹਨ ਇਸ ਲਈ ਦੁਕਾਨਦਾਰ ਦਾ ਧਿਆਨ ਕਈ ਪਾਸੇ ਹੈ। ਕਾਹਲੀ ਵਿਚ ਉਹ 75 ਪੈਸੇ ਆਪ ਰਖਣ ਦੀ ਥਾਵੇਂ ਮੈਨੂੰ 75 ਪੈਸੇ ਵਾਪਸ ਕਰ ਦੇਂਦਾ ਹੈ, ਇਹ ਮੇਰੇ ਇਮਤਿਹਾਨ ਦਾ ਸਮਾਂ ਹੈ। ਮੇਰੇ ਅੰਦਰੋਂ ਇਕ ਅਵਾਜ਼ ਆਵੇਗੀ 'ਇਹ ਪਰਾਇਆ ਹੱਕ ਹੈ। ਮੈਨੂੰ 50 ਪੈਸੇ ਵਾਪਸ ਕਰ ਦੇਣੇ ਚਾਹੀਦੇ ਹਨ।' ਇਸ ਦੇ ਨਾਲ ਇਸ ਦੇ ਉਲਟ ਇਕ ਹੋਰ ਅਵਾਜ਼ ਜਿਸ ਨੂੰ ਕਲਜੁਗ ਦੀ ਅਵਾਜ਼ ਕਹਿ ਲਵੋ, ਸ਼ੈਤਾਨ ਦੀ ਆਖ ਲਵੋ ਜਾਂ ਭੈੜੀ ਬਿਰਤੀ ਦੀ ਅਵਾਜ਼ ਕਹਿ ਲਵੋ, ਉਹ ਆਖੇਗੀ ਮੈਂ ਕਿਹੜਾ ਜਾਣ ਬੁਝ ਕੇ ਵਾਧੂ ਪੈਸੇ ਲਏ ਹਨ। ਨਾ ਚੋਰੀ ਹੀ ਕੀਤੀ ਹੈ, ਜੇਕਰ ਆਪਣੇ ਆਪ ਵਾਧੂ ਪੈਸੇ ਮਿਲਦੇ ਹਨ ਤਾਂ ਇਹ ਮੇਰਾ ਮੁਕੱਦਰ ਹੈ। ਇਸ ਲਈ ਵਾਪਸ ਕਰਨ ਦੀ ਲੋੜ ਨਹੀਂ। ਸਾਰੇ ਪੈਸ ਹੜੱਪ ਕਰ ਤੇ ਚਲਦਾ ਬਣ।' ਇਹੋ ਜਿਹੀ ਇਕ ਘਟਨਾ ਇਬਰਾਹੀਮ ਲਿੰਕਨ (Abraham Lincoln) ਜੋ ਕਿਸੇ ਸਮੇਂ ਅਮਰੀਕਾ ਦੇ ਪ੍ਰਧਾਨ ਰਹੇ ਹਨ, ਦੇ ਜੀਵਨ ਵਿਚ ਉਦੋਂ ਆਈ ਸੀ ਜਦੋਂ ਅਜੇ ਉਸ ਨੂੰ ਅਮਰੀਕਾ ਵਰਗੇ ਦੇਸ਼ ਦੀ ਪ੍ਰਧਾਨਗੀ ਮਿਲਣ ਦਾ ਸੁਪਨਾ ਵੀ ਨਹੀਂ ਸੀ ਆਇਆ ਤੇ ਉਹ ਅਜੇ ਆਪਣੀ ਗਰੀਬੜੀ ਜਿਹੀ ਲਕੜ ਦੀ ਝੁਗੀ ਵਿਚ ਰਹਿੰਦਾ ਸੀ। ਇਕ ਛੋਟੇ ਜਿਹੇ ਸਿੱਕੇ (ਸ਼ਾਇਦ ਸਾਡੀ ਦੁਆਨੀ ਦੇ ਬਰੋਬਰ) ਨੂੰ, ਜੋ ਹਿੰਨ ਬਿੰਨ ਇਸੇ ਤਰ੍ਹਾਂ ਉਸ ਪਾਸ ਆਇਆ ਸੀ ਜਿਵੇਂ ਕਿ ਉਤੇ ਉਦਾਹਰਨ ਵਿਚ ਵਰਨਣ ਕੀਤਾ ਹੈ, ਵਾਪਸ ਕਰਨ ਲਈ ਦੋ-ਤਿੰਨ ਮੀਲ ਦਾ ਪੈਂਡਾ ਪੈਰੀਂ ਤੁਰਕੇ ਵਾਪਸ ਆਇਆ। ਪੈਸੇ ਲੈਣ ਤੋਂ ਪਿਛੋਂ ਉਸਦੇ ਮਨ ਵਿਚ ਵੀ ਇਹਨਾਂ ਦੁਹਾਂ ਬਿਰਤੀਆਂ- ਦੇਵ ਤੇ ਸ਼ੈਤਾਨ ਦਾ ਘੋਲ ਹੁੰਦਾ ਰਿਹਾ ਪਰ ਅੰਤ ਵਿਚ ਉਸਦੀ ਦੇਵ ਬਿਰਤੀ ਪਰਬਲ ਹੋ ਗਈ। ਏਸੇ ਤਰਾਂ ਦੀਆਂ ਕਈ ਹੋਰ ਘਟਨਾਵਾ ਉਸ ਦੇ ਜੀਵਨ ਵਿਚ ਹੋਈਆਂ ਹੋਣਗੀਆਂ ਜਿਨ੍ਹਾਂ ਨੇ ਉਸ ਦੇ ਚਲਨ ਤੇ ਜੀਵਨ ਉਦੇਸ਼ ਨੂੰ ਪਕੇ ਪੈਰਾਂ ਤੇ ਖੜਾ ਕਰ ਦਿਤਾ। ਇਸ ਦਾ ਸਿੱਟਾ ਉਹ ਹੋਇਆ ਜੋ ਅਮਰੀਕਾ ਦੀ ਧਰਤੀ ਵਿਚ ਆਪਣੀ ਮਿਸਾਲ ਆਪ ਹੀ ਹੈ। ਇਹ ਆਮ ਮਸ਼ਹੂਰ ਹੈ ਕਿ ਅਮਰੀਕਾ ਦੇ ਪ੍ਰਧਾਨ ਆਮ ਤੌਰ ਤੇ ਬੜੇ ਧਨਾਢ ਚੰਗੇ ਉਘੇ ਖ਼ਾਨਦਾਨਾਂ ਵਿਚੋਂ ਹੀ ਬਣਦੇ ਹਨ। ਇਕ ਲਿੰਕਨ ਦੀ ਹੀ ਐਸੀ ਮਿਸਾਲ ਹੈ ਜੋ ਅਤਿ ਗਰੀਬੀ ਵਿਚੋਂ ਆਪਣੇ ਦੇਸ਼ ਦੇ ਸਭ ਤੋਂ ਵਡੇ ਹੁੱਦੇ ਤੇ ਪੁਜਿਆ। ਲਕੜ ਦੀ ਝੁੱਗੀ ਤੋਂ ਇਹ ਦੇਸ਼ ਦੇ ਰਾਸ਼ਟਰਪਤੀ ਭਵਨ ਤਕ (from log cabin to white House) ਪੁਜ ਗਿਆ। ਕਿਉਂ ? ਕੇਵਲ ਇਸ ਲਈ ਕਿ ਉਸਨੇ ਆਪਣੇ ਜੀਵਨ ਦੀਆਂ ਨਿੱਕੀਆਂ ਨਿੱਕੀਆਂ ਘਟਨਾਵਾਂ ਵਿਚ ਆਪਣੇ ਆਪੇ, ਆਪਣੇ ਅਸੂਲ ਅਤੇ ਆਪਣੇ ਜੀਵਨ ਉਦੇਸ਼ ਨੂੰ ਨਿਬਾਹ ਕੇ ਸਮੁਚਾ ਜੀਵਨ ਉਸ ਸਾਂਚੇ ਵਿਚ ਢਾਲ ਲਿਆ ਹੋਇਆ ਸੀ।

ਹੁਣ ਇਸੇ ਗਲ ਨੂੰ ਆਪਣੇ ਧਾਰਮਕ ਤੇ ਅਧਿਆਤਮਕ ਦ੍ਰਿਸ਼ਟੀਕੋਨ ਤੋਂ ਵੀਚਾਰਦੇ ਤਾ ਪਤਾ ਲਗੇਗਾ ਕਿ ਇਸ ਧਰਮ ਦੇ ਸਾਂਚੇ ਵਿਚ ਜੀਵਨ ਨੂੰ ਢਾਲਣ ਲਈ ਨਿੱਕੀਆਂ ਨਿੱਕੀਆਂ ਗੱਲਾਂ ਵਲ ਧਿਆਨ ਦੇਣਾ ਕਿਉਂ ਜ਼ਰੂਰੀ ਹੈ। ਇਕ ਵਾਰੀ ਇਕ ਈਸਾਈ ਮਿਤ੍ਰ ਨਾਲ ਧਰਮ ਸੰਬੰਧੀ ਚਰਚਾ ਚਲ ਪਈ। ਗੱਲਬਾਤ ਵਿਚ ਉਸ ਮਿਤ੍ਰ ਨੇ ਇਸੇ ਸੰਬੰਧ ਵਿਚ ਬੜੇ ਢੁਕਵੇਂ ਅਖਰ ਕਹੇ :-

**Sardar sahib ! there is no mid-way in matters connected with religion. Either you profess a religion or a complete disbeliver. Religion involves complete surrender.'**

ਭਾਵ :' ਸਰਦਾਰ ਜੀ ! ਧਰਮ ਬਾਰੇ ਕੋਈ ਅੱਧ ਵਿਚਲਾ ਰਾਹ ਨਹੀਂ ਅਪਨਾਇਆ ਜਾ ਸਕਦਾ। ਜਾਂ ਤੁਸੀਂ ਕਿਸੇ ਧਰਮ ਦੇ ਵਿਸ਼ਵਾਸ਼ੀ ਹੋ ਜਾਂ ਮੁਨਕਰ। ਧਰਮ ਵਿਚ ਤਾਂ ਆਪਣਾ ਆਪਾ ਸੰਪੂਰਨ ਤੌਰ ਤੇ ਅਰਪਨ ਕਰਨਾ ਪੈਂਦਾ ਹੈ।

ਕਿੰਨੀ ਸਚਾਈ ਹੈ ਇਨ੍ਹਾਂ ਅੱਖਰਾਂ ਵਿਚ । ਕੀ ਇਹ ਗੁਰ ਹੁਕਮ ਇਸ ਨੁਕਤੇ ਨੂੰ ਕਿਸੇ ਸ਼ੱਕ ਵਿਚ ਰਹਿਣ ਦਿੰਦੇ ਹਨ :-

-'ਸਲਾਮੁ ਜਬਾਬ ਦੋਵੈ ਕਰੇ ਮੁੰਢਹੁ ਘੁਥਾ ਜਾਇ।'



www.AKJ.Org

-'ਆਪ ਗਵਾਈਐ ਤਾ ਸਹੁ ਪਾਈਐ, ਅਵਰ ਕੈਸੀ ਚਤੁਰਾਈ।'

ਇਸੇ ਤਰ੍ਹਾਂ ਦੇ ਅਨੇਕਾਂ ਪਾਵਨ ਗੁਰ ਹੁਕਮ ਇਸ ਆਪਾ ਅਰਪਣ ਦੀ ਮਹੱਤਤਾ ਨੂੰ ਸਪਸ਼ਟ ਪ੍ਰਗਟ ਕਰਦੇ ਹਨ। ਗੁਰਸਿਖੀ ਦਾ ਮਾਰਗ ਤਾਂ ਹੈ ਹੀ ਸੰਪੂਰਨ ਆਪਾ ਅਰਪਨ ਦਾ। ਇਸੇ ਲਈ ਸੱਚੇ ਸੁੱਚੇ ਗੁਰਸਿਖਾਂ ਨੂੰ 'ਮਰ ਜੀਵੜੇ' ਆਖ ਕੇ ਸਨਮਾਨਿਆ ਜਾਂਦਾ ਹੈ।

'ਇਤ ਮਾਰਗ ਚਲੇ ਭਾਈਅੜੇ
ਗੁਰ ਕਹੇ ਸੁ ਕਾਰ ਕਮਾਇ ਜੀਉ॥
ਤਿਆਗੇ ਮਨ ਕੀ ਮਤੜੀ
ਵਿਸਾਰੇ ਦੂਜਾ ਭਾਉ ਜੀਉ॥
ਇਉਂ ਪਾਵੇਂ ਹਰਿ ਦਰਸਾਵੜਾ
ਲਗੈ ਨ ਤਤੀ ਵਾਉ ਜੀਉ।'

ਇਸ ਤੋਂ ਵਧ ਹੋਰ ਕਿਸ ਤਰਾਂ ਸਪਸ਼ਟ ਕੀਤਾ ਜਾ ਸਕਦਾ ਹੈ ? ਮਨ ਦੀ ਮੱਤ ਦਾ ਤਿਆਗ ਕਰਨਾ, ਸਤਿਗੁਰਾਂ ਦੇ ਸਰਬ ਹੁਕਮਾਂ ਨੂੰ ਬਿਨਾਂ ਕਿੰਤੂ ਮੰਨ ਕੇ ਅਪਨਾਣਾ- ਇਹ ਹੈ ਗੁਰਸਿਖੀ ਜੀਵਨ। 'ਮੁਰਦਾ ਹੋਇ ਮੁਰੀਦ, ਨ ਗਲੀਂ ਹੋਵਣਾ। ਮੁਰੀਦ (ਭਾਵ ਸਿਖ) ਬਨਣ ਲਈ ਮੁਰਦੇ ਵਾਂਗ ਆਪਣੀ ਹਸਤੀ ਮਿਟਾ ਦੇਹ। ਐਵੇਂ ਗਲਾਂ ਬਾਤਾਂ ਨਾਲ ਸਿਖੀ ਨਹੀਂ ਮਿਲਦੀ।

ਅਸੀਂ ਹਾਂ ਕਿ ਫਿਰ ਵੀ ਗੁਰ ਹੁਕਮਾਂ ਸੰਬੰਧੀ ਕੁਤਰਕਾਂ ਕਰੀ ਜਾਂਦੇ ਹਾਂ। ਇਸ ਸੰਬੰਧੀ ਜ਼ਰਾ ਇਤਿਹਾਸ ਵਿਚ ਵਾਪਰੀਆਂ ਘਟਨਾਵਾਂ ਨੂੰ ਗਹੁ ਨਾਲ ਵਿਚਾਰਨ ਤੇ ਇਸ ਗਲ ਦਾ ਨਿਰਨਾ ਹੋਰ ਵੀ ਚੰਗੀ ਤਰਾਂ ਹੋ ਜਾਵੇਗਾ। ਵਿਸਥਾਰ ਵਿਚ ਨਾ ਜਾਂਦਾ ਹੋਇਆ ਪਾਠਕਾਂ ਦਾ ਧਿਆਨ ਸਾਹਿਬ ਸ੍ਰੀ ਗੁਰੂ ਅੰਗਦ ਸਾਹਿਬ ਜੀ, ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਅਤੇ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦਾ ਗੁਰੂ ਪਦਵੀ ਤੇ ਪੁਜਣ ਤੋਂ ਪਹਿਲੇ ਦੇ ਜੀਵਨ ਇਤਿਹਾਸ ਵਲ ਲਿਜਾਂਦਾ ਹਾਂ। ਉਨ੍ਹਾਂ ਦਾ ਸੰਪੂਰਨ ਆਪਾ ਅਰਪਣ ਕਰਨਾ ਅਤੇ ਇਸ ਦੇ ਸਿਟੇ ਦੇ ਤੌਰ ਤੇ ਹਰ ਹੁਕਮ ਦੀ ਪਾਲਣਾ-ਬਿਨਾ ਸੰਕੋਚ ਦੇ ਕਰਨਾ-ਇਹ ਇਕ ਵਡਾ ਰਾਜ਼ ਹੈ ਉਨ੍ਹਾਂ ਦੇ ਇਸ ਪਰਮ-ਪਦ ਦੀ ਪ੍ਰਾਪਤੀ ਦਾ। ਭਾਈ ਲੈਹਣਾ ਜੀ ਗੁਰੂ ਨਾਨਕ ਸਾਹਿਬ ਨੂੰ ਉਤਰ ਦੇ ਸਕਦੇ ਸਨ 'ਸਚੇ ਪਾਤਸ਼ਾਹ । ਅੱਧੀ ਰਾਤ ਵੇਲੇ ਜਦ ਮੀਂਹ ਪੈ ਰਿਹਾ ਹੈ, ਬਾਹਰ ਧੁਪ ਕਿਥੇ ਜੋ ਕਪੜੇ ਸੁਕਾ ਲਿਆਵਾਂ ? ਜਾਂ 'ਹਜ਼ੂਰ ! ਆਪ ਦਾ ਹੁਕਮ ਤਾਂ ਸਿਰ ਮਥੇ ਦੇ ਪਰ ਮੁਰਦਾ ਵੀ ਕਦੇ ਕਿਸੇ ਖਾਧਾ ਹੈ? ਇਤਿਆਦਿ ।

ਪਰ ਨਹੀਂ । ਓਥੇ ਮੰਤਵ ਤਾਂ ਇਕੋ ਹੈ ਕਿ ਆਪਣੇ ਖਸਮ ਦਾ ਹੁਕਮ ਮੰਨਣਾ ਹੈ ਭਾਵੇਂ ਕੁਝ ਵੀ ਹੋਵੇ। ਇਹ ਹੈ ਸੰਪੂਰਨ ਅਰਪਣਾ Complete Surrender , ਜੇ ਅਸੀਂ ਫੇਰ ਵੀ ਆਪਣੇ ਸਤਿਗੁਰੂ ਦੇ ਹੁਕਮਾਂ ਤੇ ਕੁਤਰਕਾਂ ਕਰਦੇ ਜਾਈਏ ਤਾਂ ਇਸ ਦਾ ਕੀ ਇਲਾਜ ? ਕੀ ਇਹ ਅਧੋਗਤੀ ਜਾਂ ਅਸ਼ਰਧਕ ਹੋਣ ਦੀ ਨਿਸ਼ਾਨੀ ਨਹੀਂ ?

ਜੀ ਅਜ ਦੇ ਜ਼ਮਾਨੇ ਵਿਚ ਕਿਰਪਾਨ ਰਖਣ ਦਾ ਕੀ ਅਰਥ ਹੈ ? ਸਿਖੀ ਕੋਈ ਕਿਰਪਾਨ ਵਿਚ ਵੜੀ ਪਈ ਹੈ'

'ਅਜ ਦਾ ਪੜਿਆ ਲਿਖਿਆ ਸੂਝਵਾਨ ਮਨੁਖ ਇਸ ਗਲ ਨੂੰ ਕਦਾਚਿਤ ਪ੍ਰਵਾਨ ਨਹੀ ਕਰਦਾ ਕਿ ਮਨੁਸ਼ ਦੇ ਬਾਹਰਲੇ ਰੂਪ ਦਾ ਸੰਬੰਧ ਉਸਦੇ ਧਰਮ ਨਾਲ ਵੀ ਹੋ ਸਕਦਾ ਹੈ'

'ਨਿਰੇ ਕੇਸ ਰਖਣ ਵਿਚ ਹੀ ਸਿਖੀ ਨਹੀਂ। ਸਿਖੀ ਗੁਰਬਾਣੀ ਵਿਚ ਦਰਸਾਈ ਸਿਖਿਆ ਨੂੰ ਅਪਨਾਣ ਵਿਚ ਹੈ।'

ਇਸਤਰਾਂ ਦੇ ਅਨੇਕਾਂ ਪੜਚੋਲ ਭਰੇ ਪ੍ਰਸ਼ਨ ਤੇ ਸ਼ੰਕੇ ਅਜ ਦਾ ਕਹਿਵਤੀ (socalled) ਪੜਿਆ ਲਿਖਿਆ ਕਹਿਵਤੀ ਸਿਖ, ਧਰਮ ਮਰਿਆਦਾ ਸੰਬੰਧੀ ਗੁਰ ਹੁਕਮਾਂ ਤੇ ਕਰਦਾ ਹੈ। ਪਰ ਸਭ ਪ੍ਰਸ਼ਨਾਂ ਤੋਂ ਵਡਾ ਪ੍ਰਸ਼ਨ ਜੇ ਐਸੇ ਸ਼ੰਕਾਵਾਦੀ ਉਤੇ ਕਰਨਾ ਚਾਹੀਏ, ਉਹ ਇਹ ਹੈ ਕਿ 'ਭਾਈ ! ਤੁਸੀਂ ਗੁਰੂ ਨਾਨਕ-ਦਸਮੇਸ਼ ਸਤਿਗੁਰੂ ਜੀ ਦੇ ਸਿਖ ਹੋ ਜਾਂ ਆਪਣੀ ਬੁਧੀ ਦੇ ?' ਜੇ ਸਤਿਗੁਰੂ ਜੀ ਦੇ ਸਿਖ ਹੋ ਤਾਂ ਪਹਿਲੇ ਉਨ੍ਹਾਂ ਦੇ ਹੁਕਮਾਂ ਦੀ ਪਾਲਨਾ ਕਰੋ ਤੇ ਕਰੋ ਬਿਨਾਂ ਸ਼ੰਕਿਆਂ ਦੇ। ਇਹ ਸ਼ੰਕੇ ਤੇ ਸਹਿਸੇ ਜੀਉ ਨੂੰ ਮਲੀਣ ਕਰ ਦਿੰਦੇ ਹਨ। ਮੈ ਮੰਨਦਾ ਹਾਂ ਅਜ ਦੇ ਸਾਇੰਸੀ ਯੁਗ ਵਿਚ ਮਨੁਸ਼ ਹਰ ਗੱਲ ਸੰਬੰਧੀ ਕੀ, ਕਿਵ ਤੇ ਕਿਉਂ ਜਾਨਣਾ ਜ਼ਰੂਰੀ ਸਮਝਦਾ ਹੈ। ਪਰ ਇਹ ਜਾਣਕਾਰੀ ਵੀ ਓਦੋਂ ਤਕ ਨਹੀਂ ਹੋ ਸਕਦੀ ਜਦ ਤਾਈਂ ਅਸੀਂ ਸ੍ਰੀ ਗੁਰੂ ਨਾਨਕ, ਦਸ਼ਮੇਸ਼ ਜੀ ਦੇ ਮੁਢਲੇ ਹੁਕਮਾਂ ਨੂੰ ਬਿਨਾਂ ਸੰਕੋਚ ਤੇ ਸ਼ੰਕੇ ਦੇ ਨਾ ਮੰਨੀਏ। ਇਹ ਅੰਧ ਵਿਸ਼ਵਾਸ਼ ਨਹੀਂ। ਨਿਰੋਲ ਜਾਣ ਕਾਰੀ ਲਈ ਵੀ ਇਹੋ ਢੰਗ ਹੈ। ਇਕ ਆਮ ਪ੍ਰਚਲਤ ਦੁਨੀਆਵੀ ਵਿਦਿਆ ਪ੍ਰਾਪਤੀ ਸੰਬੰਧੀ ਮਿਸਾਲ ਦੇ ਕੇ ਆਪਣੇ ਨੁਕਤੇ ਨੂੰ ਖੋਹਲਦਾ ਹਾਂ :-

ਬਚਾ ਪਹਿਲੀ ਵਾਰੀ ਸਕੂਲ ਜਾਂਦਾ ਹੈ। ਮਾਸਟਰ ਜੀ ਕਹਿੰਦੇ ਹਨ ਕਿ ਬੱਚਾ । ਇਹ ਹੈ ਊੜਾ (ੳ)। ਹੁਣ ਦਸੋ । ਬਚਾ ਕੀ ਆਖੇਗਾ ? ਕੀ ਉਹ ਇਹ ਸ਼ੰਕਾ ਪੇਸ਼ ਕਰੇਗਾ ਮਾਸਟਰ ਜੀ । ਮੈਂ ਨਹੀਂ ਮੰਨਦਾ ਕਿ ਇਹ ਊੜਾ ਹੈ। ਪਹਿਲੋਂ ਮੈਨੂੰ ਇਹ ਸਾਬਤ ਕਰਕੇ ਦਸੋ ਕਿ ਇਹ ਊੜਾ ਹੈ, ਹੋਰ ਕੋਈ ਅਖਰ ਨਹੀਂ।' ਐਸੇ ਸ਼ੰਕੇ ਤੇ ਪ੍ਰਸ਼ਨ ਕਰਨ ਵਾਲਾ ਬੱਚਾ ਕੁਛ ਪੜ੍ਹ ਲਿਖ 'ਸਕਦਾ ਹੈ ? ਅਤੇ ਕੀ ਮਾਸਟਰ ਜੀ ਦੀ ਇਸ ਸਿਖਸ਼ਾ ਨੂੰ ਸਤਿ ਕਰ ਕੇ


www.AKJ.Org

ਮੰਨਣ ਵਾਲੇ ਬਚੇ ਤੇ ਮਾਸਟਰ ਜੀ ਵਿਚ 'ਅੰਧ ਵਿਸ਼ਵਾਸੀ' ਹੋਣ ਤਾ ਦੂਸ਼ਣ ਲਗ ਸਕੇਗਾ ? ਐਨ ਇਹੋ ਗਲ ਆਤਮਕ ਤੇ ਧਾਰਮਕ ਵਿਦਿਆ ਸੰਬੰਧੀ ਵਾਪਰਦੀ ਹੈ। ਦੁਨੀਆਵੀ ਇਲਮ ਵਿਚ ਭਾਵੇਂ ਕੋਈ ਕਿਡੀ ਵੱਡੀ ਡਿਗਰੀ ਲੈ ਕੇ ਬਡਾ ਪੜਾਕੂ ਬਣ ਬਣ ਬੈਠੇ, ਉਹ ਵਿਦਿਆ, ਆਤਮਕ ਖੇਤਰ ਵਿਚ ਕੰਮ ਨਹੀਂ ਆ ਸਕਦੀ ਜਦ ਤਾਈਂ ਇਸ ਅਧਿਆਤਮਕ ਵਿਦਿਆ ਦੇ ਮਾਸਟਰ ਜੀ ਕੋਲੋਂ, ਮਾਸੂਮ ਬੱਚੇ ਦੀ ਤਰ੍ਹਾਂ 'ਅੰਧ ਵਿਸ਼ਵਾਸੀ' ਹੋ ਕੇ ਸਿਖਿਆ ਨਾ ਲਈ ਜਾਵੇ। ਇਸੇ ਲਈ ਹੀ ਸ਼ਾਇਦ ਗੁਰਬਾਣੀ ਵਿਚ ਅਨੇਕਾਂ ਥਾਵਾਂ ਤੇ ਜਗਿਆਸੂ ਨੂੰ ਸਤਿਗੁਰੂ ਤੇ ਵਾਹਿਗੁਰੂ ਦੇ ਸਨਮੁਖ ਬੱਚਾ ਬਣ ਕੇ ਰਹਿਣ ਦੀ ਪ੍ਰੇਰਨਾ ਦਿਤੀ ਗਈ ਹੈ।

ਪਾਠਕ ਜੀ । ਇਹ ਨਾ ਸਮਝਨਾ ਕਿ ਆਪਣੇ ਨੁਕਤੇ ਤੋਂ ਲਾਂਭੇ ਚਲਿਆ ਗਿਆਂ ਹਾਂ। ਮਜ਼ਮੂਨ ਸੀ 'ਨਿੱਕੀਆਂ ਨਿੱਕੀਆਂ ਗੱਲਾਂ' ਸਤਿਗੁਰੂ ਸਾਹਿਬਾਨ ਦੇ ਸਮੂਹ ਹੁਕਮ ਅਪਨਾਣੇ ਸਾਡਾ ਸਿਖ ਅਖਵਾਉਣ ਵਾਲਿਆਂ ਦਾ ਪਰਮ ਧਰਮ ਹੈ ਭਾਵੇਂ ਉਹ ਵੇਖਣ ਚਾਖਣ ਨੂੰ ਉਪਰੋਂ ਉਪਰੋਂ ਨਿੱਕੀਆਂ ਨਿੱਕੀਆਂ ਗੱਲਾਂ ਹੀ ਮਲੂਮ ਹੋਣ। ਇਨ੍ਹਾਂ ਨਿੱਕੀਆਂ ਗੱਲਾਂ ਨੇ ਸਾਡਾ ਜੀਵਨ ਢਾਲਣਾ ਹੈ। ਇਹਨਾਂ ਨਿੱਕੀਆਂ ਗੱਲਾਂ ਵਿਚੋ ਹੀ ਵਡੀਆਂ ਪ੍ਰਾਪਤੀਆਂ ਦਾ ਮੁੱਢ ਬੱਝਦਾ ਹੈ। ਆਮ ਦੇਖਿਆ ਗਿਆ ਹੈ ਕਿ ਅਸੀਂ ਨਿਕੀਆਂ ਨਿਕੀਆਂ ਗੁਰਮਤਿ ਰਮਜ਼ਾਂ ਤੇ ਹੁਕਮਾਂ ਵਲ ਧਿਆਨ ਨਹੀਂ ਦੇਂਦੇ ਕਿ ਇਹਨਾਂ ਵਿਚ ਕੀ ਧਰਿਆ ਪਿਆ ਹੈ। ਕੁਝਕੁ ਮਿਸਾਲਾਂ ਦਿੰਦਾ ਹਾਂ :-

(੧) ਹੁਕਮਨਾਮਾ ਦਰਸਾਂਦਾ ਹੈ ਕੰਘਾ ਦੋਨੋਂ ਵਕਤ ਕਰ ਪਾਗ ਚੁਨੈ ਕਰ ਬਾਂਧਈ।' ਇਸ ਹੁਕਮ ਅਨੁਸਾਰ ਗੁਰਸਿਖ ਰਹਿਣੀ ਇਹ ਮੰਗ ਕਰਦੀ ਹੈ ਕਿ ਗੁਰੂ ਕਾ ਸਿੰਘ ਆਪਣੇ ਕੇਸਾਂ ਨੂੰ ਦੋਨੋਂ ਵਕਤ ਕੰਘਾ ਕਰੇ ਤੇ ਪਗ ਚੁਣ ਕੇ ਬੰਨ੍ਹੇ।ਦੋਨੋਂ ਵਕਤ ਕੰਘਾ ਕਰਨ ਨੂੰ ਅਸੀਂ ਬਿਲਕੁਲ ਕੋਈ ਮਹੱਤਤਾ ਨਹੀ ਦੇਂਦੇ ਹਾਲਾਂਕਿ ਇਹ ਵੀ ਦਸਮੇਸ਼ ਜੀ ਦਾ ਹੁਕਮ ਹੈ। ਵੇਦਾਂ ਵਿਚ ਵੀ ਜਿਥੇ ਕੇਸਾਂ ਦੀ ਮਹਾਨਤਾ ਦਰਸਾਈ ਹੈ ਉਥੇ ਇਹ ਲਿਖਿਆ ਹੈ ਕਿ ਗ੍ਰਹਿਸਥੀ ਆਪਣੇ ਸੁਖੀ ਜੀਵਨ ਲਈ ਆਪਣੇ ਕੇਸਾਂ ਵਿਚ ਸੌ ਦੰਦਿਆਂ ਵਾਲਾ ਕੰਘਾ ਰਖੇ ਅਤੇ ਦੋਵੇਂ ਵੇਲੇ ਚੰਗੀ ਤਰਾਂ ਕੰਘੇ ਨਾਲ ਕੇਸ ਸਾਫ਼ ਕਰੇ। ਮਾਲੂਮ ਹੁੰਦਾ ਹੈ ਕਿ ਜਿਸ ਤਰਾਂ ਸਰੀਰ ਤੇ ਮਾਲਸ਼ ਕਰਨ ਨਾਲ ਜਾਂ ਘੁਟਣ ਨਾਲ ਥਕਾਵਟ ਦੂਰ ਹੁੰਦੀ ਹੈ ਇਸੇ ਤਰਾਂ ਲਕੜੀ ਦੇ ਕੰਘੇ ਨਾਲ ਰਗੜ ਕੇ ਕੰਘਾ ਕਰਨ ਨਾਲ ਸਿਰ ਨੂੰ ਤਰੋਤਾਜ਼ਗੀ ਤੇ ਰਾਹਤ ਮਿਲਦੀ ਹੈ। ਕੁਝ ਵੀ ਹੋਵੇ ਇਹ ਹੁਕਮ ਹੈ ਇਸ ਲਈ ਅਪਨਾਉਣਾ ਹੈ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵਿਚ ਇਕ ਖ਼ਾਸ ਵਿਸ਼ੇਸ਼ਤਾ ਇਹ ਵੀ ਸੀ ਕਿ ਉਹਨਾਂ ਆਪਣੇ ਸਾਰੇ ਜੀਵਨ ਵਿਚ ਹਰੇਕ ਗੁਰ ਹੁਕਮ ਨੂੰ ਪਾਲਣ ਆਪਣਾ ਕਰਤਵਯ ਬਣਾ ਲਿਆ ਹੋਇਆ ਸੀ। ਜਿਸ ਹੁਕਮ ਨੂੰ ਨਿਕੀ ਜਿਹੀ ਗਲ ਕਹਿਕੇ ਅਸੀਂ ਐਵੇ ਹੀ ਲਾਂਭੇ ਕਰ ਦਿੰਦੇ ਹਾ, ਉਹਨਾ ਉਸੇ ਹੁਕਮ ਦੀ ਪਾਲਣਾ ਕਰਨ ਲਈ ਸਿਰਧੜ ਦੀ ਬਾਜ਼ੀ ਲਾ ਦਿਤੀ। ਕਿਉਂ? ਸਿਰਫ਼ ਇਸ ਲਈ ਕਿ ਉਹ ਪਿਆਰੇ ਮਹਿਬੂਬ ਸਤਿਗੁਰੂ ਜੀ ਦਾ ਹੁਕਮ ਹੈ। ਨਾਗਪੁਰ ਜੇਲ੍ਹ ਵਿਚ ਉਨ੍ਹਾਂ ਨੇ ਕੇਸਾ ਵਿਚ ਕੰਘਾ ਨਾ ਕਰ ਸਕਣ ਕਰਕੇ ਤਿੰਨ ਦਿਨ ਪਰਸ਼ਾਦ-ਪਾਣੀ ਮੂੰਹ ਨਾਲ ਨਹੀਂ ਸੀ ਲਾਇਆ। ਜਦ ਚੌਥੇ ਦਿਨ ਸੁਪ੍ਰੰਟੰਡੰਟ ਜੇਲ ਨੂੰ ਪਤਾ ਲਗਾ ਕਿ ਭਾਈ ਸਾਹਿਬ ਚੌਥੇ ਦਿਨ ਤੋਂ ਕੜਾਕੇ ਤਾਂ ਹਨ ਤਾਂ ਉਹ ਆਕੇ ਪੁਛ ਗਿਛ ਕਰਨ ਲਗਾ :-

ਸੁਪ੍ਰੰਟੰਡੰਟ-ਰਣਧੀਰ ਸਿੰਘ । ਜਦੋਂ ਦਾ ਮੈਂ ਇਸ ਜੇਲ੍ਹ ਵਿਚ ਆਇਆ ਹਾ ਏਹ ਪਹਿਲਾ ਮੌਕਾ ਹੈ, ਕਿ ਮੇਰੇ ਵਕਤ ਵਿਚ ਭੁਖ-ਹੜਤਾਲ ਕਰਕੇ ਮੈਨੂੰ ਪਰੇਸ਼ਾਨ ਕੀਤਾ ਗਿਆ ਹੈ, ਐਨੇ ਡੰਗ ਰੋਟੀ ਕਿਉਂ ਨਹੀਂ ਖਾਧੀ ਅਤੇ ਮੇਰੇ ਉਤੇ ਸੰਤਾਪ ਕਿਉਂ ਚਾੜਿਆ ?

ਭਾਈ ਸਾਹਿਬ :- ਜਨਾਬ ਮੈਂ ਸੰਤਾਪ ਕਿਸੇ ਉਤੇ ਕੁਛ ਨਹੀਂ ਚਾੜ੍ਹਿਆ ਅਤੇ ਨਾ ਹੀ ਮੈ ਜਾਣ ਬੁਝ ਕੇ ਆਪ ਨੂੰ ਪਰੇਸ਼ਾਨ ਕਰਨ ਲਈ ਭੁਖ ਹੜਤਾਲ ਕੀਤੀ ਹੈ। ਇਹ ਤਾ ਸੁਤੇ ਸੁਭਾਵ ਹੀ ਐਸਾ ਹੋ ਗਿਆ ਹੈ। ਮੈਂ ਚੌਥੇ ਕੇਸੀ ਇਸ਼ਨਾਨ ਖਾਰ ਸਾਬਣ ਨਾਲ ਕੀਤਾ ਸੀ, ਪਰ ਮੈਨੂੰ ਛੇਵਾਂ (ਤੇਲ) ਕੇਸਾਂ ਨੂੰ ਲਾਉਣ ਲਈ ਨਹੀਂ ਮਿਲਿਆ। ਜੇ ਮੈਨੂੰ ਪਹਿਲਾਂ ਪਤਾ ਹੁੰਦਾ ਕਿ ਤੇਲ ਨਹੀਂ ਮਿਲਣਾ ਤਾਂ ਮੈ ਖਾਰ ਨਾਲ ਕੇਸੀ ਇਸ਼ਨਾਨ ਹੀ ਨਾ ਕਰਦਾ। ਖਾਰ ਨਾਲ ਕੇਸੀ ਇਸ਼ਨਾਨ ਕਰਨ ਕਰਕੇ ਕੇਸ ਖੁਸ਼ਕ ਤੇ ਰੁਖੇ ਹੋ ਜਾਂਦੇ ਹਨ। ਜਿਨਾ ਚਿਰ ਤੇਲ ਨਾ ਲਾਈਏ ਕੰਘਾ ਨਹੀਂ ਕਰ ਸਕੀਦਾ। ਤੇਲ ਲਾ ਕੇ ਹੀ ਕੇਸ ਕੰਘੇ ਨਾਲ ਵਾਹੇ ਜਾ ਸਕਦੇ ਹਨ, ਐਵੇਂ ਨਹੀਂ ਵਾਹੇ ਜਾ ਸਕਦੇ। ਛੇਵਾਂ (ਤੇਲ ) ਲਾਉਣ ਨਾਲ ਕੇਸਾਂ ਨੂੰ ਤਰਾਵਤ ਆ ਜਾਂਦੀ ਹੈ ਤਰਾਵਤ ਆਏ ਕੇਸਾਂ ਨੂੰ ਕੰਘੇ ਨਾਲ ਵਾਹੁਣ ਨਾਲ ਕੇਸ ਐਵੇਂ ਅਜਾਈਂ ਟੁਟ ਕੇ ਭੁਰਦੇ ਨਹੀਂ। ਅਸਾਂ (ਸਿਖਾਂ) ਨੂੰ ਕੰਘਾ ਹਰ ਰੋਜ਼ ਦੋਨੋ ਵਕਤ ਕਰਨ ਦਾ ਤਾਕੀਦੀ ਹੁਕਮ (stric religious order) ਹੈ ਅਤੇ ਬਿਨਾ ਕੰਘਾ ਕੀਤੇ ਪਰਸ਼ਾਦਾ ਛਕਣ ਦੀ ਭੀ ਸਖਤ ਮੁਮਾਨਿਅਤ ਹੈ, ਸੋ ਮੈਂ ਧਾਰਮਕ ਹੁਕਮ ਦੀ ਤਾਮੀਲ ਕਰਦੇ ਹੋਇਆ ਹੀ ਪਰਸ਼ਾਦਾ ਨਹੀਂ ਛਕਿਆ। ਕੋਈ ਪਰੋਟੈਸਟ ਵਜੋਂ ਆਪਦੇ ਹੁਕਮਾਂ ਤੋਂ ਆਕੀ ਹੋਕੇ ਐਸਾ ਨਹੀਂ ਕੀਤਾ।

(ਜੇਲ੍ਹ ਚਿਠੀਆਂ )


www.AKJ.Org

ਕਿਉਂ ਜੀ । ਹੁਣ ਪਤਾ ਲੱਗਾ ਜੇ ਇਸ ਨਿਕੀ ਜਿਹੀ ਗੱਲ ਦੀ ਮਹਾਨਤਾ ? ਪਰ ਅਸੀਂ ਕਿੰਨੇ ਕੁ ਇਸ ਹੁਕਮ ਨੂੰ ਆਪਣੇ ਰੋਜ਼ ਦੇ ਜੀਵਨ ਵਿਚ ਅਪਨਾਨੇ ਹਾਂ ? ਇਹ ਤਾਂ ਸੀ 'ਕੰਘਾ ਦੋਨੌਂ ਵਕਤ ਕਰ' ਹੁਕਮ ਦੀ ਮਹਾਨਤਾ। ਹੁਣ ਲਓ ਇਸੇ ਪੰਗਤੀ ਵਿਚ ਦਰਸਾਏ ਦੂਜੇ ਹੁਕਮ 'ਪਾਗ ਚੁਨੇ ਕਰ ਬਾਂਧਈ' ਨੂੰ। ਪੱਗ ਨੂੰ ਚੁਣ ਕੇ ਬੰਨ੍ਹਣ ਦਾ ਆਪੇ ਹੀ ਭਾਵ ਇਹ ਵੀ ਨਿਕਲ ਆਉਂਦਾ ਹੈ ਕਿ ਦਸਤਾਰ ਨੂੰ ਲਾਹੁਣਾ ਭੀ ਇਕ ਇਕ ਵਲ ਲਾਹ ਕੇ ਹੈ ਤਾਂ ਹੀ ਫਿਰ ਚੁਣ ਕੇ ਬੰਨ੍ਹੀ ਜਾਵੇਗੀ। ਰੋਜ਼ ਦੇ ਜੀਵਨ ਵਿਚੋਂ ਇਕ ਮਿਸਾਲ ਦੇਣੀ ਯੋਗ ਸਮਝਦਾ ਹਾਂ :-

ਸਰਦਾਰ ਜੀ ਦਫ਼ਤਰੋਂ ਜਾਂ ਆਪਣੇ ਹੋਰ ਕੰਮ ਕਾਜ ਤੋਂ ਥੱਕੇ ਟੁਟੇ ਘਰ ਪਹੁੰਚਦੇ ਹਨ। ਕਾਹਲੀ ਵਿਚ ਟੋਪੀ ਵਾਂਗੂੰ ਪਗੜੀ ਲਾਹ ਕੇ ਔਹ ਮੇਜ਼ ਤੇ ਵਗਾਹ ਮਾਰਦੇ ਹਨ ਅਤੇ ਪੱਖੇ ਨੂੰ ਫੂਲ ਸਪੀਡ ਤੇ ਛਡਕੇ ਪਸੀਨਾ ਸੁਕਾਉਂਦੇ ਹੋਏ ਸ਼ੁਕਰ ਸ਼ੁਕਰ ਕਰਦੇ ਹਨ। ਗੁਰਮਖਿ ਪਿਆਰੇ ਜੇ ਉਹਨਾਂ ਨੂੰ ਇਹ ਪ੍ਰੇਰਨਾ ਕਰਦੇ ਹਨ ਕਿ ਇਸ ਤਰਾਂ ਦਸਤਾਰ ਨੂੰ ਲਾਹੁਣਾ ਅਯੋਗ ਹੈ ਤਾਂ ਅਗੋਂ ਉੱਤਰ ਮਿਲਦਾ ਹੈ 'ਸਿਖੀ ਏਨਾ ਕੱਚਾ ਧਾਗਾ ਨਹੀਂ ਕਿ ਇਹਨਾਂ ਨਿਕੀਆ ਨਿਕੀਆਂ ਗੱਲਾ ਨਾਲ ਟੁੱਟ ਜਾਵੇ।' ਪਰ ਉਹ ਸੋਚਦੇ ਨਹੀਂ ਕਿ ਸਰਬੱਗ ਸਤਿਗੁਰੂ ਜੀ ਦੇ ਹੁਕਮ ਹਰ ਪੱਖ ਤੋਂ ਸੰਪੂਰਨ ਹਨ। ਬਾਹਰੋਂ ਆਉਂਦਿਆਂ ਦਸਤਾਰ ਲਾਹ ਕੇ ਪੱਖੇ ਥੱਲੇ ਬੈਠਦਿਆਂ ਕਈ ਵਾਰੀ ਗਰਮ-ਸਰਦ ਹੋਣ ਦਾ ਖਤਰਾ ਖ਼ਾਹ ਮਖ਼ਾਹ ਮੁੱਲ ਲੈਣਾ ਇਸ ਆਦਤ ਦਾ ਕੁਦਰਤੀ ਨਤੀਜਾ ਹੈ। ਇਸ ਦੇ ਉਲਟ ਜੇ ਦਸਤਾਰ ਇਕ ਇਕ ਵਲ ਲਾਹ ਕੇ ਹੌਲੀ ਹੌਲੀ ਲਾਹੀ ਜਾਵੇ ਤਾਂ ਠੰਢੀ ਹਵਾ ਵੀ ਸਹਿਜੇ ਸਹਿਜੇ ਸਿਰ ਤਕ ਪਹੁੰਚਦੀ ਹੈ। ਸਾਰੀ ਦਸਤਾਰ ਲਹਿ ਕੇ ਫਿਰ ਵੀ ਕੇਸਕੀ ਅਜੇ ਸਿਰ ਤੇ ਹੀ ਹੈ। ਉਸ ਨੂੰ ਵੀ ਇਸੇ ਤਰਾਂ ਲਾਹਿਆਂ ਇਹੋ ਜਿਹੇ ਖ਼ਤਰੇ ਦੇ ਨੇੜੇ ਆਉਣ ਦੀ ਗੁੰਜਾਇਸ਼ ਹੀ ਨਹੀਂ ਰਹਿੰਦੀ।

ਇਸੇ ਤਰਾ ਟੋਪੀ ਨੁਮਾ ਪਗੜੀ ਜੋ ਰਾਤੀਂ ਲਾਹ ਕੇ ਅੰਗੀਠੀ ਤੇ ਰਖੀ ਹੋਈ ਸੀ ਦੂਜੇ ਦਿਨ ਕੰਮ ਕਾਰ ਤੇ ਜਾਣ ਲਗਿਆ ਕਾਹਲੀ ਨਾਲ ਫਟਾ ਫਟ ਚੁਕ ਕੇ ਸਿਰ ਤੇ ਸਜਾ ਲਈ-ਨਹੀਂ ਨਹੀਂ, ਰਖ ਲਈ- ਕਿਉਂਕਿ ਇਸ ਢੰਗ ਨਾਲ ਰੱਖੀ ਪਗੜੀ ਨੂੰ ਦਸਤਾਰ ਸਜਾਉਣਾ ਨਹੀਂ ਕਿਹਾ ਜਾ ਸਕਦਾ। ਸਰਦਾਰ ਜੀ ਸਾਇਕਲ ਤੇ ਘਰੋਂ ਵਾਹੋ ਦਾਹੀਂ ਦਫ਼ਤਰ ਨੂੰ ਤੁਰ ਪਏ। ਰਾਹ ਵਿਚ ਕੀ ਹੁੰਦਾ ਹੈ ? ਸਿਰ ਵਿਚ ਥਾਂ ਥਾਂ ਤੇ ਖ਼ਾਰਸ਼ ਜਿਹੀ ਅਰੰਭ ਹੋ ਜਾਂਦੀ ਹੈ ਤੇ ਵਧਦੀ ਜਾ ਰਹੀ ਹੈ। ਜੇਬ ਵਿਚੋਂ ਪੈਨ ਜਾਂ ਪੈਨਸਲ ਕਢ ਕੇ ਪਗੜੀ ਦੇ ਅੰਦਰ ਦੀ ਖ਼ੁਬ ਰਗੜੇ ਮਾਰਦੇ ਹਨ, ਪਰ ਖਾਰਜ਼ ਘਟਦੀ ਹੀ ਨਹੀਂ। ਤੰਗ ਆ ਕੇ ਸਾਈਕਲ ਖੜਾ ਕਰਕੇ ਪਗੜੀ ਲਾਹ ਕੇ ਸਰਦਾਰ ਜੀ ਕੀ ਵੇਖਦੇ ਹਨ ? ਰਾਤੀਂ ਅੰਗੀਠੀ ਤੇ ਜਦ ਟੋਪੀ ਨੁਮਾ ਪਗੜੀ ਪਈ ਸੀ ਤਾਂ ਸਿਰ ਦੀ ਥੰਧਿਆਈ ਦੀ ਖਿੱਚ ਸਦਕਾ ਕੀੜੀਆਂ ਉਥੇ ਅਨੰਦੇ ਲੈ ਰਹੀਆਂ ਸਨ, ਤੇ ਸਰਦਾਰ ਹੁਰਾਂ ਨੇ ਬਿਨਾਂ ਦੇਖੇ ਹੀ ਕਾਹਲੀ ਵਿਚ ਉਹ ਪਗੜੀ ਸਿਰ ਤੇ ਰਖ ਲਈ ਸੀ। ਹੁਣ ਉਹ ਕੀੜੀਆਂ ਵਿਚਾਰੀਆਂ ਕੀ ਕਰਨ ? ਬਾਹਰ ਨਿਕਲਣ ਦੇ ਯਤਨ ਵਿਚ ਕੇਸਾ ਵਿਚ ਥਾਂ ਥਾਂ ਤੇ ਫਿਰਨ ਨਾ ਤਾਂ ਹੋਰ ਕੀ ਕਰਨ ?

ਇਸ ਦਾ ਇਹ ਭਾਵ ਨਹੀਂ ਕਿ ਇਹਨਾਂ ਗਲਾਂ ਨੂੰ ਮੁਖ ਰਖ ਕੇ ਹੀ ਸਤਿਗੁਰੂ ਜੀ ਨੇ ਇਹ ਹੁਕਮ ਕੀਤੇ ਹਨ। ਉਹਨਾਂ ਦੀ ਗਤੀ ਉਹ ਹੀ ਜਾਨਣ। ਇਹ ਤਾਂ ਦੁਨੀਆਂਦਾਰੀ ਦੇ ਨੁਕਤੇ ਨਾਲ ਜੋ ਗਲ ਆਮ ਵਾਪਰੀ ਸੁਣੀਦੀ ਹੈ ਤੇ ਸਮਝ ਗੋਚਰੀ ਪਈ ਹੈ, ਸੋ ਲਿਖੀ ਹੈ ਇਸ ਲਈ ਇਹਨਾਂ ਗੁਰਮਤਿ ਹੁਕਮਾਂ ਨੂੰ ਐਵੇਂ ਨਿਕੀਆਂ ਨਿਕੀਆਂ ਗਲਾਂ ਕਹਿਕੇ ਦਰਗੁਜ਼ਰ ਨਹੀਂ ਕਰਨਾ ਚਾਹੀਦਾ।

ਇਕ ਹੋਰ ਗੁਰ ਹੁਕਮ ਲਉ। ਇਹ ਹੈ ਕਛਿਹਰੇ ਸਬੰਧੀ। ਆਨਮਤੀਆਂ ਨੇ ਤਾਂ ਕੀ ਕਹਿਣਾ ਸੀ ਪਰ ਜਦੋਂ ਉਪਰੋਂ ਦੇਖਣ ਚਾਖਣ ਨੂੰ ਚੰਗੇ ਭਲੇ ਸਿਖ ਸਰਦਾਰ ਕਹਾਉਣ ਵਾਲੇ, ਗੁਰਮੁਖੀ ਅਰੇਬ ਕਛੈਹਰੇ ਨੂੰ 'ਬਰੇਕਾਂ ਵਾਲਾ ਕੱਛਾ ਤੰਬੂ ਜਾਂ ਹੋਰ ਕੋਝੇ ਨਾਮ ਧਰਕੇ ਗੁਰਮਤਿ ਹੁਕਮਾਂ ਦਾ ਮਜ਼ਾਕ ਕਰਦੇ ਹਨ ਤਾਂ ਮਨ ਨੂੰ ਦੁਖ ਨਾ ਹੋਵੇ ਤਾਂ ਕੀ ਹੋਵੇ ? ਫ਼ਿਰ ਕਈ ਆਪਣੀ ਸਿਆਣਪ ਵਰਤਦੇ ਹੋਏ ਕਹਿੰਦੇ ਹਨ ਕਿ ਜੀ ਹੁਕਮ ਤਾਂ ਕਛੇ ਪਾਉਣ ਦਾ ਹੈ ਨਾ ਕਿ ਕਿਸੇ ਖਾਸ ਢੰਗ ਦੇ ਕਛੇ ਦੇ ਪਾਉਣ ਦਾ। ਕਛਾ-ਭਾਵ ਅੰਡਰ ਵੀਅਰ (underwear) ਜ਼ਰੂਰ ਪਾਉਣਾ ਚਾਹੀਦਾ ਹੈ ਭਾਂਵੇਂ ਉਸ ਦੀ ਸਿਲਾਈ ਕਿਸਤਰਾਂ ਦੀ ਹੋਵੇ ਗੁਰਮੁਖੀ ਅਰੇਬ ਕੱਛੇ ਦੀ ਮਹਾਨਤਾ ਸਬੰਧੀ ਇਕ ਹੱਡ ਵਰਤੀ ਘਟਨਾ ਵਰਨਣ ਕਰਦਾ ਹਾਂ। ਕੁਝ ਸਾਲ ਹੋਏ ਦਾਸ ਟਰੀਵੈਂਡਰਮ (ਕੇਰਲ) ਤੋਂ ਮਦਰਾਸ ਲਈ ਰੇਲ ਦੇ ਫਸਟ ਕਲਾਸ ਦੇ ਡੱਬੇ ਵਿਚ ਸਫਰ ਕਰ ਰਿਹਾ ਸੀ। ਮੇਰੇ ਨਾਲ ਇਕ ਹੋਰ ਉਧਰ ਦਾ ਹੀ ਈਸਾਈ ਮਤ ਦਾ ਅਫ਼ਸਰ ਵੀ ਉਸੇ ਡੱਬੇ ਵਿਚ ਸੀ। ਦਿਨ ਚੜ੍ਹਨ ਤੇ ਜਦ ਮੇਰੇ ਹਮ ਸਫਰ ਅਫ਼ਸਰ ਜੀ ਸੌਚ ਇਸ਼ਨਾਨ ਤੋਂ ਵੇਹਲੇ ਹੋ ਕੇ ਬੈਠੇ ਤਾਂ ਉਨਾਂ ਦਾ ਧਿਆਨ ਦਾਸ ਦੇ ਕਛੈਹਰੇ ਤੇ ਟਿਕ ਗਿਆ ਜੋ ਕਿ ਉਸਦੇ ਉਠਨ ਤੋਂ ਪਹਿਲੇ ਹੀ ਦਾਸ ਨੇ ਇਸ਼ਨਾਨ ਉਪਰੰਤ

(ਬਾਕੀ ਪੰਨਾ ੪੦ ਤੇ ...)



www.AKJ.Org

# ਅਰਦਾਸ

ਪ੍ਰਿੰਸੀਪਲ ਕੁਲਦੀਪ ਕੌਰ ਜੀ.

ਸਿੱਖ ਸਿਧਾਂਤਾਂ ਅਨੁਸਾਰ ਅਰਦਾਸ ਦੀ ਬਹੁਤ ਮਹਾਨਤਾ ਹੈ। ਖੁਸ਼ੀ ਦਾ ਅਵਸਰ ਹੋਵੇ ਜਾਂ ਗਮੀ ਦਾ, ਦੁਖ ਹੋਵੇ ਜਾਂ ਸੁੱਖ, ਸਿੱਖ ਲਈ ਦੋ ਹੱਥ ਜੋੜ ਕੇ ਅਕਾਲ ਪੁਰਖ ਅੱਗੇ ਅਰਦਾਸ ਕਰਨੀ ਜਰੂਰੀ ਹੈ। ਖੁਸ਼ੀ ਸਮੇ ਉਸ ਦੀਆ ਬਖਸ਼ਿਸ਼ਾ ਚੇਤੇ ਕਰ ਕੇ ਸ਼ੁਕਰਾਨਾ ਕਰਨਾ ਹੁੰਦਾ ਹੈ ਔਕੜ ਦੇ ਸਮੇਂ ਉਸ ਕੋਲੋ ਭਾਣਾ ਮੰਨਣ ਦੀ ਸ਼ਕਤੀ ਦੀ ਮੰਗ ਕਰਨੀ ਹੰਦੀ ਹੈ। ਆਪਣੀਆਂ ਭੁਲਾਂ ਬਖਸ਼ਾਉਣ ਲਈ ਤੇ ਹਰ ਤਰ੍ਹਾਂ ਦੀਆ ਇਛਾਵਾ ਦੀ ਪੂਰਤੀ ਲਈ ਵੀ ਅਰਦਾਸ ਕੀਤੀ ਜਾਂਦੀ ਹੈ। ਮਹਾਨ ਕੋਸ਼ ਦੇ ਕਰਤਾ ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਦੇ ਵਿਚਾਰ ਅਨੁਸਾਰ ਮੁਰਾਦ ਮੰਗਣ ਦੀ ਕਿਰਿਆ ਨੂੰ ਅਰਦਾਸ ਕਹਿੰਦੇ ਹਨ। ਇਸ ਦਾ ਫਾਰਸੀ ਮੂਲ 'ਅਰਜ਼ ਦਾਸ਼ਤ' ਹੈ ਜਿਸ ਤੋਂ ਸ਼ਪਸ਼ਟ ਹੈ ਕਿ 'ਅਰਜ ਜਾਂ ਬਿਨੈਂ' ਅਰਦਾਸ ਦਾ ਮੁੱਖ ਲਛਣ ਹੈ। ਅਰਦਾਸ ਕਦੋ ਕਿਸ ਅੱਗੇ ਅਤੇ ਕਿਵੇ ਕੀਤੀ ਜਾਵੇ? ਇਸ ਸਬੰਧੀ ਆਪ ਨੇ ਦਸਿਆ ਹੈ ਕਿ "ਸਿੱਖ ਧਰਮ ਵਿਚ ਨਿਤਨੇਮ ਦੀ ਬਾਣੀ ਦਾ ਪਾਠ ਕਰਕੇ ਤੇ ਹੋਰ ਅਨੇਕ ਕਾਰਜਾਂ ਦੀ ਪੂਰਤੀ ਲਈ ਅਰਦਾਸ ਕੀਤੀ ਜਾਂਦੀ ਹੈ। ਕੇਵਲ ਕਰਤਾਰ ਅੱਗੇ ਅਰਦਾਸ ਕਰਨੀ ਵਿਧਾਨ ਹੈ ਅਤੇ ਅਰਦਾਸ ਕਰਨ ਵੇਲੇ ਦੋਵੇਂ ਹਥ ਜੋੜ ਕੇ ਖੜੇ ਹੋਣ ਦੀ ਆਗਿਆ ਹੈ।"

ਅਰਦਾਸ ਜਿਸ ਨੂੰ ਪ੍ਰਾਰਥਨਾ ਜਾਂ prayer ਵੀ ਕਹਿੰਦੇ ਹਨ, ਸੰਸਾਰ ਵਿਚ ਧਰਮ ਦੀ ਹੋਂਦ ਦਾ ਪ੍ਰਤਖ ਸਬੂਤ ਹੈ। ਇਸ ਦੀ ਪਰਿਭਾਸ਼ਾ ਦਸਦਿਆਂ ਹੋਇਆਂ ਲਗਭਗ ਸਾਰੇ ਵਿਦਵਾਨਾਂ ਨੇ ਇਕੋ ਜਿਹੇ ਹੀ ਵਿਚਾਰ ਪ੍ਰਗਟ ਕੀਤੇ ਹਨ। ਨਾਗਰੀ ਪ੍ਰਚਾਰਣੀ ਸਭਾ, ਕਾਂਸ਼ੀ ਵਲੋ ਛਪੇ ਸੰਖਿਸ਼ਪਤ ਹਿੰਦੀ ਸ਼ਬਦ ਸਾਗਰ' ਵਿਚ ਪ੍ਰਾਰਥਨਾ ਦੇ ਅਰਥ ਦਿਤੇ ਗਏ ਹਨ: ਬਿਨਤੀ, ਬਿਨਯ, ਨਿਵੇਦਨ, ਕਿਸੇ ਕੋਲੋ ਕੁਝ ਮੰਗਣਾ, ਯਾਚਨਾ। ਸ੍ਰੀ ਰਾਮ ਚੰਦਰ ਸ਼ੁਕਲ ਨੇ 'ਭਾਸ਼ਾ ਸ਼ਬਦ ਕੋਸ਼' ਵਿਚ ਵੀ ਉਪਰੋਕਤ ਭਾਂਤ ਦੇ ਅਰਥ ਹੀ ਦਿਤੇ ਹਨ। ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਅਰਜ਼ ਦਾਸ਼ਤ ਜਾਂ ਪ੍ਰਾਰਥਨਾ ਦਾ ਮੂਲ ਵਿਸ਼ਾ ਇਕੋ ਹੀ ਹੈ ਅਤੇ ਉਹ ਹੈ ਮੰਗ ਮੰਗਣੀ।

ਪੱਛਮ ਦੇ ਧਾਰਮਿਕ ਸਿਧਾਂਤਾਂ ਅਨੁਸਾਰ prayer ਦੀ ਦੋ ਤਰ੍ਹਾਂ ਨਾਲ ਵਿਆਖਿਆ ਕੀਤੀ ਜਾਂਦੀ ਹੈ। "ਵਿਸ਼ਾਲ ਅਰਥਾਂ ਵਿਚ ਇਹ ਇਕ ਧਾਰਮਿਕ ਕ੍ਰਿਆ ਹੈ ਜਿਸਦਾ ਪ੍ਰਮਾਣਿਕ ਭਾਵ ਹੈ: ਆਪਣੇ ਹਿਰਦੇ ਨੂੰ ਉੱਚਾ ਉਠਾ ਕੇ ਈਸ਼੍ਵਰ ਵੱਲ ਲਿਜਾਣਾ ਜਾਂ ਈਸ਼੍ਵਰ ਨੂੰ ਸੰਬੋਧਨ ਕਰਕੇ ਉਸ ਦੀਆ ਗੱਲਾਂ ਕਰਨੀਆਂ। ਸੀਮਿਤ ਅਰਥਾਂ ਵਿਚ ਪ੍ਰਾਰਥਨਾ ਦਾ ਭਾਵ ਹੈ ਈਸ਼੍ਵਰ ਕੋਲੋਂ ਮੰਗ ਮੰਗਣੀ।" (Collier's Encyclopedia, Vel.15. ਪੰਨਾ 679)

ਪ੍ਰਾਰਥਨਾ ਤੋਂ ਭਾਵ ਲਏ ਜਾਂਦੇ ਹਨ: ਈਸ਼੍ਵਰ ਨੂੰ ਸੰਬੋਧਨ ਕਰਨ ਦੀ ਕ੍ਰਿਆ ਅਤੇ ਈਸ਼੍ਵਰ ਨੂੰ ਸੰਬੋਧਨ ਕਰਨ ਲਈ ਵਰਤੇ ਜਾਣ ਵਾਲੇ ਸ਼ਬਦ। ਇਹ ਸ਼ਬਦ ਨਿਸ਼ਚਿਤ ਹੋ ਸਕਦੇ ਹਨ ਅਤੇ ਸਹਿਜ ਸੁਭਾ ਉਚਾਰਣ ਕੀਤੇ ਜਾਣ ਵਾਲੇ ਵੀ। ਦੋਹਾਂ ਤਰ੍ਹਾਂ ਦੇ ਇਹ ਸ਼ਬਦ, ਜੋ ਸਮੂਹਿਕ ਤੇ ਨਿਜੀ ਰੂਪ ਦੀ ਪ੍ਰਾਰਥਨਾ ਸਮੇ ਵਰਤੇ ਜਾਂਦੇ ਹਨ, ਇਕ ਦੂਜੇ ਦੇ ਉਲਟ ਨਹੀਂ ਹੁੰਦੇ ਸਗੋਂ ਅਕਸਰ ਇਹ ਦੋਵੇਂ ਮਿਲਕੇ ਹੀ ਭਾਵਾਂ ਨੂੰ ਸੰਪੂਰਣਤਾ ਪ੍ਰਦਾਨ ਕਰਦੇ ਹਨ। (Encyclopedia Americana Vol.22P.515)

ਅਰਦਾਸ ਪ੍ਰਾਰਥਨਾ ਅਤੇ prayer ਦੇ ਭਿੰਨ ਭਿੰਨ ਕੋਸ਼ਾਂ ਅਨੁਸਾਰ ਦਿੱਤੇ ਉਪਰੋਕਤ ਅਰਥਾ ਤੋਂ ਸਪਸ਼ਟ ਹੈ ਕਿ ਸਾਧਾਰਣ ਸ਼ਬਦਾ ਵਿਚ ਕਿਸੇ ਪਰਾ-ਸਰੀਰਕ ਸ਼ਕਤੀ ਦੀ ਬਖਸ਼ਿਸ਼ ਪ੍ਰਾਪਤ ਕਰਨ ਲਈ ਅਤੇ ਆਪਣੀ ਕਿਸੇ ਪਾਸ ਇੱਛਾ ਦੀ ਪੂਰਤੀ ਲਈ ਉਸ ਅੱਗੇ ਬੇਨਤੀ ਕਰਨ ਨੂੰ ਪ੍ਰਾਰਥਨਾ ਜਾ ਅਰਦਾਸ ਕਹਿੰਦੇ ਹਨ। ਪ੍ਰਾਰਥਨਾ ਸਮੇ ਜੀਵ ਉਸ ਦੇ ਗੁਣਾ ਦਾ ਗਾਇਨ ਕਰਦਾ ਹੈ, ਉਸ ਦੀਆਂ ਦਿਤੀਆ ਦਾਤਾਂ ਨੂੰ ਚੇਤੇ ਕਰਕੇ ਸ਼ੁਕਰਾਨੇ ਦੀ ਅਵਸਥਾ ਵਿਚ ਆਉਂਦਾ ਹੈ, ਉਸ ਨਾਲ ਆਂਤ੍ਰਿਕ ਸਬੰਧ ਸਥਾਪਤ ਕਰਕੇ ਅਭੇਦਤਾ ਦੀ ਦਸ਼ਾ ਵਿਚ ਜਾਣ ਦੇ ਯਤਨ ਕਰਦਾ ਹੈ ਅਤੇ ਨਾਲ ਹੀ ਉਸ ਅੱਗੇ ਆਪਣੀਆਂ ਲੋੜਾਂ ਪੂਰੀਆ ਕਰਨ ਲਈ ਬੇਨਤੀਆਂ ਕਰਦਾ ਹੈ। ਪ੍ਰਾਰਥਨਾ ਦੀ ਸਹਾਇਤਾ ਨਾਲ ਮਹਾਨ ਸੱਤਾ ਨਾਲ ਆਤਮਿਕ ਸਬੰਧ ਸਥਾਪਿਤ ਕੀਤੇ ਜਾਂਦੇ ਹਨ ਅਤੇ ਨਾਲ ਹੀ ਉਸ ਪ੍ਰਤੀ ਆਪਣੀ ਸ਼ਰਧਾ ਤੇ ਸਤਿਕਾਰ-ਭਾਵਨਾ ਦਾ ਪ੍ਰਗਟਾਅ ਕੀਤਾ ਜਾਂਦਾ ਹੈ।

ਇਹ ਸੱਤਾ ਨੂੰ ਕਈ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ ਅਤੇ ਭਿੰਨ ਭਿੰਨ ਵਿਧੀਆ ਨਾਲ ਉਸ ਅੱਗੇ ਪ੍ਰਾਰਥਨਾ ਕੀਤੀ ਜਾਂਦੀ ਹੈ। ਪ੍ਰਾਰਥਨਾ ਦੀ ਭਾਵਨਾ ਮਨੁੱਖੀ ਸੁਭਾਵ ਵਿਚ ਇੰਨਾਂ ਪ੍ਰਬਲ ਹੈ ਕਿ ਜਿਹੜੇ ਮਤ ਸਿਧਾਂਤਕ ਪੱਖ ਤੋਂ ਅਨੀਸ਼੍ਵਰਵਾਦੀ ਮੰਨੇ ਜਾਂਦੇ ਹਨ, ਉਨ੍ਹਾਂ ਦੇ ਅਨੁਆਈ ਵੀ ਅਰਦਾਸ ਦੀ ਸ਼ਕਤੀ ਨੂੰ ਅਨੁਭਵ ਕਰਨੋਂ ਨਹੀਂ ਰਹਿ ਸਕੇ। ਉਦਾਹਰਣ ਦੇ ਤੌਰ ਤੇ ਬੁੱਧ ਮਤ ਅਨੁਸਾਰ ਸੰਸਾਰ ਦਾ ਰਚਨਹਾਰਾ ਕੋਈ ਨਹੀਂ, ਅਤੇ ਨਾ ਹੀ ਕੋਈ ਇਸ ਦਾ ਪ੍ਰਬੰਧ ਕਰਨ ਵਾਲਾ ਹੈ। ਮਹਾਤਮਾ ਬੁੱਧ ਨੇ ਧਾਰਮਿਕ ਤੇ ਨੈਤਿਕ ਆਦਰਸ਼: ਦੀ ਸੰਪੂਰਣਤਾ ਦਾ ਨਿਰਭਰ ਸ੍ਵੈ ਪੂਰਣਾ ਤੇ ਦਸਿਆ, ਇਸ ਮਤ ਅਨੁਸਾਰ ਪ੍ਰਮਾਤਮਾ ਦਾ ਕੋਈ ਮਹੱਤਵ ਨਹੀਂ ਸਮਝਿਆ ਜਾਂਦਾ। ਪਰ ਕਿਉਂਕਿ ਬੁੱਧ ਮਤ ਦਾ ਪ੍ਰਚਾਰ



www.AKJ.Org

ਮਹਾਤਮਾ ਬੁੱਧ ਦੇ ਚੋਲਾ ਤਿਆਗਣ ਦੇ ਪਿਛੋਂ ਹੀ ਕੀਤਾ ਗਿਆ ਅਤੇ ਉਸ ਸਮੇ ਤੱਕ ਬੋਧੀ ਭਿਕਸ਼ੂਆ ਨੇ ਉਸ ਨਾਲ ਆਪਣਾ ਸਬੰਧ ਗੁਰੂ ਤੇ ਚੇਲੇ ਵਾਲਾ ਸਥਾਪਿਤ ਕਰ ਲਿਆ ਸੀ, ਇਸ ਲਈ ਉਹ 'ਬੁੱਧ' ਦੀ ਪ੍ਰਾਪਤੀ ਲਈ ਮਹਾਤਮਾ ਬੁੱਧ ਅੱਗੇ ਪ੍ਰਾਰਥਨਾ ਕਰਨ ਲੱਗ ਪਏ ਸਨ। ਮਹਾਤਮਾ ਬੁੱਧ ਨੂੰ ਕੇਵਲ ਸੰਪੂਰਨ ਸ਼ਖਸੀਅਤ ਹੀ ਨਹੀਂ ਸੀ ਸਮਝਿਆ ਜਾਂਦਾ ਸਗੋਂ ਉਸ ਨੂੰ 'ਧਰਮ ਕਾਇਆਂ' (Embodiment of universal Truth) ਆਖਿਆ ਜਾਂਦਾ ਸੀ। ਸੱਚ ਦੀ ਪ੍ਰਾਪਤੀ ਲਈ ਭਿਕਸ਼ੂ ਕਈ ਤਰ੍ਹਾਂ ਦੇ ਪ੍ਰਣ ਤੇ ਪ੍ਰਾਰਥਨਾਵਾਂ ਕਰਦੇ ਸਨ। ਇਸ ਪ੍ਰਾਰਥਨਾ ਨੂੰ ਸੰਸਕ੍ਰਿਤ ਵਿਚ 'ਪ੍ਰਾਨੀ ਧਾਨ' ਪਾਲੀ ਵਿਚ 'ਪਾਨੀ ਧਾਨ' ਕਿਹਾ ਜਾਂਦਾ ਸੀ। ਪਾਲੀ ਗ੍ਰੰਥਾਂ ਵਿਚ ਪਾਨੀ ਧਾਨ ਦਾ ਭਾਵ ਹੈ ਮਨ ਪ੍ਰਜਲਿਤ ਕਰਨ ਵਾਲੀ ਕਿਸੇ ਵਸਤੂ ਜਾਂ ਵਿਚਾਰ ਉਤੇਜਿਤ ਬ੍ਰਿਤੀਆਂ ਨੂੰ ਇਕਾਗਰ ਕਰਕੇ ਸਹਿਜ ਅਵਸਥਾ ਵਿਚ ਲਿਆਉਣਾ।

ਜੈਨੀ ਵੀ ਕਿਸੇ ਅਦਿੱਖ ਸ਼ਕਤੀ ਅੱਗੇ ਬੇਨਤੀ ਨਹੀਂ ਕਰਦੇ ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਹੈ ਕਿ ਕਰਮਾਂ ਦਾ ਫਲ ਅਵੱਸ਼ ਹੀ ਭੋਗਣਾ ਪੈਂਦਾ ਹੈ। ਜੇ ਦੁੱਖ ਸੁੱਖ ਲਿਖੇ ਕਰਮਾ ਅਨੁਸਾਰ ਹੀ ਮਿਲਣੇ ਹਨ ਤਾਂ ਅਰਜੋਈਆ ਕਰਨ ਦਾ ਕੀ ਲਾਭ? ਬੁੱਧ ਮਤ ਵਾਂਗ ਜੈਨ ਮਤ ਵੀ ਅਨੀਸ਼ੁਰਵਾਦੀ ਮਤ ਹੈ। ਇਸੇ ਲਈ ਇਸ ਮਤ ਦੀ ਸਿਧਾਂਤਕ ਫਿਲਾਸਫੀ ਵਿਚ ਪ੍ਰਾਰਥਨਾ ਨੂੰ ਕੋਈ ਸਥਾਨ ਨਹੀਂ ਦਿਤਾ ਗਿਆ ਕਿ ਕਿਤੇ ਲੋਕੀ ਈਸ਼ੁਰਵਾਦੀ ਨਾ ਬਣ ਜਾਣ। ਪਰ ਇੰਨਾ ਕੁਝ ਹੁੰਦਿਆ ਹੋਇਆ ਵੀ ਵਾਤਾਵਰਨ ਤੋਂ ਪ੍ਰਭਾਵਤ ਹੋਣ ਕਰਕੇ ਜੈਨੀ ਵੀ ਪ੍ਰਾਰਥਨਾ ਦੀ ਵਰਤੋਂ ਕਰਨ ਲਗ ਪਏ ਹਨ।

ਯੂਨਾਨੀ ਫ਼ਿਲਾਸਫ਼ਰ ਪਲੈਟੋ ਨੇ ਪ੍ਰਾਈਵੇਟ ਪੂਜਾ ਸਥਾਨ ਬਣਾਉਣ ਅਤੇ ਧਾਰਮਿਕ ਰੀਤੀ ਰਿਵਾਜ ਪੂਰੇ ਕਰਨ ਦੀ ਮਨਾਹੀ ਕੀਤੀ ਹੋਈ ਸੀ ਪਰ ਪ੍ਰਾਰਥਨਾ ਦੀ ਮਹਾਨਤਾ ਨੂੰ ਉਹ ਵੀ ਅਖੋਂ ਉਹਲੇ ਨਹੀਂ ਸੀ ਕਰ ਸਕਿਆ। ਇਸੇ ਲਈ ਉਸ ਨੇ ਆਖਿਆ ਸੀ ਕਿ ਲੋਕ ਪ੍ਰਾਰਥਨਾ ਕਰਨ ਲਈ ਮੰਦਰਾ ਵਿਚ ਜਾ ਸਕਦੇ ਹਨ ਅਤੇ ਹੋਰ ਜਿਹੜਾ ਵੀ ਉਹਨ੍ਹਾਂ ਨਾਲ ਸ਼ਾਮਿਲ ਹੋਣਾ ਚਾਹੇ, ਹੋ ਸਕਦਾ ਹੈ।

ਸੰਖੇਪ ਵਿਚ, ਪ੍ਰਾਰਥਨਾ ਇਕ ਅਜਿਹੀ ਪ੍ਰਕ੍ਰਿਆ ਹੈ ਜਿਸਦੀ ਮਹਾਨਤਾ ਨੂੰ ਸੰਸਾਰ ਦੇ ਸਾਰੇ ਧਾਰਮਿਕ ਆਗੂਆਂ ਨੇ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਅਨੁਭਵ ਕੀਤਾ ਅਤੇ ਪ੍ਰਗਟਾਇਆ ਹੈ। ਵਾਸਤਵ ਵਿਚ ਇਹ ਮਨੁੱਖ ਦੀ ਯੁਕਤੀ ਪੂਰਨ, ਲਾਭਦਾਇਕ ਤੇ ਸੁਭਾਵਿਕ ਕਰਤੱਵ ਹੈ ਅਤੇ ਹੋਰ ਕਰਤਵਾ ਵਾਂਗ ਇਸ ਦੀ ਪੂਰਤੀ ਕਰਨੀ ਵੀ ਜਰੂਰੀ ਹੈ। ਇਹੋ ਕਾਰਣ ਹੈ ਕਿ ਮਨੁੱਖਤਾ ਦੇ ਬਚਪਨ ਤੇ ਪ੍ਰਾਰਥਨਾ ਕਰਨ ਵਲ ਧਿਆਨ ਜਾਣ ਲਗ ਪਿਆ ਸੀ। ਆਰੰਭ ਵਿਚ ਖ਼ਾਸ ਖ਼ਾਸ ਦੇਵਤਿਆ ਅੱਗੇ ਖ਼ਾਸ ਖ਼ਾਸ ਮਨੋਰਥਾਂ ਦੀ ਪੂਰਤੀ ਲਈ ਪ੍ਰਾਰਥਨਾ ਕੀਤੀ ਜਾਂਦੀ ਸੀ ਕਿ ਮਨੁੱਖ ਦੇ ਭਿੰਨ ਭਿੰਨ ਜੀਵਨ ਖੇਤਰ ਵਿਚ ਉਸ ਦੀਆ ਸਹਾਇਤਾ ਕਰਨ ਵਾਲੀਆ ਸ਼ਕਤੀਆਂ ਭਿੰਨ ਭਿੰਨ ਹਨ। ਕੋਈ ਦੇਵਤਾ ਬਿਮਾਰੀ ਦੂਰ ਕਰਦਾ ਹੈ, ਕੋਈ ਭੂਤ ਪ੍ਰੇਤ ਵਸ ਵਿਚ ਕਰਦਾ ਹੈ, ਕੋਈ ਮਾਇਆ ਪ੍ਰਾਪਤੀ ਵਿਚ ਸਹਾਇਤਾ ਕਰਦਾ ਹੈ। ਸੋ ਜਿਸ ਪ੍ਰਕਾਰ ਦੀ ਜਿਸ ਸਮੇ ਲੋੜ ਹੁੰਦੀ ਹੈ, ਉਸ ਅਨੁਸਾਰ ਹੀ ਦੇਵਤੇ ਦੀ ਚੋਣ ਕਰਕੇ ਉਸ ਅੱਗੇ ਬੇਨਤੀ ਜਾਂ ਯਾਚਨਾ ਕੀਤੀ ਜਾਂਦੀ ਸੀ। ਬੇਨਤੀ ਕਰਨ ਦਾ ਅਧਿਕਾਰ ਵੀ ਹਰ ਇਕ ਨੂੰ ਨਹੀ ਸੀ ਹੁੰਦਾ, ਕਿਉਂਕਿ ਆਮ ਮਨੁੱਖ ਦੀ ਏਨੀ ਜਾਣਕਾਰੀ ਨਹੀ ਸੀ ਹੁੰਦੀ ਕਿਸ ਦੇਵਤੇ ਕੋਲ ਕਿਹੜੀਆਂ ਸ਼ਕਤੀਆਂ ਹਨ। ਪੁਰੋਹਿਤ ਜਾਂ ਪਾਦਰੀ ਸ਼੍ਰੇਣੀ ਦੇ ਲੋਕਾਂ ਕੋਲ ਹੀ ਇਸ ਪ੍ਰਕਾਰ ਦਾ ਗਿਆਨ ਭੰਡਾਰ ਹੁੰਦਾ ਸੀ। ਸੋ ਜਦੋ ਵੀ ਬੇਨਤੀ ਕਰਨ ਦਾ ਕੋਈ ਵਿਸ਼ੇਸ਼ ਅਵਸਰ ਹੁੰਦਾ ਸੀ, ਤਾਂ ਉਪਰੋਕਤ ਸ਼੍ਰੇਣੀ ਦੇ ਕਿਸੇ ਵਿਅਕਤੀ ਨੂੰ ਨਿਮੰਤ੍ਰਿਤ ਕੀਤਾ ਜਾਂਦਾ ਸੀ, ਅਤੇ ਇਹ ਕਾਰਜ ਕਰਾਉਣ ਤੇ ਉਸ ਨੂੰ ਕੁਝ ਨਾ ਕੁਝ ਅਵੱਸ਼ ਹੀ ਭੇਟ ਕੀਤਾ ਜਾਂਦਾ ਸੀ। ਸਮਾਂ ਪਾ ਕੇ ਅਨੇਕ ਦੇਵ ਪੂਜਾ ਦੀ ਥਾਂ ਇਕ ਮਹਾਨ ਸੱਤਾ ਅੱਗੇ ਪ੍ਰਾਰਥਨਾ ਕੀਤੀ ਜਾਣ ਲੱਗ ਪਈ। ਇਸ ਮਹਾਨ ਸੱਤਾ ਨੂੰ ਵਖੋ ਵਖ ਧਰਮਾਂ ਵਾਲਿਆ ਨੇ ਵਖੋ ਵਖ ਰੂਪਾਂ ਵਿਚ ਵੇਖਿਆ। ਕੋਈ ਯਸੂਹ ਅਗੇ ਬੇਨਤੀਆਂ ਕਰਦਾ, ਕੋਈ ਰਾਮ ਅਤੇ ਕ੍ਰਿਸ਼ਨ ਅੱਗੇ। ਕਿਸੇ ਹੋਰ ਨੇ ਹਜ਼ਰਤ ਮੁਹੰਮਦ ਦੀ ਓਟ ਲੈ ਲਈ। ਪਰ ਅਦਿੱਖ ਸ਼ਕਤੀ ਦੇ ਇਨ੍ਹਾਂ ਸ਼ਖਸ਼ੀ ਰੂਪਾਂ ਤੋਂ ਉਪਰੰਤ ਲਗਭਗ ਸਾਰੇ ਧਰਮਾਂ ਨੇ 'ਇਕ ਸੱਤਾ' ਅਰਥਾਤ ਈਸ਼੍ਵਰ ਦੀ ਹੋਂਦ ਨੂੰ ਵੀ ਸ੍ਵੀਕਾਰ ਕੀਤਾ, ਭਾਵੇ ਉਸਦਾ ਨਾਮ ਕੁਝ ਵੀ ਕਿਉਂ ਨਾ ਰਖ ਲਿਆ ਹੋਵੇ।

ਜਿਸ ਤਰ੍ਹਾਂ ਈਸ਼੍ਵਰ ਨੂੰ ਭਿੰਨ ਭਿੰਨ ਰੂਪਾਂ ਵਿਚ ਪ੍ਰਤੀਤ ਕੀਤਾ ਗਿਆ ਹੈ ਅਤੇ ਉਸਦੇ ਨਾਮ ਵੀ ਵਖੋ ਵਖਰੇ ਹੀ ਨਿਸ਼ਚਿਤ ਕੀਤੇ ਗਏ ਹਨ, ਉਸ ਤਰ੍ਹਾਂ ਈਸ਼੍ਵਰ ਅੱਗੇ ਪ੍ਰਾਰਥਨਾ ਕਰਨ ਦੇ ਢੰਗ ਤੇ ਨੇਮ ਵੀ ਅੱਡੋ ਅੱਡਰੇ ਹਨ। ਯਹੂਦੀ ਪ੍ਰਾਰਥਨਾ ਨੂੰ ਵਿਅਕਤੀਗਤ ਰੂਪ ਹੀ ਦੇਂਦੇ ਹਨ। ਹਰੇਕ ਵਿਅਕਤੀ, ਆਪਣੇ ਲਈ ਪ੍ਰਾਈਵੇਟ ਤੌਰ ਤੇ ਆਪ ਪ੍ਰਾਰਥਨਾ ਕਰ ਸਕਦਾ ਹੈ, ਪਰੰਤੂ ਪੂਜਾ ਕਰਨ ਲਈ ਉਹ ਬਹੁਤ ਸਾਰੇ ਇਕਠੇ ਹੋ ਜਾਂਦੇ ਹਨ। ਇਸਲਾਮੀ ਰਵਾਇਤਾਂ ਅਨੁਸਾਰ ਨਿੱਜੀ ਤੇ ਪ੍ਰਾਈਵੇਟ ਪ੍ਰਾਰਥਨਾ ਦਿਨ ਵਿਚ ਪੰਜ ਵਾਰੀ ਕੀਤੀ ਜਾਂਦੀ ਹੈ, ਪਰ ਜਨਤਕ ਇਕੱਠ ਵਿਚ ਸਾਰਿਆਂ ਲਈ ਪ੍ਰਾਰਥਨਾ ਕਰਨ ਵਾਸਤੇ ਸ਼ੁਕਰਵਾਰ ਦਾ ਦਿਨ ਨੀਅਤ ਕੀਤਾ ਹੋਇਆ


www.AKJ.Org

ਹੈ। ਇਸਲਾਮ ਦੇ ਅਰੰਭ ਤੋਂ ਹੀ ਇਕ ਰਸਮੀ ਪ੍ਰਾਰਥਨਾ ਚਲੀ ਆ ਰਹੀ ਹੈ ਜਿਸ ਨੂੰ 'ਸਲਾਤ' ਕਹਿੰਦੇ ਹਨ। ਸਲਾਤ ਸਮੇਂ ਪ੍ਰਾਰਥਕ ਇਕ ਵਿਸ਼ੇਸ਼ ਪ੍ਰਕਾਰ ਦੀ ਪਵਿੱਤ੍ਰ ਮਾਨਸਿਕ ਅਵਸਥਾ ਵਿਚ ਹੁੰਦਾ ਹੈ ਜਿਸ ਨੂੰ 'ਇਹਰਾਮ' ਦੀ ਅਵਸਥਾ ਕਿਹਾ ਜਾਂਦਾ ਹੈ। ਪ੍ਰਾਰਥਕ ਜਾਂ ਅਰਦਸੀਏ ਨੂੰ ਇਸ ਸਮੇਂ, ਵਿਸ਼ੇਸ਼ ਕਰਕੇ ਜੇ ਉਹ ਇਸਤਰੀ ਹੋਵੇ ਤਾਂ, ਆਪਣਾ ਸਾਰਾ ਸਰੀਰ ਕਜਣਾ ਪੈਂਦਾ ਹੈ ਤਾਂ ਜੋ ਮੈਲੀਆਂ ਨਜ਼ਰਾਂ ਤੋਂ ਬਚਿਆ ਰਹਿ ਸਕੇ। ਉਸਦੇ ਚਿਹਰੇ ਤੇ ਹੱਥਾਂ ਤੋਂ ਬਿਨਾ ਹੋਰ ਕੋਈ ਵੀ ਅੰਗ ਅਣਕਜਿਆ ਨਹੀਂ ਹੁੰਦਾ ਅਤੇ ਉਹ ਹਰ ਤਕਬੀਰ ਸਮੇਂ ਹੱਥ ਉਚੇ ਕਰਦਾ ਹੈ।

ਇਹ ਠੀਕ ਹੈ ਸਾਰੇ ਧਰਮਾਂ ਵਿਚ ਪ੍ਰਾਰਥਨਾ ਜਾਂ prayer ਦੀ ਬੜੀ ਵਿਸ਼ੇਸ਼ਤਾ ਅਨੁਭਵ ਕੀਤੀ ਗਈ ਹੈ ਪਰ ਸਿੱਖ ਪੰਥ ਵਿਚ ਅਰਦਾਸ ਦਾ ਜੋ ਸਰੂਪ ਹੈ ਉਹ ਆਪਨੀ ਵਿਸ਼ੇਸ਼ ਵਿੱਲਖਣਤਾ ਰਖਦਾ ਹੈ। ਆਤਮਾ ਦਾ ਪਰਮ ਸੱਤਾ ਨਾਲ ਸਬੰਧ ਜੋੜਨ ਲਈ ਸਿੱਖ ਗੁਰਬਾਣੀ ਪੜ੍ਹਦਾ, ਸੁਣਦਾ ਤੇ ਵਿਚਾਰਦਾ ਹੈ, ਗੁਰਬਾਣੀ ਦੁਆਰਾ ਉਸਦੇ ਗੁਣਾਂ ਦਾ ਗਾਇਨ ਕਰਦਾ ਹੈ ਅਤੇ ਸਿਮਰਨ ਅਭਿਆਸ ਵਿਚ ਜੁੜ ਕੇ ਉਸ ਨੂੰ ਆਪਣੇ ਅੰਦਰ ਵਸਾਉਂਦਾ ਹੈ। ਇਹ ਸਾਰਾ ਕੁਝ ਕਰਦਿਆਂ ਹੋਇਆਂ ਉਹ ਗੁਰਬਾਣੀ ਦੇ ਸ਼ਬਦਾਂ ਰਾਹੀਂ ਉਸਦੀ ਉਚੱਤਾ ਤੇ ਆਪਣੀ ਤੁੱਛਤਾ ਦਾ ਵਰਨਣ ਕਰਦਾ ਹੈ ਅਤੇ ਬਾਣੀ ਦੀ ਸਹਾਇਤਾ ਨਾਲ ਹੀ ਉਸ ਕੋਲੋਂ ਭਿੰਨ ਭਿੰਨ ਪਕਾਰ ਦੀਆਂ ਮੰਗਾਂ ਮੰਗਦਾ ਹੈ।

'ਜਪ ਮਨ ਸਤਿਨਾਮ ਸਦਾ ਸਤਿ ਨਾਮ। ਹਲਤਿ ਪਲਤਿ ਮੁਖ ਉਜਲ ਹੋਈਹੈ ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ।' ਦੇ ਉਪਦੇਸ਼ ਨੂੰ ਉਹ ਆਪਣੇ ਜੀਵਨ ਦਾ ਅੰਗ ਬਣਾਉਂਦਾ ਹੈ। ਇਸ ਤਰ੍ਹਾਂ ਨਾਮ ਜਪਣ, ਚਿਤ ਬ੍ਰਿਤੀਆਂ ਨੂੰ ਇਕਾਗਰ ਕਰਕੇ ਬਾਣੀ ਦਾ ਪਾਠ ਕਰਨ ਜਾਂ ਸੰਗਤ ਵਿਹ ਜੁੜ ਕੇ ਗੁਰਬਾਣੀ ਦੇ ਕੀਰਤਨ ਵਿਚ ਲਿਵ ਜੋੜਨ ਦੀ ਕ੍ਰਿਆ ਨੂੰ ਪ੍ਰਾਰਥਨਾ ਤਾਂ ਕਹਿ ਸਕਦੇ ਹਾਂ, ਇਸ ਨੂੰ prayer ਦਾਂ ਨਾਂ ਵੀ ਦਿਤਾ ਜਾ ਸਕਦਾ ਹੈ ਪਰ ਅਰਦਾਸ ਇਕ ਤਕਨੀਕੀ ਸ਼ਬਦ ਹੈ ਜਿਸ ਦੀ ਪਰਿਭਾਸ਼ਾ ਇਸ ਪ੍ਰਕ੍ਰਿਆ ਤੋਂ ਕੁਝ ਸੂਖਮ ਜਿਹੀ ਭਿੰਨਤਾ ਰਖਦੀ ਹੈ। ਸਿਖ ਨਾਮ ਜਪੇ, ਸਿਮਰਨ ਅਭਿਆਸ ਵਿਚ ਲੀਨ ਹੋਵੇ, ਗੁਰਬਾਣੀ ਦਾ ਪਾਠ ਜਾਂ ਕੀਰਤਨ ਕਰੇ ਜਾਂ ਸੁਣੇ। ਗੁਰਮਤ ਸਿਧਾਤਾਂ ਬਾਰੇ ਵਿਚਾਰ ਕਰੇ; ਪਰ ਇਹ ਸਾਰਾ ਕੁਝ ਕਰਨ ਉਪਰੰਤ ਉਸ ਲਈ ਹੁਕਮ ਹੈ ਕਿ -

-'ਦੁਇ ਕਰਿ ਜੋੜਿ ਕਰਹੁ ਅਰਦਾਸਿ'

'ਤਿਸਹਿ ਅਗੈ ਨਾਨਕਾ ਖਲਹਿ ਕੀਚਹਿ ਅਰਦਾਸਿ'

ਹਥ ਜੋੜ ਕੇ ਗੁਰੂ ਤੇ ਵਾਹਿਗੁਰੂ ਦੀ ਹਜ਼ੂਰੀ ਵਿਚ ਖੜੇ ਹੋਣਾ, ਉਸ ਅਕਾਲ ਪੁਰਖ ਦਾ ਕੋਟਾਨ ਕੋਟ ਧੰਨਵਾਦ ਕਰਨਾ ਜਿਸ ਦੀਆਂ ਮਿਹਰਾਂ ਤੇ ਬਖਸ਼ਿਸ਼ਾਂ ਸਦਕਾ ਉਸ ਨੇ ਆਪਣੇ ਜੀਵਨ ਦਾ ਕੁਝ ਸਮਾ ਉਸ ਦੀ ਯਾਦ ਵਿਚ ਬਿਤਾਇਆ, ਗੁਰਬਾਣੀ ਦਾ ਪਾਠ ਤੇ ਗਾਇਨ ਕਰਦਿਆਂ ਹੋਈਆਂ ਭੁੱਲਾਂ ਬਖਸ਼ਾਉਣ ਲਈ ਬੇਨਤੀ ਕਰਨੀ ਅਤੇ ਬਾਣੀ ਦਾ ਭਾਵ ਹਿਰਦੇ ਵਿਚ ਵਸਾਉਣ ਦੀ ਸਮਰਥਾ ਪਰਾਪਤ ਕਰਨ ਲਈ ਜੋਦੜੀਆਂ ਕਰਨੀਆਂ, ਅਗੋਂ ਲਈ ਵੀ ਆਪਣਾ ਸਮਾਂ ਉਸ ਦੀ ਯਾਦ ਵਿਚ ਤੇ ਸ਼ੁਭ ਕਰਮਾ ਵਿਚ ਬਿਤਾਉਣ ਦੀ ਮੰਗ ਮੰਗਣੀ ਆਦਿ ਉਸ ਦੀ ਅਰਦਾਸ ਦੇ ਵਿਸ਼ੇ ਹੁੰਦੇ ਹਨ।

ਅਰਦਾਸ ਨਿੱਜੀ ਵੀ ਹੁੰਦੀ ਹੈ ਤੇ ਸਮੂਹਕ ਵੀ। ਸੰਗਤ ਅਰਦਾਸ ਵਿਚ ਜੁੜਕੇ ਕੀਤੀ ਜਾਣ ਵਾਲੀ ਸਮੂਹਕ ਅਰਦਾਸ ਨੂੰ ਪੰਥ ਦੀ ਸ਼੍ਰੋਮਣੀ ਜੱਥੇ ਬੰਦੀ ਨੇ ਇਕ ਨਿਸ਼ਚਿਤ ਰੂਪ ਦੇ ਦਿੱਤਾ ਹੈ ਜਿਸ ਵਿਚ ਲੋੜ ਅਨੁਸਾਰ ਵਾਧਾ ਘਾਟਾ ਤਾ ਕਰ ਲਿਆ ਜਾਂਦਾ ਹੈ ਪਰ ਉਸ ਦੀ ਬਾਹਰਲੀ ਰੂਪ ਰੇਖਾ ਉਹ ਹੀ ਰਹਿੰਦੀ ਹੈ। ਪ੍ਰਿਥਮ ਭਗੌਤੀ ਸਿਮਰਣ ਪਿਛੋਂ ਦਸਾਂ ਗੁਰੂ ਸਾਹਿਬਾਂ ਨੂੰ ਚੇਤੇ ਕਰਕੇ, ਗੁਰੂ ਗ੍ਰੰਥ ਸਾਹਿਬ ਦੇ ਪਾਠ ਦੀਦਾਰ ਦਾ ਧਿਆਨ ਕਰਨ ਉਪਰੰਤ ਇਤਿਹਾਸਕ ਘਟਨਾਵਾਂ ਨੂੰ ਚੇਤੇ ਕਰਦਿਆਂ ਸ਼ਹੀਦ ਸਿੰਘਾਂ ਸਿੰਘਣੀਆਂ ਦੇ ਕਾਰਨਾਮੇ ਦੁਹਰਾਏ ਜਾਂਦੇ ਹਨ ਤਾਂ ਜੋ ਮਨ ਸਿਦਕ ਤੇ ਭਰੋਸੇ ਵਿਚ ਪਰਿਪੱਕ ਹੋ ਸਕੇ, ਗੁਰਧਾਮਾਂ ਦਾ ਵਰਣਨ ਕਰਕੇ ਗੁਰਮਤ ਦੇ ਪ੍ਰੇਰਕ ਸ੍ਰੋਤਾ ਪ੍ਰਤੀ ਸ਼ਰਧਾ ਭਾਵਨਾ ਨੂੰ ਹੋਰ ਵਧੇਰੇ ਦ੍ਰਿੜ ਕੀਤਾ ਜਾਂਦਾ ਹੈ, ਫਿਰ ਸਰਬੱਤ ਖਾਲਸੇ ਲਈ ਸਿੱਖੀ ਦਾਨ, ਰਹਿਤ ਦਾਨ ਤੇ ਨਾਮ ਦਾਨ ਆਦਿ ਦੀ ਮੰਗ ਕੀਤੀ ਜਾਂਦੀ ਹੈ। ਖਾਲਸਾ ਕੇਵਲ ਸੰਤ ਨਹੀਂ, ਸਿਪਾਹੀ ਵੀ ਹੈ, ਉਸ ਨੇ ਕਿਰਤ ਕਰਨੀ ਤੇ ਫਿਰ ਵੰਡ ਕੇ ਛਕਣਾ ਹੁੰਦਾ ਹੈ, ਇਸੇ ਲਈ ਨਾਮ ਦੀ ਦਾਤ ਮੰਗਣ ਦੇ ਨਾਲ ਨਾਲ ਦੇਗ ਤੇ ਤੇਗ਼ ਦੀ ਫਤਹਿ ਲਈ ਅਰਜ਼ੋਈ ਕਰਨੀ ਵੀ ਜ਼ਰੂਰੀ ਹੈ। ਸਿਖ ਅਪਣਾ ਨਹੀਂ ਸਗੋਂ ਸਰਬਤ ਦਾ ਭਲਾ ਮੰਗਦਾ ਹੈ, ਆਪਣੇ ਆਪ ਨੂੰ ਸੰਸਾਰਕ ਵਿਸ਼ਿਆਂ ਤੋਂ ਉੱਚਾ ਰੱਖਣ ਲਈ ਅਕਾਲ ਪੁਰਖ ਕੋਲੋਂ ਸ਼ਕਤੀ ਦੀ ਮੰਗ ਕਰਦਾ, ਭਲੇ ਪੁਰਸ਼ਾਂ ਦੇ ਮੇਲ ਲਈ ਤਾਂਘਦਾ ਅਤੇ ਸ੍ਵਾਸ ਸ੍ਵਾਸ ਨਾਮ ਜਪਣ ਦੀ ਸਮਰਥਾ ਪ੍ਰਾਪਤ ਕਰਨ ਲਈ ਜੋਦੜੀਆਂ ਕਰਦਾ ਹੈ। ਇਹ ਸਭ ਕੁਝ ਕਰਦਿਆਂ ਹੋਇਆਂ ਉਹ ਬਾਣੀ ਵਿਚੋਂ ਆਪਣੇ ਮਨ ਦੀ ਅਵਸਥਾ ਅਨੁਸਾਰ ਤੁਕਾਂ ਦੀ ਚੋਣ ਕਰ ਕੇ ਉਸ ਦੀਆਂ ਵਡਿਆਈਆਂ ਤੇ ਆਪਣੇ ਔਗੁਣਾਂ ਦਾ ਵਰਣਨ ਕਰਦਾ ਹੋਇਆ ਉਸਦੀ ਬਖਸ਼ਿਸ਼ ਦੀ ਪ੍ਰਾਪਤੀ ਲਈ ਤਰਲੇ ਲੈਂਦਾ ਹੈ, ਹਾੜ੍ਹੇ ਕਢਦਾ ਹੈ। ਲੋੜ ਅਨੁਸਾਰ ਆਪਣੇ ਸੰਸਾਰਕ ਕਾਰਜਾਂ ਦੀ ਪੂਰਤੀ ਲਈ ਸਹਾਇਤਾ ਦੀ ਮੰਗ ਕਰ ਲੈਂਦਾ ਹੈ ਪਰ


www.AKJ.Org

ਅੰਤਿਮ ਉਦੇਸ਼ 'ਸਰਬਤ ਦਾ ਭਲਾ' ਹੀ ਹੁੰਦਾ ਹੈ।

ਉਪਰੋਕਤ ਰੂਪ ਰੇਖਾ ਵਾਲੀ ਅਰਦਾਸ ਸਮੂਹਕ ਹੁੰਦਿਆਂ ਹੋਇਆਂ ਨਿੱਜੀ ਵੀ ਹੁੰਦੀ ਹੈ। ਸਿਖ ਸੰਗਤ ਵਿਚ ਜੁੜਿਆ ਹੋਵੇ ਜਾਂ ਇਕਲਾ ਅਰਦਾਸ ਉਸ ਨੇ ਇਸੇ ਤਰ੍ਹਾਂ ਕਰਨੀ ਹੁੰਦੀ ਹੈ। ਪਰ ਇਕਲਾ ਹੁੰਦਿਆਂ ਹੋਇਆਂ ਉਸ ਨੂੰ ਇੰਨੀ ਕੁ ਖੁਲ੍ਹ ਹੁੰਦੀ ਹੈ ਕਿ ਉਹ ਲੋੜ ਅਨੁਸਾਰ ਅਰਦਾਸ ਨੂੰ ਛੋਟਾ ਵਡਾ ਰੂਪ ਦੇ ਲਵੇ। ਕਈ ਵਾਰੀ ਉਸ ਦਾ ਮਨ ਇੰਨਾਂ ਬਿਹਬਲ ਹੁੰਦਾ ਹੈ ਕਿ ਉਹ ਅਰਦਾਸ ਕਰਦਾ ਹੋਇਆ ਆਪਾ ਹੀ ਭੁਲ ਜਾਂਦਾ ਹੈ ਤੇ ਉਸ ਲਈ ਸਮੇਂ ਦੀ ਹਦਬੰਦੀ ਕੋਈ ਅਰਥ ਹੀ ਨਹੀਂ ਰਖਦੀ। ਅਰਦਾਸ ਦਾ ਸ਼ਾਬਾਦਿਕ ਰੂਪ ਕੁੱਝ ਵੀ ਪਿਆ ਹੋਵੇ, ਉਸ ਨੇ ਤਾਂ ਜੋਦੜੀਆਂ ਕਰਨੀਆਂ ਹਨ, ਕਰੀ ਜਾਂਦਾ ਹੈ। ਸਤਿਗੁਰੂ ਤੇ ਵਾਹਿਗੁਰੂ ਨੂੰ ਸੰਬੋਧਨ ਕਰਦਿਆਂ ਉਹ ਕਿਹੜੇ ਸ਼ਬਦਾਂ ਦੀ ਵਰਤੋਂ ਕਰਦਾ ਹੈ, ਇਸ ਦਾ ਬਹੁਤਾ ਮਹੱਤਵ ਨਹੀਂ, ਅਸਲੀ ਸ਼ੈ ਹੈ ਮਨ ਦੀ ਭਾਵਨਾ, ਸ਼ਰਧਾ ਬ੍ਰਿਤੀ ਸਿਦਕ ਦੇ ਭਰੋਸਾ। ਅਜਿਹੇ ਸਮੇਂ ਕਈ ਵਾਰ ਉਹ ਹਥ ਜੋੜ ਕੇ ਖੜੇ ਹੋਣ ਦੇ ਅਸੂਲ ਨੂੰ ਵੀ ਭੁੱਲ ਜਾਂਦਾ ਹੈ, ਉਹ 'ਮੇਲ ਲੇਹੁ ਦਇਆਲ ਢਹਿ ਪਏ ਦੁਆਰਿਆ' ਕਹਿੰਦਾ ਹੀ ਨਹੀਂ ਸਗੋਂ ਸਚੀ ਮੁਚੀ ਹੀ ਉਸ ਦੇ ਦਰ ਤੇ ਢਹਿ ਪੈਂਦਾ ਹੈ। ਅਰਦਾਸ ਕਰਨ ਪਿਛੋਂ ਜਦੋਂ ਉਹ ਸਾਵਧਾਨ ਹੁੰਦਾ ਹੈ ਤਾਂ ਉਹ ਆਪਣੇ ਆਪ ਨੂੰ ਹੌਲਾ ਫੁਲ ਅਨੁਭਵ ਕਰਦਾ ਹੈ, ਜਿਵੇਂ ਮਨ ਤੋਂ ਮਣਾਂ ਮੂੰਹੀ ਭਾਰ ਲਹਿ ਗਿਆ ਹੋਵੇ।

ਅਰਦਾਸ ਉਸ ਨੂੰ ਗੁਰੂ ਦੇ ਸਨਮੁੱਖ ਲਿਆ ਖੜਾ ਕਰਦੀ ਹੈ, ਇਸ ਤਰਾਂ ਉਹ ਆਪਣੇ ਆਪ ਨੂੰ ਇਕਲਾ ਨਹੀਂ ਸਮਝਦਾ। ਅੰਤਾਂ ਦੀ ਸ਼ਕਤੀ ਉਸ ਅੰਦਰ ਪ੍ਰਵੇਸ਼ ਕਰ ਜਾਂਦੀ ਹੈ ਜਿਸ ਦੇ ਆਸਰੇ ਉਹ ਸੰਸਾਰ ਦੀਆਂ ਮਹਾਨ ਸ਼ਕਤੀਆਂ ਨੂੰ ਤੁਛ ਸਮਝਣ ਲਗ ਜਾਂਦਾ ਹੈ। ਜੇ ਗੁਰਪ੍ਰਮੇਸ਼ਰ 'ਵੱਲ' ਹੋਵੇ ਤਾਂ ਕਿਸੇ ਦੀ ਕਾਹਦੀ ਪਰਵਾਹ-

ਜਾ ਤੂ ਮੇਰੈ ਵਲ ਹੈ ਤਾ ਕਿਆ ਮੁਹ ਛੰਦਾ।
ਤੁਧੁ ਸਭ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ।

ਸੋ ਸਿਖ ਦੀ ਅਰਦਾਸ ਨਿਜੀ ਵੀ ਹੈ ਤੇ ਸਮੂਹਕ ਵੀ। ਉਸ ਨੂੰ ਅਰਦਾਸ ਕਰਨ ਜਾਂ ਕਰਾਉਣ ਲਈ ਕਿਸੇ ਪਾਦਰੀ ਜਾਂ ਪਰੋਹਿਤ ਦੀ ਲੋੜ ਨਹੀਂ ਕਿਉਂਕਿ ਅਸਲੀ ਅਰਦਾਸ ਤਾਂ ਉਸ ਦੇ ਮਨ ਦੀ ਹੂਕ ਹੈ ਜੋ ਦਰਗਾਹੇ ਅਵਸ਼ ਸੁਣੀ ਜਾਂਦੀ ਹੈ।

ਪ੍ਰਭੂ ਨਿਰਗੁਣ ਸਰੂਪ ਹੈ, ਨਿਰਾਕਾਰ ਹੈ, ਕਰੋੜਾਂ ਸਰੀਰਾਂ ਵਾਲਾ ਹੁੰਦਿਆਂ ਹੋਇਆਂ ਵੀ ਉਸ ਦਾ ਕੋਈ ਸਰੀਰ ਨਹੀਂ, ਹਥ, ਅਖਾਂ, ਕੰਨ ਸਭ ਉਸ ਕੋਲ ਹਨ ਪਰ ਫਿਰ ਵੀ ਉਹ ਨਿਰਆਕਾਰ ਹੈ, ਉਸ ਦਾ ਕੋਈ ਸਥੂਲ ਰੂਪ ਨਹੀਂ। ਉਹ ਆਪਣੇ ਸੂਖਸ਼ਮ ਰੂਪ ਵਿਚ 'ਘਟ ਘਟ ਵਾਸੀ, ਸਰਬ ਨਿਵਾਸੀ' ਬਣ ਕੇ ਸੰਸਾਰ ਵਿਚ ਆਪਣੀ ਕਲਾ ਵਰਤਾ ਰਿਹਾ ਹੈ; ਪਰੰਤੂ ਸਥੂਲ ਦੇਹ ਵਿਚ ਨਿਵਾਸ ਕਰਨ ਵਾਲਾ ਜੀਵ ਉਸ ਦੇ ਇਸ ਸੂਖਮ ਰੂਪ ਨੂੰ ਅਨੁਭਵ ਨਹੀਂ ਕਰ ਸਕਦਾ ਉਸ ਦੇ ਦਰਸ਼ਨਾਂ ਲਈ ਤਾਂਘਦਾ ਹੈ ਪਰ ਦਰਸ਼ਨ ਹੁੰਦੇ ਨਹੀਂ ਕਿਉਂਕਿ ਦੇਹ ਧਾਰੀ ਜੀਵ ਕੋਲ ਉਹ ਅੱਖਾਂ ਨਹੀਂ ਹਨ ਜਿਹਨਾਂ ਨਾਲ ਉਸ ਨੂੰ ਵੇਖ ਸਕੇ।

ਉਹ ਇਹਨਾਂ ਅੱਖਾਂ ਨਾਲ ਨਹੀਂ ਦਿਸਦਾ- 'ਨਾਨਕ ਸੇ ਅਖੜੀਆ ਬਿਅੰਨ ਜਿੰਨੀ ਦਿਸੰਦੋ ਮਾ ਪਿਰੀ'। ਅਰਦਾਸ ਹੀ ਇਕ ਅਜੇਹੀ ਸ਼ਕਤੀ ਹੈ ਜੋ ਪ੍ਰਭੂ ਨਾਲ ਜੀਵ ਦਾ ਮੇਲ ਕਰਵਾ ਸਕਦੀ ਹੈ। ਇਹ ਇਕ ਡੋਰੀ ਹੈ ਜੋ ਪ੍ਰਭੂ ਤੇ ਜੀਵ ਦਾ ਸਬੰਧ ਜੋੜਦੀ ਹੈ। ਇਸ ਡੋਰੀ ਨੂੰ ਘੁਟ ਕੇ ਫੜਨ ਵਾਲਾ ਉਸ ਸਚੀ ਦਰਗਾਹ ਵਿਚ ਜਾ ਪਹੁੰਚਦਾ ਹੈ। ਜਦੋਂ ਇਕ ਮਨ, ਇਕ ਚਿਤ ਹੋ ਕੇ ਅਰਦਾਸ ਕੀਤੀ ਜਾਂਦੀ ਹੈ ਤਾਂ ਜੀਵ ਦੀ ਬਿਰਤੀ ਉਸ ਪ੍ਰਭੂ ਦੇ ਚਰਨਾਂ ਨਾਲ ਜੁੜਦੀ ਹੈ। ਇਸ ਤਰ੍ਹਾਂ ਉਹ ਆਪਣੇ ਆਪ ਨੂੰ ਉਸ ਨਾਲੋਂ ਵਖਰਾ ਪ੍ਰਤੀਤ ਨਹੀਂ ਕਰਦਾ। ਸੋ ਅਰਦਾਸ ਪ੍ਰਭੂ ਨਾਲ ਮਿਲਾਪ ਦਾ ਇਕ ਵਸੀਲਾ ਹੈ।

ਜਦੋਂ ਹਿਰਦੇ ਵਿਚੋਂ ਅਜਦਾਸ ਦੀ ਭਾਵਨਾ ਉਪਜਦੀ ਹੈ ਤਾਂ ਸਿਖ ਆਪਣਾ ਤਨ, ਮਨ, ਧਨ ਉਸ ਦੇ ਅਰਪਣ ਕਰਕੇ ਉਸ ਦਾ 'ਬੰਦਾ' ਬਣ ਕੇ ਉਸ ਦੇ ਸਨਮੁਖ ਖਲੋ ਕੇ ਜੋਦੜੀਆਂ, ਬੇਨਤੀਆ ਤੇ ਅਰਜ਼ੋਈਆਂ ਕਰਦਾ ਹੈ। ਆਪਣੇ ਕੀਤੇ ਕੁਕਰਮਾਂ ਦਾ ਪਸਚਾਤਾਪ ਕਰਕੇ ਅਗੇ ਤੋਂ ਸ਼ੁਭ ਕਰਮ ਕਰਨ ਦੀ ਸਮਰਥਾ ਦੀ ਮੰਗ ਕਰਦਾ ਹੈ। ਉਹ ਆਪ ਮੁਹਾਰੇ ਬੋਲ ਉਠਦਾ ਹੈ :-

-'ਜੇਤਾ ਸਮੁੰਦ ਸਾਗਰ ਨੀਰ ਭਰਿਆ
ਤੇਤੇ ਅਉਗੁਣ ਹਮਾਰੇ।'
-'ਹਮਰੋ ਸਹਾਉ ਸਦਾ ਸਦ ਭੂਲਨ
ਤੁਮਰੋ ਬਿਰਦ ਪਤਿਤ ਉਧਰਨ।'

ਉਸ ਦੇ ਅਗੇ ਕੀਤੀ ਅਜੇਹੀ ਜੋਦੜੀ ਕਦੇ ਅਜਾਈਂ ਨਹੀਂ ਜਾਂਦੀ, ਕਿਉਂਕਿ :-

ਪਿਤਾ ਕਿਰਪਾਲ ਆਗਿਆ ਇਹ ਕੀਨੀ
ਬਾਰਿਕ ਮੁਖ ਮਾਗੇ ਸੋ ਦੇਨਾ।

ਉਹ ਮੂੰਹ ਮੰਗੀਆਂ ਤਾਂ ਕੀ ਅਣਮੰਗੀਆਂ ਦਾਤਾਂ ਵੀ ਦੇਂਦਾ ਹੈ ਪਰ ਲੋੜ ਹੈ ਉਸ ਦੇ ਬਾਰਿਕ ਬਣਨ ਦੀ ਉਸ ਦੀ ਸ਼ਰਨ ਆਉਣ ਦੀ ' *ਸ਼ਰਨ ਆਏ ਤਿਸ ਕੰਠ ਲਾਏ ਇਹ ਬਿਰਦ ਸੁਆਮੀ ਸੰਦਾ।'*


www.AKJ.Org

ਹੁਣ ਪ੍ਰਸ਼ਨ ਉਠਦਾ ਹੈ ਕਿ ਅਰਦਾਸ ਕਿਸ ਮਨੋਰਥ ਲਈ ਕੀਤੀ ਜਾਣੀ ਚਾਹੀਦੀ ਹੈ ? ਸਿਖ ਦਾ ਜੀਵਨ ਸਰਬ ਪੱਖੀ ਜੀਵਨ ਹੈ। ਉਹ ਅਧਿਆਤਕ ਮਾਰਗ ਦੇ ਪਾਂਧੀ ਹੁੰਦਿਆਂ ਹੋਇਆਂ ਨਾਲ ਨਾਲ ਗ੍ਰਿਹਸਥ ਦੀਆਂ ਜ਼ਿੰਮੇਵਾਰੀਆਂ ਵੀ ਨਿਭਾਉਂਦਾ ਹੈ। ਸਿਖ ਸੰਤ ਵੀ ਹੁੰਦਾ ਹੈ, ਸਿਪਾਹੀ ਵੀ, ਜੋਗੀ ਵੀ ਘਰ ਬਾਰੀ ਵੀ, ਕਿਰਤ ਵੀ ਕਰਦਾ ਹੈ, ਮਾਇਆ ਵੀ ਕਮਾਉਂਦਾਂ ਹੈ, ਬੱਚਿਆਂ ਦੀ ਪਾਲਨਾ ਵੀ ਕਰਦਾ ਹੈ। ਇਹ ਸਾਰੇ ਕੰਮ ਕਰਦਿਆਂ ਹੋਇਆਂ ਉਸ ਨੂੰ ਕਈ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਦੋਖੀਆਂ ਵਲੋਂ ਉਸ ਨੂੰ ਦੁਖੀ ਕੀਤਾ ਜਾਂਦਾ ਹੈ, ਕਦਮ ਕਦਮ ਤੇ ਉਸ ਨੂੰ ਪਰੀਖਿਆ ਦੇਣੀ ਪੈਂਦੀ ਹੈ; ਇਹਨਾਂ ਸਭ ਅਵਸਰਾਂ ਤੇ ਆਪਣੀ ਮਨੋਰਥ ਸਿਧੀ ਲਈ, ਆਪਣੀਆਂ ਸ਼ਕਤੀਆਂ ਵਿਚ ਵਾਧਾ ਕਰਨ ਲਈ ਕਰਮ ਖੇਤਰ ਵਿਚ ਸਫਲ ਹੋਣ ਲਈ ਜੀਵ ਨੂੰ ਅਰਦਾਸ ਦੀ ਓਟ ਲੈਣੀ ਪੈਂਦੀ ਹੈ। ਤਾਣ, ਮਾਣ, ਦੁਧ, ਪੁਤ, ਧਨ ਦੌਲਤ, ਆਦਿ ਦੀ ਪਰਾਪਤੀ ਲਈ ਅਕਾਲ ਪੁਰਖ ਅਗੇ ਜੋਦੜੀ ਕਰਨ ਦੀ ਲੋੜ ਹੁੰਦੀ ਹੈ। ਜੋਦੜੀ ਕਰਨੀ, ਅਸ਼ੀਰਵਾਦ ਲੈਣੀ, ਅੰਗ ਸੰਗ ਸਹਾਈ ਹੋਣ ਲਈ ਬੇਨਤੀ ਕਰਨੀ ਕਮਜ਼ੋਰੀ ਦਾ ਚਿੰਨ੍ਹ ਨਹੀਂ। ਰਬ ਤੇ ਆਸ੍ਰਿਤ ਹੋਣ ਨਾਲ ਚਰਿਤ੍ਰ ਕਮਜ਼ੋਰ ਨਹੀਂ ਹੁੰਦਾ ਕਿਉਂਕਿ ਹਰ ਆਤਮਾ ਦਾ ਸਹੀ ਰੂਪ ਰੱਬ ਵਿਚ ਹੀ ਵੇਖਿਆ ਜਾ ਸਕਦਾ ਹੈ। ਉਸ ਨਾਲ ਅਭੇਦਤਾ ਸ਼ਕਤੀ ਪ੍ਰਦਾਨ ਕਰਦੀ ਹੈ। ਜੋ ਮਨੁੱਖ ਇਹ ਖਿਆਲ ਕਰਦੇ ਹਨ ਕਿ ਆਪਣੇ ਯਤਨਾਂ ਦੇ ਪਰਿਸ਼੍ਰਮਾਂ ਦੁਆਰਾ ਅਸੀਂ ਸਭ ਕੁਝ ਪ੍ਰਾਪਤ ਕਰ ਲੈਂਦੇ ਹਾਂ, ਉਹ ਭੁਲਦੇ ਹਨ। ਯਤਨ ਕਰਨੇ ਤਾਂ ਸਾਡਾ ਫ਼ਰਜ਼ ਹੈ ਪਰ ਆਪਣੇ ਯਤਨਾ ਤੇ ਭਰੋਸਾ ਕਰ ਬੈਠਣਾ ਭੁੱਲ ਹੈ। ਸੰਸਾਰ ਦਾ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਮੁਲਖ ਆਪਣੀ ਤਾਕਤ ਦੇ ਮਾਣ ਵਿਚ ਆਇਆ, ਹਉਮੈ ਅਧੀਨ ਇਹ ਕਹਿਣ ਲੱਗਾ ਕਿ ਮੈਂ ਸਭ ਕੁਝ ਕਰ ਸਕਦਾ ਹਾਂ, ਉਸ ਸਮੇਂ ਉਸ ਨੂੰ ਅਸਫਲਤਾ ਦਾ ਮੂੰਹ ਵੇਖਣਾ ਪਿਆ, ਹਰਨਾਖਸ਼ ਜੋ ਆਪਣੇ ਆਪ ਨੂੰ ਅਮਿਤ ਸ਼ਕਤੀਆਂ ਦਾ ਸੁਆਮੀ ਸਮਝਣਾ ਅਨੁਭਵ ਕਰ ਕੇ ਰਬ ਦੀ ਬਰਾਬਰੀ ਕਰਨ ਲਗ ਪਿਆ ਸੀ, ਨੈਪੋਲੀਅਨ ਜਿਸ ਨੇ 'ਅਸੰਭਉ' (Impossible) ਸ਼ਬਦ ਨੂੰ ਆਪਣੀ ਡਿਕਸ਼ਨਰੀ ਵਿਚੋਂ ਹੀ ਕਢ ਦਿਤਾ ਸੀ, ਸਿਕੰਦਰ ਜੋ ਸਾਰੇ ਸੰਸਾਰ ਨੂੰ ਆਪਣੇ ਅਧੀਨ ਕਰਨ ਦੇ ਸੁਪਨੇ ਲੈਂਦਾ ਸੀ, ਆਦਿ ਦੀਆਂ ਉਦਾਹਰਣਾਂ ਸਾਡੇ ਸਾਹਮਣੇ ਹਨ। ਕਿਵੇਂ ਇਹਨਾਂ ਨੇ ਆਪਣੇ ਬਲ ਨੂੰ ਹੀ ਸਭ ਕੁਝ ਸਮਝ ਲਿਆ ਪਰ ਅੰਤ ਨੂੰ ਇਹਨਾਂ ਨੂੰ ਨਿਰਾਸਤਾ ਦਾ ਮੂੰਹ ਵੇਖਣਾ ਪਿਆ। ਸੋ ਵਾਹਿਗੁਰੂ ਦੀ ਦਿਤੀ ਹੋਈ ਸਮਰਥਾ ਅਨੁਸਾਰ ਯਤਨ ਤਾਂ ਮਨੁੱਖ ਨੇ ਆਪ ਕਰਨੇ ਹੀ ਹਨ ਜਿਵੇਂ ਵਾਹਿਗੁਰੂ ਦਾ ਫੁਰਮਾਨ ਹੈ-

ਉਦਮ ਕਰੇਦਿਆਂ ਜੀਉ ਤੂ ਕਮਾਂਵਦਿਆਂ ਸੁਖ ਭੁੰਚ।

ਪਰ ਥਾਪਨਾ ਗੁਰੂ ਕੋਲੋਂ ਹੀ ਲੈਣੀ ਹੈ। ਜਦੋਂ 'ਗੁਰ ਥਾਪੀ ਦਿਤੀ ਕੰਡ ਜੀਉ' ਤਾਂ ਫਿਰ ਕਾੜ੍ਹਾ ਅੰਦੇਸ ਨਹੀਂ ਰਹਿ ਜਾਂਦਾ। ਗੁਰੂ ਦੀ ਥਾਪਨਾ ਸਿਖ ਵਿਚ ਅਥਾਹ ਬਲ ਭਰ ਦੇਂਦੀ ਹੈ, ਜਿਸ ਕਰਕੇ ਉਸ ਦੇ ਸਾਹਮਣੇ ਕੋਈ ਟਿਕ ਨਹੀਂ ਸਕਦਾ।

ਆਮ ਜੀਵਨ ਵਿਚ ਹੀ ਵੇਖੋ। ਪੁਤਰ ਕਿਸੇ ਨਵੇਂ ਕੰਮ ਨੂੰ ਹਥ ਪਾਉਂਦਾ ਹੈ ਤਾਂ ਪਿਤਾ ਕੋਲੋਂ ਅਸ਼ੀਰਵਾਦ ਲੈਂਦਾ ਹੈ, ਵਿਦਿਆਰਥੀ ਪ੍ਰੀਖਿਆ ਵਿਚ ਜਾਣ ਤੋਂ ਪਹਿਲਾਂ ਅਧਿਆਪਕ ਕੋਲੋਂ ਉਤਸ਼ਾਹ ਦੇ ਦੋ ਸ਼ਬਦ ਸੁਣਨੇ ਚਾਹੁੰਦਾ ਹੈ, ਸਟੇਜ ਤੋਂ ਕਲਾ ਦਾ ਪ੍ਰਗਟਾਉ ਕਰ ਰਹੇ ਕਲਾਕਾਰਾ ਜਾਂ ਦਰਸ਼ਕਾਂ ਜਾਂ ਸਰੋਤਿਆਂ ਕੋਲੋਂ ਹੱਲਾ ਸ਼ੇਰੀ ਦੀ ਲੋੜ ਪੈਂਦੀ ਹੈ। ਖੇਡ ਦੇ ਮੈਦਾਨ ਵਿਚ ਖਿਡਾਰੀਆਂ ਦਾ ਉਤਸ਼ਾਹ ਵਧਾਉਣ ਲਈ ਤਾਲੀਆਂ ਵਜਾਈਆਂ ਜਾਂਦੀਆਂ ਹਨ, ਜਿਸ ਟੀਮ ਨੂੰ ਉਤਸਾਹਿਤ ਕਰਨ ਵਾਲੇ ਮੌਜੂਦ ਨਾ ਹੋਣ ਉਸ ਨੂੰ ਆਪਣੀ ਜਿਤ ਦਾ ਪੂਰਾ ਵਿਸ਼ਵਾਸ਼ ਨਹੀਂ ਹੁੰਦਾ, ਬਚੇ ਨੂੰ ਮਾਂ ਦੀ ਅਗਵਾਈ, ਸਹਾਇਤਾ ਤੇ ਅਸ਼ੀਰਵਾਦ ਦੀ ਕਦਮ ਕਦਮ ਤੇ ਲੋੜ ਹੁੰਦੀ ਹੈ, ਭਾਵੇਂ ਬਲ ਉਸ ਦਾ ਆਪਣਾ ਹੀ ਵਰਤਿਆ ਜਾਂਦਾ ਹੈ। ਸੋ ਸਪਸ਼ਟ ਹੈ ਕਿ ਸਫਲਤਾ ਦੀ ਪ੍ਰਾਪਤੀ ਲਈ ਆਪਣੇ ਤੋਂ ਉਚ ਹਸਤੀ ਦੇ ਮਿਹਰ ਭਰੇ ਹਥ ਦੀ ਅਤਿਅੰਤ ਆਵਸ਼ਕਤਾ ਹੁੰਦੀ ਹੈ। ਇਸੇ ਮਿਹਰ ਬਖਸ਼ਿਸ਼ ਅਗਵਾਈ ਤੇ ਸਹਾਇਤਾ ਲਈ ਗੁਰ ਪ੍ਰਮੇਸ਼ਰ ਅਗੇ ਅਰਦਾਸ ਕਰਨੀ ਜ਼ਰੂਰੀ ਹੈ :-

ਮਿਹਰਵਾਨੁ ਸਾਹਿਬ ਮੇਰਾ ਮਿਹਰਵਾਨੁ
ਜੀਅ ਸਗਲ ਕਉ ਦੇ ਦਾਨ।

ਇਸੇ ਲਈ ਸਿਖ ਨੂੰ ਹੁਕਮ ਹੈ :-

ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸ ਕਰ।
ਛੋਡ ਸਿਆਣਪ ਸਗਲ ਮਨ ਤਨ ਅਰਪ ਧਰਿ।

ਭਲਾ 'ਮਿਤ' ਵਾਲੇ ਜੀਵ ਸਾਹਮਣੇ ਹੱਥ ਅੱਡਣ ਦੀ ਥਾਂ ਅਮਿਤੇ ਸਾਹਿਬ ਕੋਲੋਂ ਮੰਗ ਕਿਉਂ ਨਾ ਕੀਤੀ ਜਾਵੇ ?

ਪਰ ਅਸੀਂ ਆਪਣੀਆਂ ਸੰਸਾਰਕ ਲੋੜਾਂ ਪੂਰਤੀ ਲਈ ਹੀ ਅਰਦਾਸ ਨਹੀਂ ਕਰਨੀ। ਸਿਖ ਦੀ ਅਰਦਾਸ ਇਸ ਤੋਂ ਬਹੁਤ ਉਚੀ ਹੋਣੀ ਚਾਹੀਦੀ ਹੈ। ਪਦਾਰਥਾਂ ਦੀ ਭੁਖ ਤੋਂ ਉਹ ਉੱਚਾ ਹੁੰਦਾ ਹੈ, ਉਸ ਨੇ ਦੁਖ ਸੁਖ ਦੋਨੋਂ ਸਮ ਕਰਿ ਕੇ ਜਾਣਨੇ ਹੁੰਦੇ ਹਨ। ਉਹ ਤਾਂ ਕਹਿੰਦਾ ਹੈ, 'ਜੇ ਭੁਖ ਦੇਇ ਤਾਂ ਇਤ ਹੀ ਰਾਜਾ, ਦੁਖ ਭੀ ਤੁਝਹਿ ਧਿਆਈ।' ਉਹ ਤਾਂ ਉਸ ਦੀ ਰਜ਼ਾ ਵਿਚ ਹੀ ਰਾਜ਼ੀ ਰਹਿੰਦਾ ਹੈ ਅਤੇ ਬੇਨਤੀ ਕਰਦਾ ਹੈ ਕਿ 'ਜਿਉ ਭਾਵੈ ਤਿਉ ਰਾਖਹੁ ਮੇਰੇ ਸੁਆਮੀ।' ਤੱਤੀਆਂ ਲੋਹਾਂ ਤੇ ਬੈਠ ਕੇ ਗੁਰੂ ਅਰਜਨ ਸਾਹਿਬ ਨੇ 'ਤੇਰਾ ਕੀਆ ਮੀਠਾ ਲਾਗੈ' ਕਹਿ


www.AKJ.Org

ਕੇ ਸਿੱਖਾ ਨੂੰ ਦੁਖ ਸੁਖ ਇਕ ਸਮਾਨ ਸਮਝਣ ਦੀ ਸਿਖਿਆ ਦਿਤੀ। ਗੁਰੂ ਤੇਗ ਬਹਾਦਰ ਦੇ ਸ਼ਬਦਾਂ ਵਿਚ ਸਿੱਖ ਦਾ ਚਿੰਨ ਹੈ :-

ਜੋ ਨਰ ਦੁਖ ਮੈ ਦੁਖ ਨਹੀਂ ਮਾਨੈ
ਸੁਖ ਸਨੇਹੁ ਅਰ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ।

ਸਿਖ ਨੇ ਗੁਰਮੁਖ ਪਦ ਤੇ ਪਹੁੰਚਣਾ ਹੁੰਦਾ ਹੈ। ਇਸ ਮਨੋਰਥ ਦੀ ਪੂਰਤੀ ਲਈ ਉਸ ਨੇ ਨਾਮ ਨੂੰ ਹਿਰਦੇ ਵਿਚ ਵਸਾ ਕੇ, ਹਿਰਦੇ ਵਿਚ ਹੀ ਨਹੀਂ, ਵਸਾਉਣਾ ਸਗੋਂ 'ਗੁਰਮੁਖ ਰੋਮ ਰੋਮ ਹਰਿ ਧਿਆਵੈ' ਦੀ ਅਵਸਥਾ ਤੇ ਪਹੁੰਚ ਕੇ 'ਹਰਿ ਹਰਿਜਨ ਦੋਉ ਏਕ ਹੈ, ਬਿਬ ਬਿਚਾਰ ਕਛੁ ਨਾਹਿ' ਦੇ ਪਦ ਨੂੰ ਪ੍ਰਾਪਤ ਕਰਨਾ ਹੁੰਦਾ ਹੈ। ਕਬੀਰ ਜੀ ਦਾ ਫੁਰਮਾਣ ਹੈ 'ਹਰਿ ਜਨ ਐਸਾ ਚਾਹੀਏ , ਜੈਸਾ ਹਰਿ ਹੀ ਹੋਇ' ਸੋ ਹਰਿ ਜਨ ਬਣਨ ਲਈ ਹਰਿ ਦੇ ਗੁਣਾਂ ਨੂੰ ਧਾਰਨ ਕਰਨਾ ਜ਼ਰੂਰੀ ਹੈ। ਇਹ ਗੁਣ ਨਾਮ ਅਭਿਆਸ ਦੁਆਰਾ ਪ੍ਰਾਪਤ ਹੁੰਦੇ ਹਨ। ਨਾਮ ਅਭਿਆਸੀ ਲਈ ਅਉਗੁਣਾਂ ਤੋਂ ਰਹਿਤ ਹੋਣਾ ਜ਼ਰੂਰੀ ਹੈ। ਨਾਮ ਦਾ ਨਿਵਾਸ ਪਵਿਤ੍ਰ-ਹਿਰਦੇ ਵਿਚ ਹੁੰਦਾ ਹੈ ਅਤੇ ਨਾਲ ਹੀ ਨਾਮ ਹਿਰਦੇ ਦੀ ਮੈਲ ਧੋ ਕੇ ਉਸ ਨੂੰ ਪਵਿੱਤ੍ਰਤਾ ਬਖਸ਼ਦਾ ਹੈ। 'ਭਰੀਐ ਮਤਿ ਪਾਪਾ ਕੈ ਸੰਗਿ। ਓਹ ਧੋਪੈ ਨਾਵੈ ਕੈ ਰੰਗਿ।' ਸਭ ਔਗੁਣਾਂ ਦਾ ਮੂਲ ' ਹਉਮੈਂ' ਹੈ ਅਤੇ ਜਿਥੇ ਹਉਮੈ ਹੋਵੇ ਉਥੇ ਨਾਮ ਦਾ ਨਿਵਾਸ ਨਹੀਂ ਹੋ ਸਕਦਾ ਕਿਉਂਕਿ ਹਉਮੈਂ ਨਾਵੈ ਨਾਲ ਵਿਰੋਧ ਹੈ, ਦੁਇ ਨ ਵਸੈ ਇਕੁ ਠਾਇ।' ਜਿਥੈ ਹਉਮੈ ਹੁੰਦੀ ਹੈ ਉਥੇ ਨਾਮ ਦਾ ਵਸਣਾ ਔਖਾ ਹੁੰਦਾ ਹੈ। ਜਦੋਂ ਹਉਮੈ ਦੂਰ ਹੋ ਜਾਵੇ ਤਾਂ ਨਾਮ ਦਾ ਨਿਰੰਤਰ ਵਾਸ ਹੁੰਦਾ ਹੈ ਅਤੇ ਉਹ ਨਾਮੀ ਨਾਲ ਅਭੇਦ ਕਰ ਦੇਂਦਾ ਹੈ। ਇਸੇ ਲਈ ਸਿਖ ਨਾਮ ਦੀ ਦਾਤ ਮੰਗਦਾ ਹੈ। ਔਗੁਣ ਦੂਰ ਕਰਨ ਲਈ ਨਾਮ ਸਾਧਨ ਰੂਪ ਹੈ ਅਤੇ ਮਨ ਪਵਿਤ੍ਰ ਹੋ ਜਾਵੇ ਤਾਂ ਇਹ 'ਸਿੱਧੀ' ਰੂਪ ਧਾਰਣ ਕਰ ਲੈਂਦਾ ਹੈ। ਸਿੱਖ ਦੀ ਜੋਦੜੀ ਇਸ ਪ੍ਰਕਾਰ ਦੀ ਹੁੰਦਾ ਹੈ :-

ਕਰਿ ਕਿਰਪਾ ਕਿਰਪਾਲ ਆਪੇ ਬਖਸਿ ਲੈ।
ਸਦਾ ਸਦਾ ਜਪੀ ਤੇਰਾ ਨਾਮੁ ਸਤਿਗੁਰ ਪਾਇ ਪੈ।

........ ......... ......... .........

ਮਾਗਉ ਰਾਮ ਤੇ ਇਕ ਦਾਨ।
ਸਗਲ ਮਨੋਰਥ ਪੂਰਨ ਹੋਵਹਿ
ਸਿਮਰਉ ਤੁਮਰਾ ਨਾਮ।

.............. ...........

ਪਰੰਤੂ ਅਜੇਹੀ ਬੇਨਤੀ ਕਰਦਿਆਂ ਹੋਇਆਂ ਵੀ ਸਿਖ ਦੀ ਦ੍ਰਿਸ਼ਟੀ ਕੇਵਲ ਆਪਣੇ ਤੱਕ ਹੀ ਸੀਮਿਤ ਨਾ ਹੋਵੇ, ਸਗੋਂ ਉਸਦੀ ਪੁਕਾਰ ਹੋਵੇ :-

ਸਭੇ ਜੀਅ ਸਮਾਲਿ ਅਪਨੀ ਮਿਹਰ ਕਰਿ।

..... ................ ..................

ਜਗਤ ਜਲੰਦਾ ਰਖ ਲੈ ਅਪਨੀ ਕਿਰਪਾ ਧਾਰਿ।

ਸਿਖ ਅਰਦਾਸ ਕਰਦਾ ਹੈ ਫਿਰ ਜੀਵਨ ਘੋਲ ਲਈ ਵਿਸ਼ਵ-ਅਖਾੜੇ ਵਿਚ ਕੁੱਦ ਪੈਂਦਾ ਹੈ, ਜਦੋਂ ਬਿਖਾੜਾ ਜਿੱਤ ਲੈਂਦਾ ਹੈ ਤਾਂ ਮਾਣ ਨਹੀਂ ਕਰਦਾ ਕਿਉਂਕਿ ਉਸਨੇ ਤਾਂ ਕੁਝ ਕੀਤਾ ਹੀ ਨਹੀਂ, ਉਸਦੀ ਬੇਨਤੀ ਸੁਣੀ ਗਈ ਤੇ ਸਭ ਕੁਝ ਆਪੇ ਹੀ ਹੋ ਗਿਆ। ਕਰਵਾਉਣ ਵਾਲੇ ਨੇ ਜੋ ਕਰਵਾਉਣਾ ਸੀ ਕਰਵਾ ਲਿਆ। ਉਸ ਵੇਲੇ ਸਿਖ ਦੇ ਮੂੰਹੋਂ ਸ਼ੁਕਰਾਨੇ ਵਜੋਂ ਇਹ ਬੋਲ ਨਿਕਲਦੇ ਹਨ :-

ਜੋ ਹਮਰੀ ਬਿਧ ਹੋਤੀ ਮੇਰੇ ਸਤਿਗੁਰਾਂ,
ਸਾ ਬਿਧ ਤੁਮ ਹਰਿ ਜਾਣਹੁ ਆਪੇ।
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ,
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ।

.................................

ਕਹੁ ਨਾਨਕ ਸਭ ਤੇਰੀ ਵਡਿਆਈ,
ਕੋਈ ਨਾਉ ਨ ਜਾਣੈ ਮੇਰਾ।

## ਅਪਣਾ ਬਣਾ ਲੈ ਦਾਤਿਆ

(ਡਾ: ਸਰਬਜੀਤ ਕੌਰ)

ਬਾਜਾਂ ਵਾਲਿਆ ਕਲਗੀਆਂ ਵਾਲਿਆਂ
ਅਪਣਾ ਬਣਾ ਲੈ ਦਾਤਿਆ
ਸਾਨੂੰ ਸੁੱਤਿਆਂ ਨੂੰ ਫੇਰ ਜਗਾ ਲੈ।
ਅਪਣਾ ਬਣਾ ਲੈ ਦਾਤਿਆ।
ਬਾਹਰੋਂ ਅਸੀਂ ਉਜਲੇ ਤੇ ਅੰਦਰੋਂ ਕਰੂਪ ਹਾਂ
ਮਨ ਦੇ ਮਲੀਨ ਉਤੋਂ ਸੁੰਦਰ ਸਰੂਪ ਹਾਂ
ਸਾਨੂੰ ਕਾਗਾਂ ਨੂੰ ਹੰਸ ਬਣਾ ਲੈ,
ਅਪਣਾ ਬਣਾ ਲੈ ------
ਸਾਡੇ ਲਈ ਦਾਤਾ ਤੂੰ ਤਾਂ ਸੱਭੇ ਕੁਝ ਵਾਰਿਆ।
ਤੇਰੇ ਉਪਕਾਰਾਂ ਦਾ ਨਾ ਮੁੱਲ ਅਸੀ ਤਾਰਿਆ
ਸਾਨੂੰ ਭੁੱਲਿਆਂ ਨੂੰ ਗਲ ਨਾਲ ਲਾ ਲੈ
ਅਪਣਾ ਬਣਾ ਲੈ-----
ਸਾਰੇ ਖੋਟ ਕੱਢ ਕੇ ਖ਼ਾਲਸਾ ਸਜਾਇਆ ਸੀ।
ਆਬੇ ਹਯਾਤ ਹੱਥੀਂ ਆਪਣੇ ਛਕਾਇਆ ਸੀ
ਅੱਜ ਫੇਰ ਸਾਨੂੰ ਮੋਇਆ ਨੂੰ ਜਿਵਾ ਲੈ,
ਅਪਣਾ ਬਣਾ ਲ------
ਅੱਜ ਤੇਰੇ ਪੁੱਤਾਂ ਸਾਰੇ ਫ਼ਰਜ਼ ਭੁਲਾ ਲਏ
ਭਰਮਾਂ ਭੁਲੇਖਿਆਂ ਤੇ ਸ਼ੰਕਿਆਂ ਨੇ ਖਾ ਲਏ
ਸਾਨੂੰ ਅੱਗ ਵਾਂਗ ਮੁੜ ਕੇ ਮਘਾ ਲੈ
ਅਪਣਾ ਬਣਾ ਲੈ ਦਾਤਿਆ-----


www.AKJ.Org

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ-੯

(ਗੁਰਪੁਰਵਾਸੀ ਭਾ: ਸ: ਭਾ: ਰਣਧੀਰ ਸਿੰਘ ਜੀ)

(ਲੜੀ ਜੋੜਨ ਲਈ ਦੇਖੋ ਸੂਰਾ ਮਈ ੯੮)

## ੧੪-ਕਰਮੁ ਕਹਾਂ ਤੇ ਆਇਆ

ਮਾਇ ਨ ਹੋਤੀ ਬਾਪੁਨ ਹੋਤਾ ਕਰਮੁ ਨ ਹੋਤੀ ਕਾਇਆ॥ ਹਮ ਨਹੀ ਹੋਤੇ ਤੁਮ ਨਹੀ ਹੋਤੇ ਕਵਨੁ ਕਹਾਂ ਤੇ ਆਇਆ॥੧॥ਰਾਮ ਕੋਇ ਨ ਕਿਸ ਹੀ ਕੇਰਾ॥ ਜੈਸੇ ਤਰਵਰਿ ਪੰਖਿ ਬਸੇਰਾ॥ ੧॥ ਰਹਾਉ॥ਚੰਦੁ ਨ ਹੋਤਾ ਸੂਰੁ ਨ ਹੋਤਾ ਪਾਨੀ ਪਵਨੁ ਮਿਲਾਇਆ॥ ਸਾਸਤੁ ਨ ਹੋਤਾ ਬੇਦੁ ਨ ਹੋਤਾ ਕਰਮ ਕਹਾਂ ਤੇ ਆਇਆ॥੨॥ ਖੇਚਰ ਭੂਚਰ ਤੁਲਸੀ ਮਾਲਾ ਗੁਰ ਪ੍ਰਸਾਦੀ ਪਾਇਆ॥ ਨਾਮਾ ਪ੍ਰਣਵੈ ਪਰਮ ਤਤੁ ਹੈ ਸਤਿਗੁਰ ਹੋਇ ਲਖਾਇਆ॥ ੩॥ ੨॥

(ਰਾਮਕਲੀ ਬਾਣੀ ਨਾਮਦੇਵ ਜੀ ਕੀ)(ਪੰਨਾ ੯੭੩)

ਇਹ ਗੁਰਵਾਕ ਆਨਮਤਾਂ ਦੀ ਵਿਦਤਾਈ ਕਰਮ ਕਾਂਡੀ ਸਾਕਾਰ ਅਤੇ ਸਰਗੁਣ ਪੂਜਾ ਬਿਬਰਜਤ ਕਰ ਕੇ ਪਰਮ ਤਤ ਪ੍ਰਮੇਸ਼ਰ ਪ੍ਰਮਾਤਮਾ ਦੀ ਨਿਰਾਕਾਰ ਅਤੇ ਨਿਰਗੁਣ ਸਰੂਪਣੀ ਪੂਜਾ ਦ੍ਰਿੜਾਉਂਦਾ ਹੈ। ਭਾਵੰ ਅਰਥ ਇਸ ਗੁਰਵਾਕ ਦਾਂ ਇਹ ਹੈ ਕਿ ਰਚਨਹਾਰ ਕਰਤਾਰ ਦੀ ਰਚਨਾ ਰਚੇ ਜਾਣ ਤੋਂ ਪਹਿਲਾਂ ਜਦੋਂ ਕੋਈ ਆਕਾਰ ਨਹੀਂ ਸੀ। ਤਦੋਂ ਨਾ ਸਾਕਾਰੀ ਕਾਂਇਆ ਜੀਵਾਂ ਪ੍ਰਾਨੀਆਂ ਦੀ ਸੀ। ਕਿਉਂਕਿ ਪੰਜ ਤਤ ਭੀ ਓਦੋਂ ਨਹੀ ਸੀ ਬਣੇ। ਪੰਜਾਂ ਤਤਾਂ ਬਿਨਾਂ ਕਾਇਆਂ ਸਰੀਰ ਦੀ ਹੋਂਦ ਅਸੰਭਵ ਹੈ। ਤਾਂ ਨਾ ਇਹ ਜੀਵ ਪ੍ਰਾਨੀ ਸਨ। ਨਾ ਇਹਨਾਂ ਜੀਵਾਂ ਦੇ ਜਨਨਹਾਰੇ ਮਾਤਾ ਪਿਤਾ ਸਨ। ਇਹਨਾਂ ਜੀਵਾਂ ਅਤੇ ਜੀਵਾਂ ਦੇ ਜਨਨਹਾਰਿਆਂ ਦੇ ਸਾਕਾਰ ਆਕਾਰੀ ਸਰੂਪ ਕਾਇਆ ਬਿਨਾਂ ਕਰਮ ਕਰਨਹਾਰਾ ਭੀ ਕੋਈ ਨਹੀਂ ਸੀ ਤਾਂਤੇ ਕਰਮ ਦਾ ਭੀ ਅਭਾਵ ਹੀ ਸੀ। ਜਦੋਂ ਅਸੀਂ ਤੁਸੀਂ ਕੋਈ ਭੀ ਨਹੀਂ ਸੀ। ਉਸ ਸਮੇਂ ਇਹ ਭੀ ਪਤਾ ਨਹੀਂ ਸੀ ਲਗਦਾ ਕਿ ਕਵਨ ਜੀਵ ਕਿਸ ਥਾਨ ਤੋਂ ਆਇਆ ਹੈ।

ਤਾਂਤੇ ਇਹ ਕਹਿਣਾ ਅਨੁਚਿਤ ਨਹੀਂ ਕਿ ਆਦਿ ਮੂਲ ਤੋਂ ਕੋਈ ਜੀਵ ਕਿਸੇ ਦਾ ਸਨਬੰਧੀ ਨਹੀਂ। ਕਿਸੇ ਦਾ ਕੋਈ ਕੁਛ ਨਹੀਂ ਲਗਦਾ। ਕੇਵਲ ਅਕਸ ਮਾਤ ਹੀ ਏਹਨਾਂ ਦਾ ਮੇਲ ਸੰਜੋਗ ਹੋ ਗਿਆ ਹੈ ਤੇ ਹੋ ਰਹਿਆ ਹੈ। ਜੈਸੇ ਐਧਰੋਂ ਓਧਰ ਆਏ ਪੰਛੀਆਂ ਦਾ ਬਿਰਛ ਤੇ ਬਸੇਰਾ ਹੋ ਜਾਂਦਾ ਹੈ। ਜੇਕਰ ਇਉ ਕਹੋ ਕਿ ਕਰਮਾਂ ਦੇ ਪ੍ਰਭਾਵ ਕਰ ਕੇ ਇਹਨਾਂ ਜੀਵਾਂ ਦਾ ਪ੍ਰਸਪਰ ਸੰਜੋਗ ਸੰਬੰਧ ਹੋ ਗਿਆ ਹੈ ਤਾਂ ਭੀ ਇਹ ਕਹਿਣਾ ਅਨੁਥਾ ਹੈ ਕਿਉਂਕਿ ਜਦੋ ਅਜੇ ਰਚਨਾ ਹੀ ਨਹੀਂ ਰਚੀ ਗਈ ਸੀ ਦੇਹ ਆਕਾਰ ਹੀ ਨਹੀਂ ਬਣੇ ਸਨ ਨਾ ਹੀ ਦੇਹ ਆਕਾਰ ਵਾਲੇ ਜਿਸਮੀ ਮੁਜੱਸਮ ਇਨਸਾਨ ਹੈਵਾਨ ਜੀਵ ਪ੍ਰਾਨੀ ਹੀ ਬਣੇ ਸਨ ਤਾਂ ਕਰਮ ਕਿਥੋਂ ਆ ਗਿਆ।

ਇਸ ਸਾਰੀ ਰਚਨਾ ਤੋਂ ਪਹਿਲਾਂ ਜਦੋਂ ਸਭ ਤੋਂ ਬੜੇ ਦ੍ਰਿਸ਼ਟਮਾਣ ਜ਼ਮੀਨ ਆਸਮਾਨ ਚੰਦ ਸੂਰਜ ਹੀ ਨਹੀ ਸੀ ਬਣੇ ਅਤੇ ਨਾ ਹੀ ਪਵਨ ਪਾਣੀ ਆਦਿਕ ਪੰਜ ਤਤ ਬਣੇ ਸਨ ਜਿਨ੍ਹਾਂ ਦੇ ਮੇਲ ਨਾਲਿ ਮਿਲਾਇਆ ਹੋਇਆ ਸਰੀਰੁ ਆਕਾਰ ਬਣਦਾ ਹੈ। ਅਜੇ ਪਵਨ ਪਾਣੀ ਆਦਿਕ ਪੰਜਾ ਤੱਤਾ ਦਾ ਮੇਲ ਹੀ ਨਹੀ ਮਿਲਾਇਆ ਗਿਆ ਸੀ। ਨਾ ਹੀ ਓਦੋਂ ਕੋਈ ਸ਼ਾਸਤਰ ਬਣਿਆ ਸੀ ਨਾਂ ਕੋਈ ਬੇਦ ਬਣਿਆ ਸੀ। ਕਿਉਕਿ ਬੇਦਾਂ ਸ਼ਾਸਤਰਾਂ ਦੇ ਬਨਾਉਣ ਵਾਲੇ ਰਿਖੀਆਂ ਦੇ ਸਰੀਰਾਂ ਦੀ ਬਣਾਵਟ ਹੀ ਨਹੀਂ ਸੀ ਬਣੀ। ਪੰਜਾਂ ਤੱਤਾ ਦੀ ਮਿਲਾਵਟ ਹੀ ਨਹੀਂ ਸੀ ਹੋਈ। ਸੰਸਾਰ ਰਚਨਾ ਬਿਨਾਂ ਜੀਵਾਂ ਨੂੰ ਧਰਮ ਉਪਦੇਸ਼ ਕਰਨ ਵਾਲੇ ਇਹ ਬੇਦ ਸ਼ਾਸਤਰ ਆਦਿਕ ਪੁਸਤਕ ਹੀ ਨਹੀਂ ਰਚੇ ਗਏ ਸੀ। ਤਾਂ ਉਸ ਸਮੇ ਬ੍ਰਹਮ ਉਪਦੇਸ਼ ਬਿਨਾ ਅਤੇ ਧਰਮ ਉਪਦੇਸ਼ ਕਰਨ ਵਾਲੇ ਅਤੇ ਧਰਮ ਉਪਦੇਸ਼ਾਂ ਤੇ ਚਲਣ ਵਾਲੇ ਜੀਵਾਂ ਪ੍ਰਾਣੀਆਂ ਬਿਨਾਂ ਕਰਮ ਕਿਥੋਂ ਆ ਗਿਆ ? ਭਾਵ ਕਰਮ ਕਿਤੋਂ ਭੀ ਨਹੀਂ ਸੀ ਆਇਆ। ਕਰਮਾਂ ਦਾ ਨਮੂਦ ਹੀ ਨਹੀਂ ਸੀ। ਤਾਂਤੇ ਸਦਾ ਸਦਾ ਅਬਿਚਲ ਰਹਿਣ ਵਾਲਾ ਇਕ ਮੂਲ ਪਰਮ ਤੱਤ, ਸਭ ਤੱਤਾਂ ਦਾ ਆਸਰਾ ਨਿਰਾਕਾਰ ਪ੍ਰਮਾਤਮਾ ਵਾਹਿਗੁਰੂ ਹੀ ਹੈ। ਤਿਸ ਦੀ ਪਰਾਪਤੀ ਨਿਰਾਕਾਰ ਨਿਰੰਜਨੀ ਸ਼ਬਦ ਦੁਆਰਾ ਹੀ ਸਭੰਵ ਹੈ। ਜੋ ਨਿਰੰਕਾਰੀ ਗੁਰੂ ਦੀ ਕਿਰਪਾ ਨਾਲਿ ਪ੍ਰਾਪਤਿ ਹੁੰਦਾ ਹੈ।

ਕਰਮਾਂ ਕਾਂਡਾ ਦੇ ਰਾਹੀਂ ਇਹ ਪ੍ਰਾਪਤੀ ਕਦਾਚਿਤ ਨਹੀਂ ਹੁੰਦੀ। ਨਿਰੰਕਾਰ ਵਾਹਿਗੁਰੂ ਦੀ ਪ੍ਰਾਪਤੀ ਦਾ ਮੁਖ ਮੂਲ ਨਿਰੰਕਾਰੀ ਗੁਰੂ ਦੀ ਨਦਰਤਾ ਦੇ ਸਦਕੇ ਨਿਰੰਕਾਰੀ ਨਾਮ ਹੀ ਹੈ। ਨਾ ਹੀ ਯੋਗ ਦੀ ਮੁੰਦਰਾ ਹੈ। ਨਾ ਹੀ ਤੁਲਸੀ ਮਾਲਾ ਆਦਿਕ ਅਨਮਤੀ ਕਰਮ ਕਾਂਡ ਵਾਲੀ ਪੂਜਾ ਹੈ। ਜੋ ਪੁਰਸ਼ ਨਿਰੰਕਾਰ ਵਾਹਿਗੁਰੂ ਨਿਰੰਜਨ ਦੀ ਪ੍ਰਾਪਤੀ ਹੇਤ ਖੇਚਰੀ ਭੂਚਰੀ ਮੁੰਦਰਾ ਦੀ ਯੋਗ ਸਾਧਨਾ ਕਰਦੇ ਹਨ ਅਥਵਾ ਪਾਖੰਡ ਕਰਮਾਰੀ ਤੁਲਸੀ ਦੀ ਮਾਲਾ ਦੀ ਧਾਰਨਾ ਆਦਿਕ ਅਨਮਤ ਕਰਮ ਕਮਾਉਂਦੇ ਹਨ ਤਿਨ੍ਹਾਂ ਦੀ ਇਹ ਘਾਲ ਅਜਾਈਂ ਹੀ ਜਾਂਦੀ ਹੈ। ਪਰਮਾਤਮਾ ਪਾਰਬ੍ਰਹਮ ਕੇਵਲ ਗੁਰੂ ਦੀ ਦਇਆ ਮਇਆ ਦੁਆਰੇ ਗੁਰਮਤਿ ਨਾਮ ਦੀ ਅਭਿਆਸ ਕਮਾਈ ਕੀਤਿਆਂ ਹੀ ਪਾਇਆ ਜਾ ਸਕਦਾ ਹੈ। ਖੇਚਰੀ ਆਦਿਕ ਆਨਮਤ



www.AKJ.Org

ਸਾਧਨਾਂ ਨਾਲਿ ਨਹੀਂ ਪਾਇਆ ਜਾਂਦਾ। ਹਠ ਯੋਗ ਦੁਆਰਾ ਪ੍ਰਾਣਾ ਨੂੰ ਹੇਠ ਉਤੇ ਕਰਨ ਦੇ ਸਾਧਨ ਹਿਠਾਹਾਂ ਉਤਾਹਾਂ ਚਾੜ੍ਹਨ ਦੇ ਆਨਮਤੀ ਕਰਮ ਸਭੁ ਨਿਸਫਲ ਹਨ। ਤਾਲੂਏ ਵਿਚਿ ਜੀਭ ਅੜਾ ਕੇ ਪ੍ਰਾਨ ਰੋਕਣ ਨੂੰ ਹੀ ਖੇਚਰੀ ਮੁੰਦਰਾ ਕਹਿੰਦੇ ਹਨ। ਤੇ ਭਵਾਂ (ਭਰਵੱਟਿਆਂ) ਦੇ ਵਿਚਕਾਰ ਨਿਗਾਹ ਟਿਕਾ ਕੇ ਪ੍ਰਾਣਾ ਜਾਮ ਕਰਨ ਨੂੰ ਭੂਚਰੀ ਮੁੰਦਰਾ ਆਖਦੇ ਹਨ। ਇਹਨਾਂ ਹਠ ਯੋਗ ਸਾਧਨਾਂ ਨਾਲਿ ਅਤੇ ਤੁਲਸੀ ਮਾਲਾ ਆਦਿਕ ਧਾਰਨ ਵਾਲੇ ਆਨਮਤ ਕਰਮਾਂ ਨਾਲਿ ਕੁਛ ਲੱਭਤਾ ਨਹੀਂ ਹੁੰਦੀ। ਸਿਰੀ ਨਾਮ ਦੇਵ ਜੀ ਫੁਰਮਾਉਂਦੇ ਹਨ ਕਿ ਕਰਤਾ ਪੁਰਖ ਹੀ ਸਭਸ ਦਾ ਆਦਿ ਕਾਰਣ ਪਰਮ ਤੱਤ ਹੈ। ਤਿਸੀ ਵਾਹਿਗੁਰੂ ਨਿਰੰਕਾਰ ਨੇ ਆਪਣਾ ਤੱਤ ਸਰੂਪ ਨਿਰੰਕਾਰੀ ਗੁਰੂ ਸਤਿਗੁਰੂ ਨਾਨਕ ਦੇਵ ਜੀ ਦੇ ਵਿਚਿ ਦੀ ਹੋ ਕੇ ਲਖਾਇਆ ਹੈ ਅਤੇ ਧੁਰਵਾ ਬੰਨ੍ਹਿ ਦਿਖਾਇਆ ਹੈ ਕਿ ਜਦ ਕਦ ਨਿਰੰਕਾਰ ਵਾਹਿਗੁਰੂ ਲਖਿਆ ਜਾ ਸਕਦਾ ਹੈ ਤਾਂ ਗੁਰੂ ਨਾਨਕ ਨਿਰੰਕਾਰੀ ਦੇ ਕਿਰਪਾ ਪ੍ਰਸਾਦਿ ਕਰਿ ਹੀ ਲਖਿਆ ਜਾ ਸਕਦਾ ਹੈ। ਐਵੇਂ ਨਹੀਂ, ਸ੍ਰਿਸਟੀ ਦੇ ਮੁਢ ਤ੍ਰੋਹੀ ਆਦਿ ਰਚਨਾ ਦੇ ਆਗ਼ਾਜ਼ ਤੋਂ ਹੀ ਜੁਗਾਂ ਦੇ ਆਦਿ ਤੋਂ ਹੀ ਇਹ ਨਿਰੰਕਾਰੀ ਧੁਰਵਾ ਅਗਾਧ ਨਿਰੰਕਾਰੀ ਕਲਾ ਦੁਆਰਾ ਬੰਨ੍ਹ ਦਿਤਾ ਗਿਆ ਹੈ ਕਿ ਜੀਵਾਂ ਦਾ ਉਧਾਰ ਨਿਸਤਾਰਾ ਸਰਬ ਦਾ ਨਿਰੰਕਾਰੀ ਨਾਮ ਦੁਆਰਾ ਹੀ ਹੋਵੇਗਾ। ਨਿਰਗੁਣ ਨਿਰੰਕਾਰ ਪਰਮਾਤਮਾ ਦੀ ਪ੍ਰਾਪਤੀ ਨਿਰੰਕਾਰੀ ਨਾਮ ਦੁਆਰਾ ਹੀ ਸਦਾ ਸਦਾ ਹੋਵੇਗੀ। ਹੋਰ ਕਰਮ ਕਾਂਡ ਸਭ ਨਿਸਫਲ ਜਾਣਗੇ। ਕਰਮ ਦੀ ਆਦਿ ਸਤਤਾ ਹੈ ਹੀ ਨਹੀ। ਆਦੋਂ ਹੀ ਕਰਮ ਦੀ ਕਲਿਆਣ ਕਾਰੀ ਕਲਾ ਨੇਸਤ ਹੈ। ਕਰਮਾਂ ਦਾ ਵਜੂਦ ਹੀ ਨਹੀ ਸੀ। ਨਿਰੰਕਾਰੀ ਨਾਮ ਦਾ ਤਾਂ ਨਿਰੰਕਾਰ ਦੀ ਨਿਰੰਕਾਰੀ ਸੱਤਾ ਨਾਲ ਹੀ ਵਜੂਦ ਮਉਜੂਦ ਸੀ। ਸੁਯੰਭਵੀ ਸਤਤਾ ਅਤੇ ਸਤਾ ਰੱਖਣ ਵਾਲੇ ਨਿਰੰਕਾਰੀ ਨਾਮ ਦੇ ਨਾਲਿ ਭਲਾ ਕਰਮ ਦਾ ਮੁਕਾਬਲਾ ਹੀ ਭਲਾ ਕੀ ? ਕਰਮ ਦੀ ਹੈਸੀਅਤ ਹੈਅਤ ਹੈ ਹੀ ਕੀ? ਸਰਬਗ ਵਾਹਿਗੁਰੂ ਦੀ ਹੋਂਦ ਦੇ ਤਤ ਗਿਆਨ ਤੋਂ ਘੁਥੇ ਅਲਪਗ ਪੁਰਸ਼ਾਂ ਨੇ ਕਰਮ ਦੀ ਸਾਜਨਾ ਆਪਣੀ ਅਲਪਗਤਾ ਨਾਲਿ ਹੀ ਸਜਾ ਲਈ। ਖਬਰ ਨਹੀਂ ਕਦੋਂ ਸਾਜੀ? ਖਬਰੇ 'ਕਰਮੁ ਕਹਾਂ ਤੇ ਆਇਆ' ਚੌਹਾਂ ਜੁਗਾਂ ਵਿਖੇ ਕਰਮ ਕਰ ਵਸੀਕਾਰ ਰੰਚਕ ਭੀ ਨਾਹੀਂ ਸੀ, ਕਰਮ ਦੀ ਨਿਪੁੰਸਕਰਤਾ ਹੀ ਨਿਪੁੰਸਕਤਾ ਸਿਧ ਹੁੰਦੀ ਹੈ। ਤਤ ਪਰਮਾਤਮਾ ਦੀ ਸਤਿ ਕਲਾ ਤੋਂ ਅਗਿਆਤ ਕਈ ਅਗਿਆਨੀ ਮਹਾਤਮਾਵਾਂ ਨੇ ਕਰਮ ਨੂੰ ਹੀ ਪਰਮ ਤਤ ਮੰਨ ਕੇ ਉਸ ਨੂੰ ਸਰਬ ਸ੍ਰੇਸਟਤਾ ਦੇ ਦਿੱਤੀ। ਅਤੇ ਮਹਾਕਾਲ ਆਕਾਲ ਪੁਰਖ ਤੋਂ ਮੁਨਕਰ ਹੋ ਬੈਠੇ। ਤਿਨਾਂ ਵਡੇਰੂਆਂ ਦਾ ਐਸਾ ਪਹਿਰਾ ਭੀ ਆਇਆ ਹੈ ਐਸਾ ਸਮਾ ਭੀ ਹੋ ਗੁਜਰਿਆ ਹੈ ਕਿ ਉਹਨਾਂ ਦੇ ਉਪਦੇਸ਼ ਦੇ ਸਮੇ ਨਾਸਤਕਤਾ ਇਸ ਭਾਰਤ ਵਰਸ਼ ਵਿਚਿ ਛਾ ਗਈ ਸੀ। ਅਤੇ ਹੋਰ ਖੰਡਾਂ ਤੀਕ ਭੀ ਛਾਉਣ ਲਗੀ ਸੀ ਪਰ ਪਾਖੰਡ ਕਦੋਂ ਕੁ ਤਾਂਈਂ ਚਲਦਾ ਹੈ। ਪਾਖੰਡੀ ਦੁਨੀਆਂ ਪਾਖੰਡ ਕਰਮਾਂ ਧਰਮਾਂ ਪਿਛੇ ਹੀ ਬਹੁਤੀ ਧਾਉਂਦੀ ਹੈ। ਅਤੇ ਇਸ ਬਹੁਲਤਾ ਦੀ ਅਲਖ ਸਦਾ ਮਿਟਦੀ ਰਹੀ ਹੈ। ਬਹੁਤਾ ਚਿਰ ਨਹੀਂ ਰਹਿੰਦੀ। ਛੇਤੀ ਹੀ ਨਿਬੇੜਾ ਹੋ ਜਾਂਦਾ ਹੈ। ਮੁਢ ਤੋਂ ਹੀ ਭੇਡਾਚਾਰੀ ਬਹੁਲਤਾ ਖਜਲ ਖੁਆਰ ਹੁੰਦੀ ਰਹੀ ਹੈ। ਕਰਮਾਂ ਦੇ ਪਿਛੇ ਲੱਗੀ ਬਹੁਤੇ ਸਿਆਣਿਆਂ ਦੀ ਦੁਨੀਆਂ ਭੀ ਰੁੜ੍ਹ ਗਈ ਅਤੇ ਰੁੜ੍ਹਦੀ ਰਹੀ ਹੈ। ਅੰਤ ਸਿਆਣੇ ਸਭ ਤੋਂ ਬਹੁਤੇ ਸਿਆਣੇ ਸੁਸਕ ਕਰਮ ਫ਼ਿਲਾਸਫੀ ਦੀ ਧਸਣ ਵਿਚਿ ਧਸ ਕੇ ਰਹਿ ਖੜੋਤੇ। ਭਲਾ ਉਸ ਕਰਮ ਦਾ ਕੀ ਮਾਣ ? ਜਿਸਦੀ ਬੇਥੋਹੀ ਹੋਂਦ ਦਾ ਹੀ ਪਤਾ ਨਹੀਂ ਕਿ ਕਰਮ ਕਦੋਂ ਅਤੇ ਕਿਥੋਂ ਆਇਆ? ਏਹਨਾਂ ਫੋਕੀਆਂ ਪ੍ਰਸ਼ਨੋਤਰੀਆਂ ਵਿਚਿ ਪੈਣ ਨੂੰ ਕਿ ਕਰਮ ਕਹਾਂ ਤੇ ਆਇਆ? ਸ੍ਰਿਸਟੀ ਦਾ ਆਦਿ ਕਿਵੇਂ ਬਣਿਆ? ਇਹ ਲੋਕ ਮਹਾਂ ਅਕਲ ਭਰੀ ਫਿਲਾਸਫੀ ਸਮਝਦੇ ਹਨ। ਆਦਿ ਵਿਚਿ ਤਾਂ ਕਰਮਾਂ ਦਾ ਨਮੂਦ ਭੀ ਨਹੀ ਸੀ। ਜੈਸੇ ਕਿ ਇਹ ਗੁਰਵਾਕ ਦਰਸਾਉਂਦੇ ਹਨ:-

ਸਲੋਕ- "ਸਰਗੁਨ ਨਿਰਗੁਨ ਨਿਰੰਕਾਰੁ ਸੁੰਨ ਸਮਾਧੀ ਆਪਿ॥
ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥
ਅਸਟਪਦੀ- ਜਬ ਆਕਾਰੁ ਇਹੁ ਕਛ ਨ ਦ੍ਰਿਸਟੇਤਾ ॥
ਪਾਪ ਪੁੰਨ ਤਬ ਕਹ ਤੇ ਹੋਤਾ ॥ ਆਦਿ
(ਸੁਖਮਨੀ ਸਾਹਿਬ ਪੰਨਾ ੨੯੦)

ਜਦੋਂ ਨਿਰੰਕਾਰ ਵਾਹਿਗੁਰੂ ਆਪਣੇ ਸਰੂਪ ਵਿਚਿ ਨਿਰਗੁਣ ਸਰਗੁਣਤਾ ਦੀ ਅੰਸਤਾ ਸਹਿਤ ਨਿਜ ਸਮਾਧੀ ਵਿਚਿ ਹੀ ਅਸਥਿਰ ਸੀ ਅਤੇ ਸਾਕਾਰ , ਆਕਾਰ ਧਾਰ ਕੇ ਆਪਣੇ ਸਰੂਪ ਨੂੰ ਪ੍ਰਗਟਾਉਣ ਤੋਂ ਪਹਿਲਾਂ ਜਦੋਂ ਇਹ ਇਸਦਾ ਆਕਾਰ ਕੁਝ ਭੀ ਨਜ਼ਰ ਨਹੀਂ ਸੀ ਆਂਉਦਾ ਉਦੋਂ ਪਾਪ ਪੁੰਨ ਰੂਪੀ ਕਰਮ ਕਿੱਥੇ ਸਨ ਅਤੇ ਕਿਸ ਤੋਂ ਹੋ ਸਕਦੇ ਸਨ? ਜਦੋਂ ਕਰਮਾਂ ਦਾ ਕਰਨਹਾਰਾ ਹੀ ਕੋਈ ਨਹੀ ਸੀ, ਕਰਮ ਕਰਨਹਾਰੇ ਦਾ ਵਜੂਦ ਹੀ ਨਹੀਂ ਸੀ ਤਦ ਕਰਮਾਂ ਦਾ ਵਜੂਦ ਕਿਵੇਂ ਹੋ ਸਕਦਾ ਹੈ? 'ਕਹਤੇ 'ਪਾਠ ਨਹੀਂ ਕਰਨਾ 'ਕਹ ਤੇ' ਪਾਠ ਠੀਕ ਹੈ। ਇਹ ਕਰਮ ਸਭ ਤੋਂ ਪਿਛੋਂ ਹੀ ਬਣੇ ਹਨ। ਕਰਮਕਾਂਡੀਆਂ ਪੁਰਸ਼ਾਂ ਅਲਪੱਗਾਂ ਦੇ ਬਣਾਏ ਹੀ ਬਣੇ ਹਨ। ਕਰਤੇ ਪੁਰਖ ਨੇ ਨਹੀਂ ਬਣਾਏ। ਕਰਤਾ ਪੁਰਖ ਤਾਂ ਕਰਮਾਂ ਧਰਮਾਂ ਦੀ ਮਹੱਤਤਾ ਤੋਂ ਅਗੋਚਰ ਹੈ। ਕਰਮ ਕਰਨ ਹਾਰੇ ਜੀਵਾਂ ਦੇ ਕਰਮ ਕਰਤੱਤਤਾਂ


www.AKJ.Org

ਦਾ ਤੱਤ ਦਰਸੀ ਹੈ, ਨਿਆਉ ਨਿਬੇੜਨਹਾਰਾ ਹੈ। ਨਿਰੰਕਾਰੀ ਵਾਹਿਗੁਰੂ ਦੀ ਦਰਗਾਹ ਤੋਂ ਧੁਰੋਂ ਨਿਰੰਕਾਰੀ ਨਾਮ ਹੀ ਆਇਆ ਹੈ। ਕਰਮ ਖਬਰੇ ਕਿਥੋਂ ਆਇਆ ਹੈ। ਕਰਤਾਰ ਦੇ ਕਿਰਤਮ ਜੀਵਾਂ ਦਾ ਬਣਾਇਆ ਹੋਇਆ ਕਰਮ ਜੀਵਾਂ ਦੇ ਇਸ ਜੀਵਨ ਵਿਚ ਕਿਧਰੋਂ ਆ ਘੁਸੜਿਆ ਹੈ।

ਆਪ ਹੁਦਰੇ ਕਰਮ ਜੀਵ ਆਪਿ ਕਰਨ ਲੱਗ ਪਏ ਇਨ੍ਹਾਂ ਕੀਤੇ ਕੰਮਾ ਦੀ ਕਰਤਾਰ ਵਲੋਂ ਯਥਾ ਯੋਗ ਸੋਧਨਾ ਜੇ ਨਾ ਹੋਵੇ ਤਦ ਸਰਿਸ਼ਟੀ ਰਚਨਾ ਵਿਚਿ ਬੇਨਿਯਮੀ ਅਤੇ ਆਪੋ ਧਾਪੀ ਫੈਲ ਜਾਵੇ। ਕਰਮ ਦੀ ਆਪੋ ਮਹੱਤਤਾ ਰਾਈ ਮਾਤਰ ਵੀ ਨਹੀਂ ਜਿਹੜੀ ਕਿ ਆਨਮਤੀਆਂ ਨੇ ਆਪਣੀ ਅਹੰਮਤਿ ਕਰਿ ਕੇ ਦੇ ਛੱਡੀ ਹੈ ਤੇ ਐਵੇਂ ਸਹੇੜ ਚਮੇੜ ਛਡੀ ਹੈ। ਤਾਂਤੇ ਹੁਣ ਅਗਲੇ ਕਾਂਡ ਵਿਚਿ ਆਨਮਤ ਕਰਮਾਂ ਨੂੰ ਗੁਰਮਤਿ ਅਨੁਸਾਰ ਨਿਰਣਾਇਆ ਜਾਣਾ ਹੈ। ਅਸਲ ਵਿਚ ਕਰਮ ਦੀ ਪ੍ਰਧਾਨਤਾ ਆਨਮਤਾਂ ਨੇ ਹੀ ਮੰਨੀ ਹੈ। ਗੁਰਮਤਿ ਅੰਦਰਿ ਨਾਮ ਤੋਂ ਬਿਨਾਂ ਹੋਰ ਕੋਈ ਕਰਮ ਭੀ ਪ੍ਰਧਾਨਤਾ ਯੋਗ ਨਹੀਂ। ਆਨਮਤ ਕਰਮਾਂ ਦੀ ਨਿਖੇਧੀ ਗੁਰਮਤਿ ਅੰਦਰਿ ਗੁਰਬਾਣੀ ਅੰਦਰਿ ਏਸੇ ਕਰ ਕੇ ਬਹੁਤੀ ਕੀਤੀ ਗਈ ਹੈ ਕਿ ਕਿਤੇ ਗੁਰਮਤਿ ਸੰਗ੍ਰਹੀ ਗੁਰਸਿੱਖਾਂ ਨੂੰ ਭੀ ਆਨਮਤੀਆਂ ਦੀ ਦੇਖਾ ਦੇਖੀ ਕਰਮਾਂ ਦੀ ਲਾਗ ਨਾ ਲਗ ਜਾਵੇ। ਗੁਰਮਤਿ ਕਰਮਾਂ ਦੀ ਫਿਲਾਸਫੀ ਹੀ ਨਿਆਰੀ ਹੈ। ਨਿਆਰੋ ਨਿਆਰਾ ਹੀ ਨਿਰਣਾ ਦੇਖਣ ਵਿਚਿ ਆਇਆ ਹੈ ਕਿ ਬੜੇ ਬੜੇ ਸਿਆਣੇ ਗੁਰਸਿਖ ਭੀ ਏਸ ਵਿਚਿ ਆਨਮਤਿ ਕਰਮਾਂ ਦੀ ਵਿਸ਼ੇਸ਼ਤਾ ਮੰਨਦੇ ਰਹੇ ਹਨ। ਸੋ ਗੁਰਮਤਿ ਅਨੁਸਾਰ ਏਹਨਾ ਨੂੰ ਪ੍ਰਬੋਧਨ ਲਈ ਅਤਿ ਜ਼ਰੂਰੀ ਹੋਇਆ ਕਿ ਆਨਮਤ ਕਰਮ ਦੀ ਹੀ ਪਹਿਲਾ ਸੋਧਨਾ ਕੀਤੀ ਜਾਵੇ ਅਤੇ ਐਨ ਗੁਰਬਾਣੀ ਦੀ ਰੌਸ਼ਨੀ ਵਿੱਚਿ ਹੀ ਕੀਤੀ ਜਾਵੇ ।

———— (ਚਲਦਾ)

(ਪੰਨਾ ੩੧ ਦਾ ਬਾਕੀ...)

ਸੁਕਾਉਣ ਲਈ ਕਿਲੇ ਤੇ ਲਟਕਾਇਆ ਹੋਇਆ ਸੀ। ਉਹ ਸਜਨ ਇਸ ਖ਼ਾਸ ਕਿਸਮ ਦੀ ਸਿਲਾਈ ਵਾਲੇ ਅੰਡਰ ਵੀਅਰ ਨੂੰ ਵੇਖ ਕੇ ਕੁਝ ਹੈਰਾਨ ਜਿਹਾ ਸੀ। ਅਖੀਰ ਉਸ ਨੇ ਅੰਗਰੇਜ਼ੀ ਵਿਚ ਗਲਬਾਤ ਛੇੜਦਿਆਂ ਹੋਇਆ ਉਸ ਕੱਛੇ ਦੀ ਖਾਸ ਵਿਉਂਤ ਵਾਲੀ ਸਲਾਈ ਸਬੰਧੀ ਪੁਛ ਕੀਤੀ ਕਿ ਇਸ ਦਾ ਕੀ ਲਾਭ ਹੈ ? ਦਾਸ ਨੇ ਉਸ ਨੂੰ ਕਿਹਾ ਕਿ ਇਸ ਦਾ ਉਤਰ ਅਮਲੀ ਪ੍ਰਦਰਸ਼ਨ ਤੋਂ ਹੀ ਚੰਗਾ ਮਿਲ ਸਕਦਾ ਹੈ ਸੋ ਜੇ ਉਹ ਮੁਨਾਸਬ ਸਮਝਦੇ ਤਾਂ ਮੈ ਪਜਾਮਾ ਲਾਹ ਕੇ ਪਾਏ ਹੋਏ ਇਸੇ ਢੰਗ ਦੇ ਕਛੇ ਦੇ ਗੁਣ ਦਰਸਾ ਦਿਆ ? ਉਹ ਮੁਸਕਰਾ ਕੇ ਕਹਿਣ ਲਗਾ ਕਿ ਹਾਂ ਕੋਈ ਹਰਜ਼ ਨਹੀਂ, ਇਥੇ ਕਿਹੜਾ ਕੋਈ ਜ਼ਨਾਨੀਆਂ ਬੈਠੀਆਂ ਹਨ। ਤਾਂ ਮੈਂ ਉਤਰ ਵਿਚ ਕਿਹਾ ਕਿ ਇਹੋ ਇਕ ਖੂਬੀ ਇਸ ਕਿਸਮ ਦੇ ਕਛਹਿਰੇ ਵਿਚ ਹੈ ਕਿ ਜੇ ਕਰ ਜ਼ਨਾਨੀਆਂ ਵੀ ਬੈਠੀਆਂ ਹੋਣ ਤਾਂ ਵੀ ਇਸ ਕਛਹਿਰੇ ਨਾਲ ਤੁਹਾਨੂੰ ਕੋਈ ਸੰਕੋਚ ਨਹੀਂ ਹੋ ਸਕਦਾ। ਕਿਉਂਕਿ ਧੋਤੀ ਤੇ ਨਿਕਰ ਨੁਮਾ ਕਛੇ ਨਾਲੋਂ ਕਿਤੇ ਵਧ ਇਸ ਨਾਲ ਪਰਦਾ ਕਾਇਮ ਰਹਿੰਦਾ ਹੈ। ਉਸ ਨੇ ਜਦ ਤੋੜ ਪਾਏ ਹੋਏ ਕਛੇ ਨੂੰ ਵੇਖਿਆ ਤੇ ਜਦ ਉਸ ਨੂੰ ਇਹ ਦਰਸਾਇਆ ਗਿਆ ਕਿ ਕਿਸੇ ਵਿੰਗੇ ਟੇਢੇ ਢੰਗ ਨਾਲ ਮਨੁਖ ਪਿਆ ਹੋਵੇ, ਇਸ ਨਾਲ ਉਸ ਦਾ ਨੰਗੇਜ ਨਹੀਂ ਹੁੰਦਾ ਤਾਂ ਉਸ ਨੇ ਬਹੁਤ ਹੀ ਪਰਸੰਸਾ ਕੀਤੀ। ਉਸ ਕਿਹਾ ਕਿ ਉਹ ਵੀ ਕਛਾ ਤਾਂ ਪਾਉਂਦਾ ਹੈ ਪਰ ਉਸਦੇ ਉਤੇ ਧੋਤੀ ਬੰਨਣੀ ਅਤਿ ਜ਼ਰੂਰੀ ਹੈ।

ਪਾਕਿਸਤਾਨੀ ਘਲੂਘਾਰੇ ਸਮੇਂ ਜਦੋਂ ਹਿੰਦੂ ਸਿਖ ਇਸਤਰੀਆਂ ਨੇ ਆਪਣੀ ਇਜ਼ਤ ਬਚਾਉਣ ਦੀ ਖਾਤਰ ਦਰਿਆਵਾਂ ਖੂਹਾਂ ਵਿਚ ਛਾਲਾਂ ਮਾਰੀਆਂ ਤੇ ਉਨਾਂ ਦੀਆਂ ਲਾਸ਼ਾ ਬਾਹਰ ਕਢੀਆਂ ਗਈਆਂ ਤਾਂ ਉਥੋਂ ਦੇ ਮੁਸਲਮਾਨ ਅਫਸਰਾਂ ਨੂੰ ਵੀ (ਜੋ ਕਿ ਲਾਸ਼ਾਂ ਦੀ ਪੜਤਾਲ ਕਰਕੇ ਉਨ੍ਹਾਂ ਨੂੰ ਬਿਲੇ ਲਾਉਣ ਦੀ ਡਿਊਟੀ ਤੇ ਸਨ) ਇਹ ਕਹਿੰਦੇ ਸੁਣਿਆ ਸੀ, 'ਧੰਨ ਹਨ ਸਿਖ ਇਸਤਰੀਆਂ, ਜਿਨਾਂ ਮਰਕੇ ਵੀ ਆਪਣਾ ਪਰਦਾ ਕਾਇਮ ਰਖਿਆ ਹੈ।' ਉਪਰਲੇ ਵਸਤਰ ਤਾਂ ਪਾਣੀ ਦੇ ਜ਼ੋਰ ਜਾਂ ਹੋਰ ਢੰਗ ਨਾਲ ਭਾਵੇਂ ਫਟ ਗਏ ਪਰ ਸਿੰਘਣੀਆਂ ਦੇ ਗੁਰਮੁਖੀ ਕਛਹਿਰੇ ਮੌਤ ਤੋਂ ਉਪਰੰਤ ਉਨ੍ਹਾਂ ਦੀ ਇਜ਼ਤ ਤੇ ਪਰਦੇ ਦੇ ਰਾਖੇ ਰਹੇ। ਇਸ ਸਬੰਧੀ ਹੋਰ ਕਿਹਾ ਜਾ ਸਕਦਾ ਹੈ।

ਇਸੇ ਤਰਾਂ ਹੋਰ ਵੀ ਕਈ ਗੁਰਮਤਿ ਹੁਕਮ ਐਸੇ ਹਨ ਜਿਨਾਂ ਦੀ ਮਹਾਨਤਾ ਉਪਰਲੀ ਦ੍ਰਿਸ਼ਟੀ ਨਾਲ ਸਾਡੇ ਤੇ ਪ੍ਰਗਟ ਨਾ ਹੋਣ ਕਰਕੇ ਅਸੀਂ ਉਹਨਾਂ ਨੂੰ 'ਨਿਕੀਆਂ ਨਿਕੀਆਂ ਗੱਲਾਂ ਵਿਚ ਕੀ ਪਿਆ ਹੈ ? ਕਹਿ ਕੇ ਲਾਭੇ ਕਰ ਛਡਦੇ ਹਾਂ ਪਰ ਅਸਲ ਵਿਚ ਇਹਨਾਂ ਨਿਕੀਆਂ ਨਿਕੀਆਂ ਗਲਾਂ ਨੇ ਹੀ ਸਾਡੇ ਜੀਵਨ ਨੂੰ ਗੁਰਮਤਿ ਸਾਂਚੇ ਵਿਚ ਢਾਲ ਕੇ ਵਡੇ ਕਾਰਜਾਂ ਦੇ ਜੋਗ ਬਨਾਉਣਾ ਹੈ। ਅਸੀਂ ਅਲਪੱਗ ਜੀਵ ਸਰਬੱਗ ਸਤਿਗੁਰਾਂ ਦੇ ਸਰਬ ਹੁਕਮਾਂ ਨੂੰ ਘੋਖਣ ਤੇ ਪੜਚੋਲਣ ਦੇ ਸਮਰਥ ਨਹੀਂ ਹਾਂ। ਇਸ ਲਈ ਸਕੂਲ ਵਿਚ ਨਵੇਂ ਦਾਖ਼ਲ ਹੋਏ ਬਚੇ ਦੀ ਤਰਾਂ ਸਤਿਗੁਰੂ ਜੀ ਵਿਚ ਪੂਰਾ ਵਿਸ਼ਵਾਸ਼ ਰਖਕੇ ਉਹਨਾਂ ਦੇ ਹਰ ਹੁਕਮ ਨੂੰ ਪਾਲਣ ਦਾ ਯਤਨ ਕਰਨਾ ਹੀ ਗੁਰਸਿਖੀ ਦਾ ਕਰਤਵਯ ਹੈ।

■ ■ ■ ■ ■



www.AKJ.Org

# ਨਿਸ਼ਕਾਮ ਸਿੱਖ ਵੈਲਫੇਅਰ ਕੌਂਸਲ (ਰਜਿ:)

B-Block Tilak Vihar New Delhi-Tel.5412601, 5101848

ਸਤਿਕਾਰ ਯੋਗ ਵੀਰ ਜੀਓ/ ਭੈਣ ਜੀਓ,

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।

ਇਸ ਇਸ਼ਤਿਹਾਰ ਰਾਹੀ ਆਪ ਜੀ ਦਾ ਧਿਆਨ ਹੇਠ ਲਿਖੇ ਮੈਡੀਕਲ ਕੇਸਾਂ ਵਲ ਦਿਲਾਣਾ ਚਾਹੁੰਦੇ ਹਾਂ ਜੀ :-

1) ੨੮ ਸਾਲਾਂ ਦੇ ਹਰਪਾਲ ਸਿੰਘ ( ਜੋ ਕਿ ਇਕ ਵਿਧਵਾ ਦਾ ਲੜਕਾ ਹੈ ਤੇ ਦੋ ਛੋਟੀਆਂ ਜਿਹੀਆਂ ਬੱਚੀਆਂ ਦਾ ਪਿਤਾ ਹੈ) ਜਿਸਦੇ ਦੋਨੋਂ ਗੁਰਦੇ ਖਰਾਬ ਹੋਣ ਕਰਕੇ ਗੁਰਦਾ ਬਦਲਣਾ ਇਕ ਦਮ ਜ਼ਰੂਰੀ ਹੈ।

੨) ੨੦ ਸਾਲਾਂ ਦੀ ਰਵਿੰਦਰ ਕੌਰ ( ਜੋ ਕਿ ਨਵੰਬਰ 1984 ਵਿਚ ਹੋਈ ਵਿਧਵਾ ਭੈਣ ਦੀ ਬੱਚੀ ਹੈ) ਦੇ ਦਿਲ ਦੇ ਬੰਦ ਵਾਲਵ ਨੂੰ ਖੋਲਣ ਲਈ ਆਪ੍ਰੇਸ਼ਨ ਜ਼ਰੂਰੀ ਹੈ।

ਦੋਨਾ ਕੇਸਾਂ ਦਾ ਵੇਰਵਾ ਹੇਠਾਂ ਦਿੱਤਾ ਜਾ ਰਿਹਾ ਹੈ ਜੀ। ਆਪ ਸਭ ਨੂੰ ਸਨਿਮਰ ਬੇਨਤੀ ਹੈ ਕਿ ਹਰਪਾਲ ਸਿੰਘ ਤੇ ਰਵਿੰਦਰ ਕੌਰ ਦੀ ਜਾਨ ਬਚਾਣ ਲਈ ਆਪਣੇ ਦਸਵੰਧ ਵਿਚੋਂ, ਧਰਮ ਕਾਰਜਾਂ ਲਈ ਕਢੀ ਮਾਇਆ ਵਿਚੋਂ ਵੱਧ ਵੱਧ ਤੋਂ ਸਹਾਇਤਾ ਆਪ ਤਾਂ ਭੇਜੋ ਹੀ, ਪਰ ਆਪਣੇ ਮਿਤਰਾਂ ਤੇ ਸੰਬੰਧੀਆਂ ਨੂੰ ਵੀ ਬੇਨਤੀ ਕਰੋ ਜੀ। ਸਹਾਇਤਾ ਚੈਕ/ਡਰਾਫਟ ਰਾਹੀਂ ਨਿਸ਼ਕਾਮ ਸਿੱਖ ਵੈਲਫੇਅਰ ਕੌਂਸਲ (ਰਜਿ:) ਮੈਡੀਕਲ A/C ਦੇ ਨਾਂ ਤੇ B-Block Tilak Vihar New Delhi-110018 ਦੇ ਪਤੇ ਤੇ ਭੇਜ ਕੇ ਕ੍ਰਿਤਾਰਥ ਕਰੋ ਜੀ।

ਹਰਪਾਲ ਸਿੰਘ ਦੇ ਕੇਸ ਦਾ ਵੇਰਵਾ :-

ਸ੍ਰ: ਹਰਪਾਲ ਸਿੰਘ ਬਿਜਨੌਰ (ਯੂ ਪੀ) ਦਾ ਰਹਿਣ ਵਾਲਾ ਹੈ ਤੇ ਮਨੀ ਮਾਜਰਾ ਵਿਚ ਕਿਰਾਏ ਦੇ ਮਕਾਨ ਵਿਚ ਰਹਿ ਕੇ ਚੂਰਨ ਆਦਿ ਵੇਚ ਕੇ ਗੁਜ਼ਾਰਾ ਚਲਾ ਰਿਹਾ ਸੀ, ਪਰ ਅਚਾਨਕ ਹੀ ਪਤਾ ਲਗਾ ਕਿ ਉਸਦੇ ਦੋਨੋਂ ਗੁਰਦੇ ਖਰਾਬ ਹੋ ਚੁਕੇ ਹਨ ਤੇ ਗੁਰਦਾ ਬਦਲਣ ਦੀ ਲੋੜ ਹੈ। ਪੀ. ਜੀ. ਆਈ ਚੰਡੀਗੜ੍ਹ ਅਨੁਸਾਰ ਆਪ੍ਰੇਸ਼ਨ ਅਤੇ ਬਾਅਦ ਦੀਆ ਜ਼ਰੂਰੀ ਦਵਾਈਆਂ ਲਈ ਲਗਭਗ 1.50 ਲੱਖ ਰੁਪਏ ਦੀ ਲੋੜ ਹੈ ਤੇ ਹਰਪਾਲ ਸਿੰਘ ਇਹ ਪੈਸਾ ਕਿਸੀ ਤਰਾਂ ਵੀ ਪੂਰਾ ਨਹੀ ਕਰ ਸਕਦਾ

ਹਰਪਾਲ ਸਿੰਘ ਨੂੰ ਗੁਰਦਾ ਉਸਦੀ ਨੌਜਵਾਨ ਪਤਨੀ ਅਮਰਜੀਤ ਕੌਰ ਦੇ ਰਹੀ ਹੈ। ਪੀ. ਜੀ. ਆਈ ਨੇ ਮੈਚਿੰਗ ਕਰ ਲਈ ਹੈ, ਪਰ ਆਪ੍ਰੇਸ਼ਨ ਤੇ ਦਵਾਈਆਂ ਲਈ 1.50 ਲੱਖ ਰੁਪਏ ਦੀ ਇਕਦਮ ਲੋੜ ਹੈ। ਪੀ. ਜੀ. ਆਈ ਦੇ ਡਾਕਟਰ ਸਾਹਿਬਾਨਾਂ ਮੁਤਾਬਕ ਆਪ੍ਰੇਸ਼ਨ ਵਿਚ ਢਿਲ ਨਾਲ ਖਰਚਾ ਤੇ ਜੀਵਨ ਨੂੰ ਖਤਰਾ ਦੋਨੋਂ ਵਧ ਜਾਣਗੇ।

ਰਵਿੰਦਰ ਕੌਰ ਦੇ ਕੇਸ ਦਾ ਵੇਰਵਾ

੨੦ ਸਾਲਾ ਦੀ ਰਵਿੰਦਰ ਕੌਰ ਜੋ ਕਿ ਨਵੰਬਰ 1984 ਵਿਚ ਹੋਈ ਵਿਧਵਾ ਭੈਣ ਜਗਦੀਸ਼ ਕੌਰ ਦੀ ਬੱਚੀ ਹੈ ਹਿਰਦੇ ਰੋਗ ਨਾਲ ਪੀੜਤ ਹੈ ਤੇ ਉਸਦਾ ਆਪ੍ਰੇਸ਼ਨ ਆਲ ਇੰਡੀਆ ਇੰਸਟੀਚੂਟ, ਨਵੀਂ ਦਿੱਲੀ ਵਿਚ ਹੋਣਾ ਹੈ। ਇਸ ਲਈ 91500/- ਰੁਪਏ ਹਸਪਤਾਲ ਵਿਚ ਜਮਾਂ ਕਰਣੇ ਜ਼ਰੂਰੀ ਹਨ ਤੇ ਦਵਾਈਆਂ ਵਗੈਰਾ ਦੇ ਖਰਚੇ ਨੂੰ ਮਿਲਾ ਕੇ ਲਗਭਕਗ 1.50 ਲੱਖ ਰੁਪਏ ਦੇ ਖਰਚੇ ਦਾ ਅੰਦਾਜ਼ਾ ਹੈ ਬੱਚੀ ਦਾ ਜੀਵਨ ਬਚਾਣ ਲਈ ਆਪ੍ਰੇਸ਼ਨ ਦਾ ਜਲਦੀ ਹੋਣਾ ਬਹੁਤ ਜ਼ਰੂਰੀ ਹੈ। ਬੱਚੀ ਨੇ ਆਪ੍ਰੇਸ਼ਨ ਲਈ 16 ਮਾਰਚ 1998 ਨੂੰ ਹਸਪਤਾਲ ਵਿਚ ਦਾਖਲ ਹੋਣਾ ਸੀ, ਪਰ ਪੈਸਾ ਨਾ ਹੋਣ ਕਰਕੇ ਇਹ ਸੰਭਵ ਨਹੀਂ ਹੋ ਸਕਿਆ। (ਇਹ ਆਪ੍ਰੇਸ਼ਨ ਨਿਸ਼ਕਾਮ ਅਤੇ ਹੋਰ ਸੰਸਥਾਵਾਂ ਦੀ ਮਦਦ ਨਾਲ 1.5.98 ਨੂੰ ਹੋ ਚੁੱਕਾ ਹੈ। ਹੁਣ ਬੀਬੀ ਜਗਦੀਸ਼ ਕੌਰ ਦੇ ਸਿਰ ਇਸ ਆਪ੍ਰੇਸ਼ਨ ਕਰਕੇ ਚੜ੍ਹੇ ਕਰਜ਼ੇ ਹੋਰ ਇਲਾਜ ਵਾਸਤੇ ਰੁ. 60000 ਦੀ ਮਦਦ ਲੋੜ ਹੈ।) ਸਮੂਹ ਸੰਗਤਾ ਦੇ ਸਹਿਯੋਗ ਨਾਲ ਇਹ ਕੰਮ ਨੇਪਰੇ ਚੜ੍ਹ ਸਕਦੇ ਹਨ।

## ਸੂਰਾ ਪੱਤਰ ਨੂੰ ਪੁੱਜੀ ਸਹਾਇਤਾ

| | | | |
|---|---|---|---|
| ਸ: ਅਰਜਨ ਸਿੰਘ- | ੧੦੧/- | ਗੁਪਤ- | ੧੦੦/- |
| ਸੂਰਾ ਸਟਾਫ- | ੪੫੦/- | ਸ: ਪ੍ਰੇਮ ਸਿੰਘ- | ੬੦/- |
| ਗੁਪਤ- | ੫੦/- | ਬਲਜਿੰਦਰ ਸਿੰਘ- | ੧੦੦/- |

## ਫਰੀ ਲਿਟਰੇਚਰ ਫੰਡ ਲਈ ਪੁੱਜੀ ਸਹਾਇਤਾ

| | | | |
|---|---|---|---|
| ਸ੍ਰ: ਕੰਵਲ ਦੀਪ ਸਿੰਘ | ੧੦੦/- | ਸ: ਬੇਅੰਤ ਸਿੰਘ- | ੧੦੦/- |
| ਗੁਪਤ | ੫੦/- | ਗੁਪਤ- | ੧੦੨/- |
| ਗੁਪਤ | ੫੦/- | ਸ: ਮਨਧੀਰ ਸਿੰਘ- | ੫੦/- |
| ਗੁਪਤ | ੧੦੦/- | ਗੁਪਤ- | ੫੦੦/- |
| | | ਸ: ਹਰਦੇਵ ਸਿੰਘ | ੫੦੦/- |

www.AKJ.Org

## ਪਠਾਨਕੋਟ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਗੁ: ਸਿੰਘ ਸਭਾ ਪਠਾਨਕੋਟ ਵਿਖੇ 4 ਤੋਂ 6 ਜੂਨ ਸ੍ਰੀ ਅਖੰਡ ਪਾਠ ਸਾਹਿਬ। 6 ਜੂਨ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕੀਰਤਨ ਦੁਪਹਿਰ ਤੱਕ। ਸ਼ਾਮ ਨੂੰ ਸੋਦਰ ਉਪਰੰਤ ਆਰੰਭ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ। 7 ਜੂਨ ਸਵੇਰੇ ਭੋਗ ਰੈਣਿ ਸਬਾਈ ਕੀਰਤਨ ਸਵੇਰੇ 6 ਵਜੇ ਉਪਰੰਤ ਡਲਹੌਜ਼ੀ ਦੀ ਸੈਰ ਲਈ ਰਵਾਨਗੀ।

ਨੋਟ :-ਸਮਾਗਮ ਅਸਥਾਨ ਚੱਕੀ ਬੈਂਕ ਰੇਲਵੇ ਸਟੇਸ਼ਨ ਦੇ ਬਿਲਕੁਲ ਨਜ਼ਦੀਕ ਹੈ ਜੀ ।

## ਫਗਵਾੜਾ ਵਿਖੇ ਸਾਲਾਨਾ ਰੈਣਿ ਸਬਾਈ ਕੀਰਤਨ ਸਮਾਗਮ

ਗੁ: ਹਰਿਗੋਬਿੰਦ ਸਾਹਿਬ ਜੀ ਦਾ ਪਾਵਨ ਪ੍ਰਕਾਸ਼ ਪੁਰਬ ਤੇ ਇਤਿਹਾਸਕ ਸਥਾਨ ਗੁ: ਛੇਵੀ ਪਾਤਸ਼ਾਹੀ ਚੌੜਾ ਖੂਹ ਫਗਵਾੜਾ ਵਿਖੇ 13 ਜੂਨ ਰਾਤ ਨੂੰ ਕੀਰਤਨ ਅਖਾੜੇ ਸਜਣਗੇ।

ਮਾਸਿਕ ਰੈਣਿ ਸਬਾਈ ਕੀਰਤਨ ਗੁ: ਸੰਤਪੁਰਾ ਪਟਿਆਲਾ ਗੇਟ ਸੰਗਰੂਰ ਵਿਖੇ 20 ਜੂਨ ਰਾਤ ਨੂੰ ।

## ਦਿੱਲੀ ਵਿਖੇ ਅਖੰਡ ਕੀਰਤਨ ਸਮਾਗਮ

ਸ੍ਰ: ਗੁਰਚਰਨ ਸਿੰਘ ਜੀ ਦੀ ਯਾਦ ਵਿਚ ਉਨ੍ਹਾਂ ਦੇ ਪਰਿਵਾਰ ਵੱਲੋਂ ਗੁ: ਸਿੰਘ ਸਭਾ BE-Block ਹਰੀ ਨਗਰ ਗਲੀ ਨੰ: 3 ਨਵੀਂ ਦਿੱਲੀ ਵਿਖੇ 21 ਜੂਨ ਸਵੇਰ ਤੋਂ ਦੁਪਹਿਰ ਤੱਕ ਕੀਰਤਨ ਅਖਾੜੇ ਸਜਣਗੇ।

## ਲੁਧਿਆਣਾ ਵਿਖੇ ਰੈਣਿ ਸਬਾਈ ਕੀਰਤਨ ਸਮਾਗਮ

ਅਖੰਡ ਕੀਰਤਨੀ ਜੱਥਾ ਲੁਧਿਆਣਾ ਵੱਲੋਂ ਗੁ: ਦਸਮੇਸ਼ ਨਗਰ ਗਲੀ ਨੰ: 7 ਗਿਲ ਰੋਡ ਨੇੜੇ ਕੈਮਪਾ ਕੋਲਾ ਚੌਂਕ ਲੁਧਿਆਣਾ ਵਿਖੇ 27 ਜੂਨ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ। ਆਇ ਦੀਦਾਰ ਬਖਸ਼ੋ ਜੀ।

## ਪਿੰਡ ਸਰਸਪੁਰ (ਨੇੜੇ ਧਾਰੀਵਾਲ) ਵਿਖੇ ਰੈਣਿ ਸਬਾਈ ਕੀਰਤਨ

ਪਿੰਡ ਸਰਸਪੁਰ ਵਿਖੇ 25 ਤੋਂ 27 ਜੂਨ ਸ੍ਰੀ ਅਖੰਡ ਪਾਠ ਸਾਹਿਬ ਤੇ 27 ਜੂਨ ਰਾਤ ਨੂੰ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਸਮਾਗਮ ਹੋਣਗੇ। ਧਾਰੀਵਾਲ ਬੱਸ ਅੱਡੇ ਤੋਂ ਸ਼ਾਮ ਨੂੰ ਬੱਸ ਸਰਸਪੁਰ ਨੂੰ ਜਾਵੇਗੀ।

## ਕੁਮਾਰਹੱਟੀ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਨਮ ਦਿਨ ਤੇ ਗੁ: ਤਪੋਬਨ ਕੁਮਾਰਹੱਟੀ ਜ਼ਿਲਾ ਸੋਲਨ ਵਿਖੇ 27 ਜੂਨ ਸਵੇਰੇ ਅੰਮ੍ਰਿਤ ਵੇਲੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਦੁਪਹਿਰ ਤੱਕ ਅਖੰਡ ਕੀਰਤਨ। ਰਾਤ ਨੂੰ ਸੋਦਰ ਉਪਰੰਤ ਰੈਣਿ ਸਬਾਈ ਕੀਰਤਨ।

ਨੋਟ:-1.ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਗੁ: ਤਪੋਬਨ ਵਿਖੇ ਹੀ ਹੋਵੇਗਾ। ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ।
2. ਗੁ: ਤਪੋਬਨ ਕੁਮਾਰਹੱਟੀ ਜ਼ਿਲਾ ਸੋਲਨ ਧਰਮਪੁਰ ਤੋਂ 4 ਕਿਲੋਮੀਟਰ ਅੱਗੇ ਚੰਡੀਗੜ੍ਹ ਸ਼ਿਮਲਾ ਰੋਡ ਤੇ ਸਥਿਤ ਹੈ।

## ਨਾਰੰਗਵਾਲ (ਲੁਧਿਆਣਾ) ਵਿਖੇ ਕੇਂਦਰੀ ਸਾਲਾਨਾ ਅਖੰਡ ਕੀਰਤਨ ਸਮਾਗਮ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਨਮ ਦਿਵਸ ਤੇ ਉਨ੍ਹਾਂ ਦੇ ਨਗਰ ਪਿੰਡ ਨਾਰਰੰਗਵਾਲ ਵਿਖੇ ਹਰ ਸਾਲ ਦੀ ਤਰ੍ਹਾਂ ਹੇਠ ਲਿਖੇ ਅਖੰਡ ਕੀਰਤਨ ਸਮਾਗਮ ਕੀਤੇ ਜਾ ਰਹੇ ਹਨ। ਆਏ ਦੀਦਾਰ ਬਖਸ਼ੋਂ ਜੀ ।

ਸ਼ੁਕਰਵਾਰ 3 ਜੁਲਾਈ 1998 ਸਵੇਰੇ 4 ਤੋਂ 7 ਕੀਰਤਨ ਸ੍ਰੀ ਆਸਾ ਦੀ ਵਾਰ ਉਪਰੰਤ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਗੁ: ਸਾਹਿਬ ਹਵੇਲੀ ਵਿਖੇ। ਸ਼ਾਮ 7 ਤੋਂ 9 ਅਖੰਡ ਕੀਰਤਨ ਗੁ: ਅਕਾਲੀ ਵਾਲਾ ਵਿਖੇ। ਸ਼ਨੀਵਾਰ 4 ਜੁਲਾਈ 1998 ਸਵੇਰੇ 5 ਤੋਂ 11 ਤੱਕ ਅਖੰਡ ਕੀਰਤਨ ਗੁ: ਅਕਾਲੀ ਵਾਲਾ ਵਿਖੇ । ਸ਼ਾਮ ਨੂੰ 7 ਤੋਂ 9 ਤੱਕ ਅਖੰਡ ਕੀਰਤਨ ਢਾਬ ਵਿਖੇ।

ਐਤਵਾਰ 5 ਜੁਲਾਈ 1998 ਸਵੇਰੇ 6 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਅਖੰਡ ਕੀਰਤਨ ਦੁਪਹਿਰ ਤਕ ਗੁ: ਸਾਹਿਬ ਹਵੇਲੀ ਵਿਖੇ। ਸ਼ਾਮ 7 ਵਜੇ ਸੋਦਰ ਉਪਰੰਤ ਆਰੰਭ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ ਗੁ: ਅਕਾਲੀ ਵਾਲਾ ਵਿਖੇ। ਸੋਮਵਾਰ 6 ਜੁਲਾਈ ਭੋਗ ਰੈਣਿ ਸਬਾਈ ਕੀਰਤਨ ਸਵੇਰੇ 5 ਵਜੇ।

ਨੋਟ:- ਸਾਰੇ ਸਮਾਗਮਾਂ ਵਾਸਤੇ ਸੰਗਤਾਂ ਨੂੰ ਲਿਜਾਣ ਅਤੇ ਲਿਆਉਣ ਦਾ ਪ੍ਰਬੰਧ ਗੁ: ਸਿੰਘ ਸਭਾ ਮਾਡਲ ਟਾਊਨ ਵਿਖੇ ਹੋਵੇਗਾ।

ਦਾਸਰੇ:- ਅਖੰਡ ਕੀਰਤਨੀ ਜੱਥਾ ਤੇ ਇਲਾਕਾ ਨਿਵਾਸੀ ਸੰਗਤ ਨਾਰੰਗਵਾਲ।



www.AKJ.Org